ਪਾਠ 1 ਭਾਸ਼ਾ ਤੇ ਭਾਸ਼ਾ ਧੁਨੀਆਂ

ਪਾਠ ਦੀ ਰੂਪ-ਰੇਖਾ

1.0 ਮਨੋਰਥ
1.1 ਭੂਮਿਕਾ
1.2 ਭਾਸ਼ਾ ਦੀ ਮਹੱਤਤਾ
  1.2.1 ਭਾਸ਼ਾ ਕੀ ਹੈ?
  1.2.2 ਭਾਸ਼ਾ ਦੇ ਕੁਝ ਹੋਰ ਲੱਛਣ
1.3 ਪੰਜਾਬੀ ਭਾਸ਼ਾ ਤੇ ਇਸ ਦਾ ਰੂਪ
1.4 ਪੰਜਾਬੀ ਧੁਨੀਆਂ ਤੇ ਉਨ੍ਹਾਂ ਦੀ ਵੰਡ
  1.4.1 ਧੁਨੀ ਕੀ ਹੈ?
  1.4.2 ਧੁਨੀਆਂ ਦੀ ਵੰਡ
  1.4.3 ਪੰਜਾਬੀ ਦੀਆਂ ਧੁਨੀਆ
  1.4.4 ਪੰਜਾਬੀ ਸੁਰਾਂ ਦੀ ਵੰਡ
  1.4.5 ਪੰਜਾਬੀ ਸੁਰਾਂ ਦੀ ਵਰਤੋਂ
  1.4.6 ਪੰਜਾਬੀ ਵਿਅੰਜਨਾਂ ਦੀ ਵੰਡ
  1.4.7 ਪੰਜਾਬੀ ਦੇ ਅੱਧ ਸੁਰ
  1.4.8 ਵਿਅੰਜਨਾਂ ਦੀ ਸ਼੍ਰੇਣੀ-ਵੰਡ ਦੇ ਦੋ ਹੋਰ ਆਧਾਰ
1.5 ਪੰਜਾਬੀ ਉਚਾਰਨ
1.6 ਸਾਰ
1.7 ਸਹਾਇਕ ਪੁਸਤਕਾਂ
1.8 ਅਭਿਆਸਾਂ ਦੇ ਉੱਤਰ

1.0 ਮਨੋਰਥ

ਇਹ ਪਾਠ ਇਸ ਮੰਤਵ ਨਾਲ ਤਿਆਰ ਕੀਤਾ ਗਿਆ ਹੈ ਕਿ ਇਸ ਨੂੰ ਪੜ੍ਹ ਕੇ ਤੁਹਾਨੂੰ ਚੰਗੀ ਤਰ੍ਹਾਂ ਸਮਝ ਆ ਜਾਵੇ ਕਿ ਭਾਸ਼ਾ ਕਿਸ ਨੂੰ ਕਹਿੰਦੇ ਹਨ ਤੇ ਇਸ ਦੇ ਉੱਘੇ ਲੱਛਣ ਕਿਹੜੇ ਕਿਹੜੇ ਹਨ। ਇਸ ਵਿਚ ਪੰਜਾਬੀ ਭਾਸ਼ਾ ਬਾਰੇ ਕੁੱਝ ਵਿਸਤਾਰ ਨਾਲ ਦੱਸਿਆ ਜਾਵੇਗਾ----ਵਿਸ਼ੇਸ਼ ਕਰਕੇ ਅੱਗੇ ਦਿੱਤੇ ਨੁਕਤਿਆਂ ਬਾਰੇ :

i) ਪੰਜਾਬੀ ਭਾਸ਼ਾ ਤੇ ਇਸ ਦਾ ਰੂਪ।
ii) ਪੰਜਾਬੀ ਧੁਨੀਆਂ ਤੇ ਉਹਨਾਂ ਦੀ ਵੰਡ।
iii) ਪੰਜਾਬੀ ਸੁਰਾਂ ਦੀ ਵੰਡ।
iv) ਪੰਜਾਬੀ ਵਿਅੰਜਨਾਂ ਦੀ ਵੰਡ।

ਭਾਸ਼ਾ ਦਾ ਵਿਸ਼ਾ ਆਮ ਤੌਰ ਤੇ ਬੜਾ ਔਖਾ ਮੰਨਿਆ ਜਾਂਦਾ ਹੈ ਪਰ ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਇਸ ਔਖੇ ਵਿਸ਼ੇ ਨੂੰ ਆਪਣੀ ਸ਼ੈਲੀ ਵਿਚ ਲਿਖਣ ਦੇ ਯੋਗ ਹੋ ਜਾਓਗੇ।

1.1 ਭੂਮਿਕਾ

ਹੋ ਸਕਦਾ ਹੈ ਤੁਸੀਂ ਭਾਸ਼ਾ ਬਾਰੇ ਅੱਗੇ ਕਦੀ ਕੁਝ ਨਾ ਪੜ੍ਹਿਆ ਹੋਵੇ ਜਾਂ ਇਸ ਵਿਸ਼ੇ ਨੂੰ ਕਦੀ ਧਿਆਨ ਨਾਲ ਨਾ ਵਿਚਾਰਿਆ ਹੋਵੇ ਇਸ ਲਈ ਇਸ ਭਾਸ਼ਾ ਵਾਲੇ ਪਾਠ ਨੂੰ ਸੰਪੂਰਨ ਬਣਾਉਣ ਲਈ ਦੋਹਾਂ ਭਾਗਾਂ ਵਿੱਚ ਵੰਡ ਦਿੱਤਾ ਗਿਆ ਹੈ। ਇਨ੍ਹਾਂ ਭਾਗਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਪਹਿਲੇ ਭਾਗ ਵਿੱਚ ਭਾਸ਼ਾ ਦੀ ਮਹੱਤਤਾ ਬਾਰੇ ਦਸ ਕੇ ਉਸ ਦੀ ਪਰਿਭਾਸ਼ਾ ਦਿੱਤੀ ਗਈ ਹੈ।

ਦੂਜੇ ਭਾਗ ਵਿੱਚ ਇਹ ਸਪਸ਼ਟ ਕਰਨ ਦਾ ਜਤਨ ਕੀਤਾ ਗਿਆ ਹੈ ਕਿ ਪੰਜਾਬੀ ਭਾਸ਼ਾ ਦਾ ਇਤਿਹਾਸਕ ਵਿਕਾਸ ਕਿਸ ਤਰ੍ਹਾਂ ਹੋਇਆ ਤੇ ਇਸ ਦੇ ਕਿਹੜੇ ਅੰਸ਼ ਇਸ ਨੂੰ ਹੋਰ ਭਾਸ਼ਾਵਾਂ ਤੋਂ ਨਖੇੜਦੇ ਹਨ।

ਧੁਨੀ ਜਾਂ ਆਵਾਜ਼ ਆਪਣੇ ਆਪ ਵਿੱਚ ਇੱਕ ਬੜਾ ਤਕਨੀਕੀ ਵਿਸ਼ਾ ਹੈ ਪਰ ਹੈ ਬੜਾ ਸਵਾਦਲਾ ਕਿਉਂਕਿ ਧੁਨੀ ਨੇ ਹੀ ਦੁਨੀਆਂ ਦੀ ਹਰ ਭਾਸ਼ਾ ਦੀ ਨੀਂਹ ਬਣਨਾ ਹੁੰਦਾ ਹੈ। ਤੀਜੇ ਭਾਗ ਵਿਚ ਅਸੀਂ ਧੁਨੀਆਂ ਦੀ ਵੰਡ ਕਰਕੇ ਪੰਜਾਬੀ ਧੁਨੀਆਂ ਦਾ ਉਚੇਚਾ ਵੇਰਵਾ ਦਿੱਤਾ ਹੈ। ਇਸ ਭਾਗ ਵਿੱਚ ਹੀ ਸੁਰਾਂ ਤੇ ਵਿਅੰਜਨਾ ਬਾਰੇ ਵੀ ਖੋਲ ਕੇ ਦੱਸਿਆ ਗਿਆ ਹੈ।

ਚੌਥੇ ਭਾਗ ਵਿੱਚ ਤੁਹਾਡੀ ਜਾਣਕਾਰੀ ਪੰਜਾਬੀ ਉਚਾਰਨ ਦੀਆਂ ਵਿਸ਼ੇਸ਼ਤਾਵਾਂ ਨਾਲ ਕਰਵਾਈ ਗਈ ਹੈ।

1.2 ਭਾਸ਼ਾ ਦੀ ਮਹੱਤਤਾ

ਭਾਸ਼ਾ ਮਨੁੱਖ-ਜਾਤੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਭਾਸ਼ਾ ਦੇ ਸਹਾਰੇ ਹੀ ਮਨੁੱਖ ਪਸ਼ੂਆਂ ਨਾਲੋਂ ਵੱਖਰਾ ਹੋ ਕੇ ਸਭਿਅਤਾ ਦੀ ਮੌਜੂਦਾ ਅਵਸਥਾ ਤਕ ਪੁੱਜਾ ਹੈ। ਗਿਆਨ, ਵਿਗਿਆਨ, ਧਰਮ, ਰਾਜਨੀਤੀ, ਸਾਹਿਤ, ਕਲਾ ਜੋ ਕੁਝ ਵੀ ਮਨੁੱਖ-ਜਾਤੀ ਨੇ ਪ੍ਰਾਪਤ ਕੀਤਾ ਹੈ, ਭਾਸ਼ਾ ਦੇ ਆਸਰੇ ਹੀ ਕੀਤਾ ਹੈ। ਇਸ ਲਈ ਵਿਦਿਆਰਥੀ ਨੂੰ ਭਾਸ਼ਾ ਬਾਰੇ ਜਾਣਕਾਰੀ ਕਰਾਉਣਾ ਜ਼ਰੂਰੀ ਹੈ।

1.2.1 ਭਾਸ਼ਾ ਕੀ ਹੈ?

ਉਂਜ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਭਾਸ਼ਾ ਕੀ ਹੈ, ਪਰ ਜੇ ਭਾਸ਼ਾ ਦੀ ਵਿਗਿਆਨਕ ਵਿਆਖਿਆ ਕਰਨ ਲੱਗੀਏ ਤਾਂ ਕਈ ਸਮੱਸਿਆਵਾਂ ਖੜੀਆਂ ਹੋ ਜਾਂਦੀਆਂ ਹਨ। ਆਮ ਤੌਰ ਤੇ ਦੱਸਿਆ ਜਾਂਦਾ ਹੈ ਕਿ ''ਭਾਸ਼ਾ ਉਹ ਮਾਧਿਅਮ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰ, ਭਾਵ, ਇੱਛਾਵਾਂ, ਆਦਿ ਹੋਰਨਾ ਮਨੁੱਖਾਂ ਤਕ ਪਹੁੰਚਾਉਂਦਾ ਹੈ।'' ਪਰ ਆਪਣੇ ਭਾਵ ਹੋਰਨਾ ਨੂੰ ਸਮਝਾਉਣ ਲਈ ਤਾਂ ਅਸੀਂ ਇਸ਼ਾਰਿਆਂ ਨਾਲ ਵੀ ਕੰਮ ਸਾਰ ਲੈਂਦੇ ਹਾਂ, ਤੇ ਇਸ਼ਾਰੇ ਭਾਸ਼ਾ ਨਹੀਂ ਹੁੰਦੇ। ਸੋ ਜੇ ਉੱਤੇ ਦਿੱਤੀ ਵਿਆਖਿਆ ਵਿੱਚ ਕੁੱਝ ਸੋਧ ਕਰ ਕੇ ਕਿਹਾ ਜਾਵੇ ਕਿ ''ਭਾਸ਼ਾ ਮੂੰਹੋਂ ਉਚਾਰੀਆਂ ਧੁਨੀਆਂ ਦਾ ਉਹ ਮਾਧਿਅਮ ਹੈ, ਜਿਸ ਰਾਹੀਂ ਮਨੁੱਖ ਆਪਣੇ ਵਿਚਾਰ-ਭਾਵ, ਇੱਛਾਵਾਂ, ਆਦਿ ਹੋਰਨਾ ਮਨੁੱਖਾਂ ਤਕ ਪਹੁੰਚਾਉਂਦਾ ਹੈ'' ਤਾਂ ਇਹ ਪਰਿਭਾਸ਼ਾ ਉੱਪਰਲੀ ਨਾਲੋਂ ਠੀਕ ਜਾਪਦੀ ਹੈ । ਪਰ ਕੁਝ ਹੋਰ ਵਿਚਾਰ ਕੀਤਾ ਜਾਵੇ ਤਾਂ ਇਹ ਪਰਿਭਾਸ਼ਾ ਵੀ ਕਸਰਵੰਦੀ ਨਿਕਲ ਪੈਂਦੀ ਹੈ। ਮਸਲਨ, ਕੋਈ ਬੱਚਾ ਰੋਂਦਾ ਹੈ, ਇਸ ਤੋਂ ਇਹ ਅਰਥ ਕੱਢਿਆ ਜਾਂਦਾ ਹੈ ਕਿ ਬੱਚੇ ਨੂੰ ਕੋਈ ਦੁੱਖ ਹੈ। ਇਸੇ ਤਰ੍ਹਾਂ ਹੱਸਣ ਤੋਂ ਖੁਸ਼ੀ ਦਾ ਭਾਵ ਲਿਆ ਜਾਂਦਾ ਹੈ । ਰੋਣ ਅਤੇ ਹੱਸਣ ਦੀਆਂ ਕਿਰਿਆਵਾਂ ਵੀ ਮੂੰਹੋਂ ਉਚਾਰੀਆਂ ਧੁਨੀਆਂ ਨਾਲ ਹੀ ਹੁੰਦੀਆਂ ਹਨ, ਪਰ ਰੋਣਾ ਜਾਂ ਹੱਸਣਾ ਭਾਸ਼ਾ ਨਹੀਂ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਰੋਣ ਜਾਂ ਹੱਸਣ ਦਾ ਭਾਸ਼ਾ ਨਾਲੋਂ ਫ਼ਰਕ ਕੀ ਹੈ? ਵੇਖਿਆ ਜਾਵੇ ਰੋਣ ਦਾ ਦੁੱਖ ਨਾਲ ਤੇ ਹੱਸਣ ਦਾ ਖੁਸ਼ੀ ਨਾਲ ਕੁਦਰਤੀ ਸਬੰਧ ਹੈ। ਪਰ ਜਦੋਂ ਅਸੀਂ ਸ਼ਬਦ 'ਪਾਣੀ' ਬੋਲਦੇ ਹਾਂ ਤਾਂ ਇਸ ਸ਼ਬਦ ਦਾ, ਉਸ ਤਰਲ ਪਦਾਰਥ ਨਾਲ ਉੱਕਾ ਹੀ ਕਿਸੇ ਤਰ੍ਹਾਂ ਦਾ ਕੁਦਰਤੀ ਨਾਤਾ ਨਹੀਂ ਜਿਸ ਲਈ ਅਸੀਂ ਸ਼ਬਦ 'ਪਾਣੀ' ਵਰਤਦੇ ਹਾਂ। ਪੰਜਾਬੀ ਸਮਾਜ ਨੇ ਪੀਣ ਵਾਲੇ ਇਸ ਖ਼ਾਸ ਤਰਲ ਪਦਾਰਥ ਲਈ ਇਕ ਚਿੰਨ੍ਹ ਨਿਸਚਿਤ ਕਰ ਲਿਆ ਹੈ, ਤੇ ਉਹ ਹੈ 'ਪਾਣੀ'। ਵੱਖ-ਵੱਖ ਸਮਾਜਾਂ ਨੇ ਇਸ ਪਦਾਰਥ ਲਈ ਵੱਖ-ਵੱਖ ਚਿੰਨ੍ਹ ਘੜੇ ਹੋਏ ਹਨ, ਜਿਵੇਂ ਕਿਸੇ ਸਮਾਜ ਨੇ 'ਜਲ' (ਸੰਸਕ੍ਰਿਤ), ਕਿਸੇ ਨੇ 'ਵਾਟਰ' (ਅੰਗਰੇਜ਼ੀ), ਕਿਸੇ ਨੇ 'ਆਬ' (ਫ਼ਾਰਸੀ)। ਪਦਾਰਥ, ਹਰ ਹਾਲਤ ਵਿਚ ਉਹੀ ਹੈ, ਅਰਥਾਤ 'ਪਾਣੀ'। ਕਿਉਂਕਿ ਹਰ ਭਾਸ਼ਾ ਵਿਚ ਇਹ ਚਿੰਨ੍ਹ ਮੂੰਹੋਂ ਉਚਾਰੀਆਂ ਧੁਨੀਆਂ ਨਾਲ ਬਣਦੇ ਹਨ, ਇਸ ਲਈ ਇਹਨਾਂ ਨੂੰ ਅਸੀਂ 'ਧੁਨੀਆਤਮਿਕ ਚਿੰਨ੍ਹ' ਜਾਂ ਧੁਨੀ-ਚਿੰਨ੍ਹ ਕਹਿੰਦੇ ਹਾਂ। ਹਰ ਭਾਸ਼ਾ ਇਹਨਾਂ ਧੁਨੀ-ਚਿੰਨ੍ਹਾਂ ਦੇ ਜੋੜ ਨਾਲ ਬਣਦੀ ਹੈ। ਇਹਨ੍ਹਾਂ ਧੁਨੀ ਚਿਨ੍ਹਾਂ ਨੂੰ ਅਸੀ, ਆਮ ਭਾਸ਼ਾ ਵਿੱਚ, 'ਸ਼ਬਦ' ਕਹਿੰਦੇ ਹਾਂ।

ਹੋਰ ਬਰੀਕੀ ਨਾਲ ਵੇਖਿਆਂ ਸਪਸ਼ਟ ਹੁੰਦਾ ਹੈ ਕਿ ਨਿਰੇ 'ਧੁਨੀ-ਚਿੰਨ੍ਹ' ਜਾਂ 'ਸ਼ਬਦ' ਹੀ ਭਾਸ਼ਾ ਨਹੀਂ ਬਣ ਜਾਂਦੇ। ਨਿਰਾ 'ਪਾਣੀ', 'ਪਾਣੀ' ਕਹਿਣ ਨਾਲ ਸਮਝ ਨਹੀਂ ਆ ਸਕਦੀ ਕਿ ਬੋਲਣ ਵਾਲਾ ਅਸਲ ਵਿੱਚ ਕਹਿਣਾ ਕੀ ਚਾਹੁੰਦਾ ਹੈ। ਪੂਰੀ ਗੱਲ ਤਾਂ ਉਦੋਂ ਹੀ ਸਮਝ ਆਉਂਦੀ ਹੈ, ਜਦੋਂ ਉਹ ਕਹੇ, 'ਪਾਣੀ ਡੁੱਲ੍ਹ ਗਿਆ ਹੈ', 'ਮੈਨੂੰ ਪਾਣੀ ਦਿਓ, 'ਪਾਣੀ ਤੱਤਾ ਹੈ', ਆਦਿ। ਸਪਸ਼ਟ ਹੈ ਕਿ ਅਸੀਂ ਧੁਨੀ-ਚਿੰਨ੍ਹਾਂ ਨੂੰ, ਕੁਝ ਨਿਸਚਿਤ ਨਿਯਮਾਂ ਅਨੁਸਾਰ, ਲੜੀਆਂ ਵਿਚ ਪਰੋਂਦੇ ਹਾਂ। ਇਹਨ੍ਹਾਂ ਲੜੀਆਂ ਨੂੰ ਅਸੀਂ 'ਵਾਕ' ਕਹਿੰਦੇ ਹਾਂ। ਸੋ ਭਾਸ਼ਾ, ਧੁਨੀ-ਚਿਨ੍ਹਾਂ ਦਾ ਇਕ ਸਿਸਟਮ ਜਾਂ ਢੰਗ ਹੈ। ਇਸ ਵਿਆਖਿਆ ਦੇ ਆਧਾਰ ਉੱਤੇ ਅਸੀਂ ਭਾਸ਼ਾ ਦੀ ਪਰਿਭਾਸ਼ਾ ਇੰਜ ਕਰ ਸਕਦੇ ਹਾਂ :

ਭਾਸ਼ਾ ਮੂੰਹੋਂ ਉਚਾਰੇ ਧੁਨੀ-ਚਿਨ੍ਹਾਂ ਦਾ ਉਹ ਸਿਸਟਮ ਹੈ, ਜਿਸ ਰਾਹੀਂ ਮਨੁੱਖ ਆਪਣੇ ਵਿਚਾਰ, ਭਾਵ, ਇੱਛਾਵਾਂ ਆਦਿ ਹੋਰਨਾਂ ਮਨੁੱਖਾਂ ਤਕ ਪਹੁੰਚਾਉਂਦਾ ਹੈ।

1.2.2 ਭਾਸ਼ਾ ਦੇ ਕੁੱਝ ਹੋਰ ਲੱਛਣ

ਭਾਸ਼ਾ ਦੇ ਕੁੱਝ ਹੋਰ ਲੱਛਣ ਵੀ ਹਨ, ਜਿਨ੍ਹਾਂ ਬਾਰੇ ਕੁਝ ਜਾਣਕਾਰੀ ਹੋਣੀ ਜ਼ਰੂਰੀ ਹੈ :

ੳ) ਭਾਸ਼ਾ ਵਿਸਤਾਰਮੁਖੀ ਹੈ : ਭਾਸ਼ਾ ਨੂੰ ਜਿੰਨਾ ਚਾਹੋ ਵਧਾ ਸਕਦੇ ਹੋ। ਗਿਣਤੀ ਦੀਆਂ ਕੁੱਝ ਧੁਨੀਆਂ ਨਾਲ ਅਣਗਿਣਤ ਹੀ ਸ਼ਬਦ ਬਣਾਏ ਜਾ ਸਕਦੇ ਹਨ, ਅਤੇ ਇਨ੍ਹਾਂ ਸ਼ਬਦਾਂ ਨਾਲ ਹੀ ਅਣਗਿਣਤ ਵਾਕ ਰਚੇ ਜਾ ਸਕਦੇ ਹਨ। ਇੰਜ ਕਿਸੇ ਵੀ ਭਾਸ਼ਾ ਦੀ ਕੋਈ ਸੀਮਾ ਨਿਸਚਿਤ ਨਹੀਂ ਕੀਤੀ ਜਾ ਸਕਦੀ।

ਅ) ਭਾਸ਼ਾ ਸਮਾਜ ਦੀ ਦੇਣ ਹੈ : ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਭਾਸ਼ਾ ਮਨੁੱਖ ਨੂੰ ਕੁਦਰਤ ਵਲੋਂ ਮਿਲੀ ਦਾਤ ਹੈ। ਇਹ ਵਿਗਿਆਨਕ ਸਚਾਈ ਨਹੀਂ। ਭਾਸ਼ਾ ਸਮਾਜ ਦੀ ਦੇਣ ਹੈ। ਕੁਦਰਤ ਨੇ ਉਚਾਰਨ-ਅੰਗ ਦਿੱਤੇ ਹਨ,

ਸੁਣਨ ਦੀ ਸ਼ਕਤੀ ਦਿੱਤੀ ਹੈ, ਸੂਝ (ਅਕਲ) ਦਿੱਤੀ ਹੈ। ਇਨ੍ਹਾਂ ਗੁਣਾਂ ਦੀ ਸਹਾਇਤਾ ਨਾਲ ਭਾਸ਼ਾ ਮਨੁੱਖੀ ਸਮਾਜ ਨੇ ਆਪ ਉਸਾਰੀ ਹੈ। ਏਹੋ ਕਾਰਨ ਹੈ ਕਿ ਹਰ ਸਮਾਜ ਦੀ ਭਾਸ਼ਾ ਵੱਖਰੀ ਹੈ। ਜੇ ਭਾਸ਼ਾ ਕੁਦਰਤ ਦੀ ਦੇਣ ਹੁੰਦੀ ਤਾਂ ਸਾਰੀ ਮਨੁੱਖ ਜਾਤੀ ਦੀ ਭਾਸ਼ਾ ਇਕੋ ਹੀ ਹੁੰਦੀ।

ੲ) **ਭਾਸ਼ਾ ਜਤਨ ਕਰਕੇ ਸਿੱਖੀ ਜਾਂਦੀ ਹੈ** : ਵੇਖਣ, ਸੁਣਨ, ਹੱਸਣ, ਰੋਣ, ਆਦਿ ਵਾਂਗ ਭਾਸ਼ਾ ਆਪਣੇ ਆਪ ਪ੍ਰਾਪਤ ਹੋਣ ਵਾਲੀ ਸਮਰਥਾ ਨਹੀਂ, ਇਹ ਜਤਨ ਕਰਕੇ ਸਿੱਖਣੀ ਪੈਂਦੀ ਹੈ।

ਸ) **ਭਾਸ਼ਾ ਸਮੇਂ ਤੇ ਸਥਾਨ ਨਾਲ ਬਦਲਦੀ ਰਹਿੰਦੀ ਹੈ** : ਅਜੋਕੀ ਪੰਜਾਬੀ ਪੰਜ ਸੌ ਸਾਲ ਪੁਰਾਣੀ ਪੰਜਾਬੀ ਨਾਲੋਂ ਢੇਰ ਫਰਕ ਵਾਲੀ ਹੈ। ਇਸੇ ਤਰ੍ਹਾਂ ਪੰਜਾਬ ਦੀ ਬੋਲੀ ਬੰਗਾਲ ਦੀ ਬੋਲੀ ਨਾਲੋਂ ਬਿਲਕੁਲ ਵੱਖਰੀ ਹੈ, ਭਾਵੇਂ ਪੰਜਾਬੀ ਤੇ ਬੰਗਾਲੀ ਦੋਵੇਂ ਸਮੇਂ, ਸੰਸਕ੍ਰਿਤ ਵਿੱਚੋਂ, ਵਿਕਸਿਤ ਹੋਈਆਂ ਹਨ।

ਹ) **ਭਾਸ਼ਾ ਪਰੰਪਰਾ ਤੋਂ ਪ੍ਰਾਪਤ ਹੁੰਦੀ ਹੈ** : ਕੋਈ ਵਿਅਕਤੀ ਜਾਂ ਮਨੁੱਖੀ ਸਮਾਜ ਦੀ ਕੋਈ ਪੀੜ੍ਹੀ ਆਪਣੀ ਵੱਖਰੀ ਭਾਸ਼ਾ ਨਹੀਂ ਸਿਰਜਦੀ, ਹਰ ਪੀੜ੍ਹੀ ਨੂੰ ਭਾਸ਼ਾ ਉਤਲੀ ਪੀੜ੍ਹੀ ਤੋਂ ਅਥਵਾ ਪਰੰਪਰਾ ਤੋਂ ਮਿਲਦੀ ਹੈ।

ਪਹਿਲਾ ਅਭਿਆਸ

ਨੋਟ : ਤੁਸੀਂ ਕੇਵਲ ਠੀਕ ਉੱਤਰ ਦੇ ਅਰੰਭ ਵਿੱਚ (✓) ਵਾਲਾ ਨਿਸ਼ਾਨ ਲਾਉਣਾ ਹੈ।

ਹੇਠ ਤਿੰਨ ਸਵਾਲ ਦਿੱਤੇ ਗਏ ਹਨ ਤੇ ਹਰ ਸਵਾਲ ਦੇ ਤਿੰਨ ਉੱਤਰ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਕਿਹੜਾ ਉੱਤਰ ਠੀਕ ਹੈ?

1 ੳ) ਭਾਸ਼ਾ ਪਰਮੇਸ਼ਰ ਦੀ ਦਾਤ ਹੈ।
ਅ) ਭਾਸ਼ਾ ਮਨੁੱਖ ਨੇ ਪਸ਼ੂਆਂ ਤੋਂ ਸਿੱਖੀ ਹੈ।
ੲ) ਭਾਸ਼ਾ ਸਮਾਜ ਦੀ ਦੇਣ ਹੈ।

2 ਆਮ ਭਾਸ਼ਾ ਵਿਚ :

ੳ) ਧੁਨੀ-ਚਿੰਨ੍ਹਾਂ ਨੂੰ 'ਭਾਸ਼ਾ' ਕਿਹਾ ਜਾਂਦਾ ਹੈ।
ਅ) ਧੁਨੀ-ਚਿੰਨ੍ਹਾਂ ਨੂੰ 'ਸ਼ਬਦ' ਕਿਹਾ ਜਾਂਦਾ ਹੈ।
ੲ) ਧੁਨੀ-ਚਿਨ੍ਹਾਂ ਨੂੰ 'ਵਾਕ' ਕਿਹਾ ਜਾਂਦਾ ਹੈ।

3 ੳ) ਭਾਸ਼ਾ ਨੂੰ ਜਿੰਨਾਂ ਚਾਹੋ ਵਧਾ ਸਕਦੇ ਹੋ।
ਅ) ਭਾਸ਼ਾ ਦੀਆਂ ਸੀਮਾਵਾਂ ਨਿਸਚਿਤ ਹਨ।
ੲ) ਭਾਸ਼ਾ ਨੂੰ ਬਹੁਤ ਜ਼ਿਆਦਾ ਨਹੀਂ ਵਧਾਇਆ ਜਾ ਸਕਦਾ।

ਨੋਟ: ਉੱਤਰ ਅੰਤ ਵਿਚ ਵੇਖੋ।

1.3 ਪੰਜਾਬੀ ਭਾਸ਼ਾ ਤੇ ਇਸ ਦਾ ਰੂਪ

ਅਸੀਂ ਪੰਜਾਬ ਦੀ ਬੋਲੀ ਨੂੰ 'ਪੰਜਾਬੀ' ਕਹਿੰਦੇ ਹਾਂ। ਸੰਨ 1947 ਵਿੱਚ ਹੋਈ ਦੇਸ਼ ਦੀ ਵੰਡ ਨਾਲ ਪੰਜਾਬ ਦੁਹਾਂ ਹਿੱਸਿਆਂ ਵਿੱਚ ਵੰਡਿਆ ਗਿਆ—ਵੱਡਾ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ ਤੇ ਛੋਟਾ ਭਾਰਤ ਵਿੱਚ ਰਹਿ ਗਿਆ। ਅੱਜ ਇਹ ਦੋਵੇਂ ਹਿੱਸੇ 'ਪੰਜਾਬ' ਅਖਵਾਉਂਦੇ ਹਨ ਅਤੇ ਦੁਹਾਂ ਦੀ ਭਾਸ਼ਾ ਪੰਜਾਬੀ' ਹੈ। ਪਰ ਪੰਜਾਬੀ ਕੇਵਲ ਪੰਜਾਬ ਦੀ ਬੋਲੀ ਹੀ ਨਹੀਂ, ਪੰਜਾਬ ਤੋਂ ਬਾਹਰ ਵੀ ਕਈ ਖੇਤਰਾਂ ਵਿੱਚ ਬੋਲੀ ਜਾਂਦੀ ਹੈ। ਭਾਰਤ ਵਿੱਚ ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਤੇ ਰਾਜਸਥਾਨ ਦੇ ਕੁਝ ਹਿੱਸਿਆਂ ਦੀ ਬੋਲੀ ਪੰਜਾਬੀ ਹੈ। ਪਾਕਿਸਤਾਨ ਵਿੱ ਉੱਤਰ ਪੱਛਮੀ ਸੀਮਾ ਪ੍ਰਾਂਤ (ਸੂਬਾ ਸਰਹੱਦ), ਤੇ ਪੁਣਛ ਅਤੇ ਜੰਮੂ ਦੇ ਪਾਕਿਸਤਾਨ- ਅਧੀਨ ਖੇਤਰਾਂ ਦੀ ਬੋਲੀ ਵੀ ਪੰਜਾਬੀ ਹੈ।

ਹੁਣ ਤਕ ਹੋਈ ਖੋਜ ਅਨੁਸਾਰ, ਸੰਸਾਰ ਵਿੱਚ ਤਕਰੀਬਨ 4000 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਕੋਈ ਬਾਰਾਂ, ਤੇਰ੍ਹਾਂ ਪਰਵਾਰਾਂ ਵਿੱਚ ਵੰਡਿਆ ਹੋਇਆ ਹੈ। ਇਕੋ ਸੋਮੇ ਵਿੱਚੋਂ ਨਿਕਲੀਆਂ ਭਾਸ਼ਾਵਾਂ ਨੂੰ ਇਕ ਪਰਵਾਰ ਦੀਆਂ ਭਾਸ਼ਾਵਾਂ ਮੰਨਿਆ ਜਾਂਦਾ ਹੈ। ਸੰਸਾਰ ਦੀਆਂ ਭਾਸ਼ਾਵਾਂ ਦੇ ਸਭ ਤੋਂ ਵੱਡੇ ਪਰਵਾਰ ਦਾ ਨਾਮ 'ਭਾਰਤ-ਯੂਰਪੀ ਪਰਵਾਰ' ਹੈ। ਇਸ ਪਰਵਾਰ ਦੀਆਂ ਭਾਸ਼ਾਵਾਂ ਯੂਰਪ, ਈਰਾਨ, ਅਫ਼ਗਾਨਿਸਤਾਨ ਤੇ ਉਤਰੀ ਭਾਰਤ ਵਿੱਚ ਬੋਲੀਆਂ ਜਾਂਦੀਆਂ ਹਨ। ਇਸ ਪਰਵਾਰ ਦੀ ਜਿਹੜੀ ਸ਼ਾਖਾ ਵਿੱਚੋਂ ਇਹ ਭਾਰਤੀ ਭਾਸ਼ਾਵਾਂ ਨਿਕਲੀਆਂ ਹਨ, ਉਸ ਨੂੰ 'ਭਾਰਤੀ ਆਰੀਆ ਸ਼ਾਖਾ' ਕਿਹਾ ਜਾਂਦਾ ਹੈ। ਇਸ ਸ਼ਾਖਾ ਦੀ ਸਭ ਤੋਂ ਪੁਰਾਣੀ ਭਾਸ਼ਾ ਉਹ ਸੀ, ਜਿਸ ਵਿੱਚ ਵੇਦਾਂ ਦੀ ਰਚਨਾ ਹੋਈ, ਇਸ ਲਈ ਇਸ ਨੂੰ 'ਵੈਦਿਕ' ਆਖਦੇ ਹਨ। ਵੈਦਿਕ ਤੋਂ ਪਿਛੋਂ ਸੰਸਕ੍ਰਿਤ ਆਈ। ਅੱਜ ਉੱਤਰ ਭਾਰਤ ਵਿੱਚ ਵਰਤੀਆਂ ਜਾਂਦੀਆਂ ਸਾਰੀਆਂ ਭਾਸ਼ਾਵਾਂ ਵੈਦਿਕ ਤੇ ਸੰਸਕ੍ਰਿਤ ਵਿੱਚੋਂ ਨਿਕਲੀਆਂ ਹਨ। ਪਰ ਇਸ ਵਿਕਾਸ ਦੇ ਰਾਹ ਵਿੱਚ ਕਈ ਪੜਾਅ ਆਉਂਦੇ ਰਹੇ ਹਨ। ਸੰਸਕ੍ਰਿਤ ਤੋਂ ਪਿੱਛੋਂ ਜਿਹੜੀ ਭਾਸ਼ਾ ਉਤਰ-ਪੱਛਮੀ ਭਾਰਤ ਵਿੱਚ ਪ੍ਰਚਲਿਤ ਸੀ, ਉਸ ਨੂੰ 'ਪਾਲੀ' ਕਹਿੰਦੇ ਹਨ। ਪਾਲੀ ਤੋਂ ਪਿੱਛੋਂ 'ਪ੍ਰਾਕ੍ਰਿਤਾਂ' ਦਾ ਸਮਾਂ ਆਉਂਦਾ ਹੈ। ਅੱਗੇ ਪ੍ਰਾਕ੍ਰਿਤਾਂ ਵਿੱਚੋਂ ਅਪਭ੍ਰੰਸ਼ਾ ਦਾ ਵਿਕਾਸ ਹੋਇਆ, ਅਤੇ ਅਪਭ੍ਰੰਸ਼ਾ ਵਿੱਚੋਂ ਉਤਰੀ ਭਾਰਤ ਦੀਆਂ ਅੱਜ ਦੀਆਂ ਭਾਸ਼ਾਵਾਂ ਨਿਕਲੀਆਂ। ਭਾਰਤ ਦੀਆਂ ਆਧੁਨਿਕ ਆਰੀਆਂ ਭਾਸ਼ਾਵਾਂ ਦਾ ਅਰੰਭ ਦਸਵੀਂ, ਗਿਆਰਵੀਂ ਸਦੀ ਵਿੱਚ ਹੋਇਆ ਮੰਨਿਆ ਜਾਂਦਾ ਹੈ। ਇਹ ਭਾਸ਼ਾਵਾਂ ਹਨ--ਸਿੰਧੀ, ਪੰਜਾਬੀ, ਪਛਮੀ ਹਿੰਦੀ, ਪੂਰਬੀ ਹਿੰਦੀ, ਗੁਜਰਾਤੀ, ਮਰਾਠੀ, ਉੜੀਆ, ਬੰਗਾਲੀ, ਆਸਾਮੀ ਆਦਿ। ਯਾਦ ਰਹੇ ਕਿ ਦੱਖਣੀ ਭਾਰਤ ਦੀਆਂ ਭਾਸ਼ਾਵਾਂ (ਤਮਿਲ, ਤੇਲੇਗੂ, ਕੰਨੜ, ਮਲਿਆਲਮ, ਆਦਿ) ਭਾਰਤ-

ਯੂਰਪੀ ਪਰਵਾਰ ਦੀਆਂ ਭਾਸ਼ਾਵਾਂ ਨਹੀਂ, ਇਹ ਦ੍ਰਵਿੜ ਪਰਵਾਰ ਦੀਆਂ ਭਾਸ਼ਾਵਾਂ ਹਨ। ਕਸ਼ਮੀਰੀ ਭਾਰਤ-ਯੂਰਪੀ ਪਰਵਾਰ ਦੀ ਭਾਸ਼ਾ ਤਾਂ ਹੈ, ਪਰ ਭਾਰਤੀ-ਆਰੀਆ ਸ਼ਾਖ ਵਿੱਚ ਨਹੀਂ ਆਉਂਦੀ।

ਆਸ ਹੈ, ਇਸ ਵੇਰਵੇ ਤੋਂ ਇਹ ਪਤਾ ਲੱਗ ਗਿਆ ਹੋਵੇਗਾ ਕਿ ਪੰਜਾਬੀ ਦਾ ਸੰਸਾਰ ਦੇ ਕਿਹੜੇ ਭਾਸ਼ਾ-ਸਮੂਹ ਨਾਲ ਸਬੰਧ ਜੁੜਦਾ ਹੈ ਤੇ ਭਾਰਤ ਦੀਆਂ ਹੋਰ ਭਾਸ਼ਾਵਾਂ ਨਾਲ ਇਸ ਦੀ ਕੀ ਰਿਸ਼ਤੇਦਾਰੀ ਹੈ।

ਪੰਜਾਬੀ ਦਾ ਰੂਪ

ਕਿਸੇ ਭਾਸ਼ਾ ਦੇ ਰੂਪ ਬਾਰੇ ਵਿਚਾਰ ਕਰਦਿਆਂ ਉਸ ਦੇ ਵਿਗਿਆਨਿਕ ਲੱਛਣਾਂ ਦੀ ਪੜਚੋਲ ਕੀਤੀ ਜਾਂਦੀ ਹੈ। ਏਥੇ ਅਸੀਂ ਪੰਜਾਬੀ ਦੇ ਕੁੱਝ ਉੱਘੇ ਲੱਛਣਾਂ ਦੀ ਹੀ ਘੋਖ ਕਰਾਂਗੇ।

ੳ) ਪੰਜਾਬੀ ਦਾ ਇੱਕ ਉਘੜਵਾਂ ਲੱਛਣ ਹੈ, ਇਸ ਦਾ ਹਿੰਦੀ, ਆਦਿ ਬੋਲੀਆਂ ਨਾਲੋਂ ਵਧੇਰੇ ਸੰਜੋਗਾਤਮਕ ਹੋਣਾ। ਏਥੇ ਸੰਜੋਗਾਤਮਕ ਤੇ ਵਿਜੋਗਾਤਮਕ ਦਾ ਫ਼ਰਕ ਸਮਝ ਲੈਣ ਦੀ ਲੋੜ ਹੈ। ਪੰਜਾਬੀ ਵਿੱਚ ਅਸੀਂ ਕਹਿੰਦੇ ਹਾਂ, "ਮੈਂ ਇਹ ਕੰਮ ਹੱਥੀਂ ਕੀਤਾ।" ਹਿੰਦੀ ਵਾਲੇ ਕਹਿਣਗੇ, "ਮੈਂਨੇ ਯਹ ਕਾਮ ਹਾਥੋਂ ਸੇ ਕੀਆ।" 'ਹੱਥ' ਨਾਂਵ ਹੈ। ਪੰਜਾਬੀ ਵਿੱਚ 'ਹੱਥ ਨਾਂਵ ਨਾਲ ਪਿਛੇਤਰ 'ਈਂ' ਲਾ ਕੇ ਉਹੋ ਅਰਥ ਲੈ ਲਏ ਗਏ ਹਨ, ਜੋ ਹਿੰਦੀ ਵਿੱਚ ਦੋ ਵੱਖ-ਵੱਖ ਸ਼ਬਦ 'ਹਾਥੋਂ' ਅਤੇ 'ਸੇ' ਵਰਤ ਕੇ ਲਏ ਗਏ ਹਨ। ਪੰਜਾਬੀ ਰੂਪ ਸੰਜੋਗਾਤਮਕ ਹੈ, ਹਿੰਦੀ ਵਿਜੋਗਾਤਮਕ। ਹਿੰਦੀ ਵਿੱਚ ਵਰਤੇ ਸ਼ਬਦ 'ਸੇ' ਨੂੰ 'ਸੰਬੰਧਕ' ਕਹਿੰਦੇ ਹਨ ਅਤੇ ਪੰਜਾਬੀ ਦੇ 'ਈਂ' ਨੂੰ ਪਿਛੇਤਰ'। ਪੰਜਾਬੀ ਵਿੱਚ ਵੀ ਸੰਬੰਧਕ ਵਰਤੇ ਜਾਂਦੇ ਹਨ, ਪਰ ਅਜੇ ਪਿਛੇਤਰਾਂ ਦੀ ਵਰਤੋਂ ਵੀ ਕਾਫੀ ਹੁੰਦੀ ਹੈ।

ਪ੍ਰਾਚੀਨ ਭਾਸ਼ਾ ਸੰਸਕ੍ਰਿਤ ਪੰਜਾਬੀ ਨਾਲੋਂ ਵੀ ਵਧ ਸੰਜੋਗਾਤਮਕ ਸੀ। ਜਿਵੇਂ ਸੰਸਕ੍ਰਿਤ ਵਿੱਚ ਕਿਹਾ ਜਾਂਦਾ ਸੀ, "ਬਾਲ: ਸੂਰਯੰ ਪਸ਼ਯਤਿ" ਇਸ ਦਾ ਪੰਜਾਬੀ ਰੂਪ ਹੈ : "ਬੱਚਾ ਸੂਰਜ ਨੂੰ ਵੇਖਦਾ ਹੈ।" ਸੰਸਕ੍ਰਿਤ ਵਿੱਚ ਸ਼ਬਦ 'ਸੂਰਯ' ਨੂੰ ਪਿਛੇਤਰ 'ਆਮ' (ਟਿੱਪੀ) ਲਾਕੇ ਉਹ ਭਾਵ ਲਿਆ ਗਿਆ ਹੈ, ਜੋ ਪੰਜਾਬੀ ਵਿੱਚ ਇਕ ਵੱਖਰਾ ਸ਼ਬਦ 'ਨੂੰ' ਵਰਤ ਕੇ ਲਿਆ ਹੈ। ਸੰਸਕ੍ਰਿਤ ਵਿੱਚ ਸੰਬੰਧਕਾਂ ਦੀ ਵਰਤੋਂ ਬਿਲਕੁਲ ਨਹੀਂ ਸੀ ਹੁੰਦੀ। ਪਿਛੇਤਰ ਵਰਤੇ ਜਾਂਦੇ ਸਨ। ਸਮੇਂ ਨਾਲ ਭਾਸ਼ਾ ਵਿਜੋਗਾਤਮਕ ਹੁੰਦੀ ਗਈ। ਅਜੋਕੀਆਂ ਭਾਸ਼ਾਵਾਂ ਆਮ ਤੋਰ ਤੇ ਵਿਜੋਗਾਤਮਕ ਹਨ, ਪਰ ਕੁੱਝ ਭਾਸ਼ਾਵਾਂ ਵਿੱਚ, ਜਿਨ੍ਹਾਂ ਵਿੱਚ ਪੰਜਾਬੀ ਸ਼ਾਮਲ ਹੈ, ਸੰਜੋਗਾਤਮਕ ਦੇ ਲੱਛਣ ਅਜੇ ਬਾਕੀ ਹਨ।

ਅ) ਅਸਾਂ ਵੇਖਿਆ ਹੈ ਕਿ ਪੰਜਾਬੀ, ਹਿੰਦੀ, ਆਦਿ ਭਾਸ਼ਾਵਾਂ ਵਿੱਚ ਸੰਬੰਧਕਾਂ ਦੀ ਵਰਤੋਂ ਹੁੰਦੀ ਹੈ। ਅੰਗਰੇਜ਼ੀ ਤੇ ਯੂਰਪ ਦੀਆਂ ਕਈ ਹੋਰ ਭਾਸ਼ਾਵਾਂ ਵਿੱਚ ਵੀ ਸੰਬੰਧਕ ਵਰਤੇ ਜਾਂਦੇ ਹਨ, ਪਰ ਇਨ੍ਹਾਂ ਦੀ ਵਰਤੋਂ ਦਾ ਢੰਗ ਸਾਡੀਆਂ ਭਾਸ਼ਾਵਾਂ ਨਾਲੋਂ ਕਾਫੀ ਫਰਕ ਵਾਲਾ ਹੈ। ਪੰਜਾਬੀ ਵਿੱਚ ਕਿਹਾ ਜਾਂਦਾ ਹੈ, "ਕਿਤਾਬ ਮੇਜ਼ ਉੱਤੇ ਹੈ।" ਅੰਗਰੇਜ਼ੀ ਵਿੱਚ ਏਸੇ ਗੱਲ ਨੂੰ ਕਹਿਣਗੇ"The book is on the table". ਪੰਜਾਬੀ ਦਾ ਸੰਬੰਧਕ 'ਉਤੇ' ਨਾਂਵ 'ਮੇਜ' ਦੇ ਪਿੱਛੇ ਆਇਆ ਹੈ–ਇਸ ਨੂੰ ਪਿਛੇਤਰੀ ਸੰਬੰਧਕ post-position ਕਹਿੰਦੇ ਹਨ। ਇਸ ਦੇ ਉਲਟ ਅੰਗਰੇਜੀ ਦਾ ਸੰਬੰਧਕ, (on) ਅੰਗਰੇਜੀ ਦੇ ਨਾਂਵ table ਤੋਂ ਪਹਿਲੋਂ ਵਰਤਿਆ ਗਿਆ ਹੈ। ਇਹ ਹੈ ਅਗੇਤਰੀ ਸੰਬੰਧਕ (preposition)। ਪੰਜਾਬੀ ਵਿੱਚ ਅਸੀਂ ਪਿਛੇਤਰੀ ਸੰਬੰਧਕ ਵਰਤਦੇ ਹਾਂ।

ੲ) ਪੰਜਾਬੀ ਵਿੱਚ ਵਾਕ ਦੇ ਹਰ ਮੁੱਖ ਸ਼ਬਦ ਨਾਲ ਆਮ ਤੋਰ ਤੇ, ਲਿੰਗ ਤੇ ਵਚਨ ਦਰਸਾਉਣ ਵਾਲਾ ਚਿੰਨ੍ਹ ਲੱਗਾ ਹੁੰਦਾ ਹੈ। "ਛੋਟਾ ਬੱਚਾ ਖੇਡਦਾ ਹੈ।" ਵਾਕ ਵਿੱਚ ਨਾਂਵ 'ਬੱਚਾ', ਵਿਸ਼ੇਸ਼ਣ 'ਛੋਟਾ' ਤੇ ਕਿਰਿਆ, 'ਖੇਡਦਾ' ਤਿੰਨਾਂ ਦੇ ਅੰਤ ਵਿੱਚ ਅ- (ਕੰਨਾ) ਆਇਆ ਹੈ, ਜੋ ਇਕ ਵਚਨ, ਪੁਲਿੰਗ ਦਾ ਚਿੰਨ੍ਹ ਹੈ। ਜੇ ਕਿਹਾ ਜਾਵੇ 'ਛੋਟੀ ਬੱਚੀ ਖੇਡਦੀ ਹੈ,' ਤਾਂ ਵੇਖੋ 'ਆ' ਦੀ ਥਾਂ 'ਈ' ਵਰਤੀ ਗਈ ਹੈ। ਕਿਸੇ ਅਗਲੇ ਪਾਠ ਵਿੱਚ ਲਿੰਗ, ਵਚਨ ਬਾਰੇ ਇਹੀ ਨੁਕਤਾ ਕੁੱਝ ਵਿਸਤਾਰ ਨਾਲ ਪੇਸ਼ ਕੀਤਾ ਜਾਵੇਗਾ।

ਸ) ਪੰਜਾਬੀ ਵਿੱਚ /ਘ,ਝ,ਢ,ਧ,ਭ/ ਪੰਜ ਧੁਨੀਆਂ ਦਾ ਉਚਾਰਨ, ਬਾਕੀ ਭਾਰਤੀ-ਆਰੀਆਂ ਭਾਸ਼ਾਵਾਂ ਨਾਲੋਂ ਚੋਖੇ ਫ਼ਰਕ ਵਾਲਾ ਹੈ। ਧਿਆਨ ਨਾਲ ਸੁਣਿਆ ਜਾਵੇ ਤਾਂ 'ਘੋੜਾ', 'ਸੰਘਾੜਾ' ਤੇ 'ਸੰਘ' - ਤਿੰਨਾਂ ਸ਼ਬਦਾਂ ਵਿੱਚ ਇੱਕਲੇ ਘੱਘੇ ਰਾਹੀਂ ਵੱਖ-ਵੱਖ ਧੁਨੀਆਂ ਅੰਕਿਤ ਕੀਤੀਆਂ ਗਈਆਂ ਹਨ। 'ਘੋੜਾ' ਵਿੱਚ ਇੱਕ ਧੁਨੀ ਹੈ, 'ਸੰਘਾੜਾ' ਵਿੱਚ ਦੂਜੀ ਤੇ 'ਸੰਘ' ਵਿੱਚ ਤੀਜੀ। ਪਰ ਗੁਰਮੁਖੀ ਵਿੱਚ ਇਨ੍ਹਾਂ ਤਿੰਨਾਂ ਵੱਖ-ਵੱਖ ਧੁਨੀਆਂ ਨੂੰ ਇੱਕ ਅੱਖਰ (ਘੱਘੇ) ਨਾਲ ਅੰਕਿਤ ਕਰਨ ਦਾ ਰਿਵਾਜ ਹੈ । ਉਚਾਰਨ ਦਾ ਇਹ ਅੰਤਰ ਅਜੋਕੇ ਪੰਜਾਬੀ ਉਚਾਰਨ ਦੀ ਇਕ ਖ਼ਾਸ ਵਿਸ਼ੇਸ਼ਤਾ ਕਾਰਨ ਹੋਇਆ ਹੈ। ਇਸ ਵਿਸ਼ੇਸ਼ਤਾ ਨੂੰ ਅਸੀਂ 'ਸੁਰ' ਕਹਿੰਦੇ ਹਾਂ। 'ਸੁਰ' ਦਾ ਵੇਰਵਾ ਕਿਸੇ ਅਗਲੇ ਪਾਠ ਵਿੱਚ ਦਿੱਤਾ ਜਾਵੇਗਾ।

ਦੂਜਾ ਅਭਿਆਸ

ਨੋਟ: i) ਪਹਿਲੇ ਪ੍ਰਸ਼ਨ ਵਿੱਚ ਤੁਸੀਂ ਕੇਵਲ (✓) ਲਾ ਕੇ ਹੀ ਦੱਸਣਾ ਹੈ ਕਿ ਤੁਸੀਂ ਕਿਨ੍ਹਾਂ ਭਾਸ਼ਾਵਾਂ ਨੂੰ ਭਾਰਤੀ ਆਰੀਆ ਸ਼ਾਖ ਦੀਆਂ ਮੰਨਦੇ ਹੋ।

ii) ਦੂਜੇ ਤੇ ਤੀਜੇ ਪ੍ਰਸ਼ਨਾਂ ਦੇ ਉੱਤਰ ਖ਼ਾਲੀ ਛੱਡੀ ਹੋਈ ਥਾਂ ਉੱਤੇ ਦੇਣੇ ਹਨ।

iii) ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਲਿਖਣ ਤੋਂ ਪਿਛੋਂ ਹੀ ਤੁਸੀਂ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਆਪਣੇ ਉੱਤਰ ਮੇਲਣੇ ਹਨ।

1 ਹੇਠ ਲਿਖੀਆਂ ਭਾਸ਼ਾਵਾਂ ਵਿੱਚੋਂ ਕਿਹੜੀਆਂ ਭਾਰਤੀ ਆਰੀਆ ਸ਼ਾਖ ਦੀਆਂ ਹਨ?

ਮਰਾਠੀ	ਤਮਿਲ
ਪੱਛਮੀ ਹਿੰਦੀ	ਬੰਗਾਲੀ
ਕਸ਼ਮੀਰੀ	ਅੰਗਰੇਜ਼ੀ
ਪੰਜਾਬੀ	

2 ਪੰਜਾਬੀ ਦੇ ਸੰਬੰਧਕਾਂ ਨੂੰ ਪਿਛੇਤਰੀ ਸੰਬੰਧਕ (Post-Position) ਕਿਉਂ ਕਹਿੰਦੇ ਹਨ ?

---

3 ਹੇਠ ਲਿਖੇ ਵਾਕਾਂ ਵਿੱਚੋਂ ਸੰਜੋਗਾਤਮਕ ਰੂਪਾਂ ਦੇ ਵਿਜੋਗਾਤਮਕ ਰੂਪ ਲਿਖੋ :

ਮੈਂ ਅੱਖੀਂ ਵੇਖਿਆ ।----------

ਉਹ ਗਡੀਓਂ ਉਤਰਿਆ ।----------

ਹੱਥੀਂ ਚੂੜੀਆਂ ਪਾਈਆਂ ।----------

1.4 ਪੰਜਾਬੀ ਧੁਨੀਆਂ ਤੇ ਉਨ੍ਹਾਂ ਦੀ ਵੰਡ

ਅਸੀਂ ਵੇਖ ਆਏ ਹਾਂ ਕਿ ਭਾਸ਼ਾ ਮੂੰਹੋਂ ਉਚਾਰੀਆਂ ਧੁਨੀਆਂ ਨਾਲ ਸਿਰਜੀ ਜਾਂਦੀ ਹੈ। ਹਰ ਭਾਸ਼ਾ ਦੀਆਂ ਆਪਣੀਆਂ ਨਿਵੇਕਲੀਆਂ ਧੁਨੀਆਂ ਹੁੰਦੀਆਂ ਹਨ। ਕਿਸੇ ਇਕ ਭਾਸ਼ਾ ਦੀਆਂ ਧੁਨੀਆਂ ਨੂੰ ਕਿਸੇ ਹੋਰ ਭਾਸ਼ਾ ਦੀਆਂ ਧੁਨੀਆਂ ਦੇ ਬਰਾਬਰ ਨਹੀਂ ਮੰਨਿਆ ਜਾ ਸਕਦਾ। ਏਥੇ ਅਸੀਂ, ਮੁੱਖ ਰੂਪ ਵਿੱਚ, ਪੰਜਾਬੀ ਦੀਆਂ ਧੁਨੀਆਂ ਬਾਰੇ ਵਿਚਾਰ ਕਰਾਂਗੇ।

1.4.1 ਧੁਨੀ ਕੀ ਹੈ?

ਅਸੀਂ ਪਿਛੇ ਭਾਸ਼ਾ ਦੇ ਸ਼ਬਦਾਂ ਨੂੰ 'ਧੁਨੀ-ਚਿੰਨ੍ਹ' ਕਹਿ ਆਏ ਹਾਂ। ਇਸ ਦਾ ਭਾਵ ਇਹ ਹੈ ਕਿ ਸ਼ਬਦ ਮੂੰਹੋਂ ਉਚਾਰੀਆਂ ਧੁਨੀਆਂ ਨਾਲ ਬਣਦੇ ਹਨ। ਇਨ੍ਹਾਂ ਧੁਨੀ-ਚਿਨ੍ਹਾਂ ਜਾਂ ਸ਼ਬਦਾਂ ਨੂੰ ਲੜੀਆਂ ਵਿੱਚ ਪਰੋ ਕੇ ਵਾਕ ਬਣਾਏ ਜਾਂਦੇ ਹਨ। ਇੰਜ ਅਸਾਂ ਭਾਸ਼ਾ ਦੀਆਂ ਤਿੰਨ ਇਕਾਈਆਂ ਲੱਭੀਆਂ ਹਨ–ਧੁਨੀਆਂ, ਸ਼ਬਦ ਤੇ ਵਾਕ। ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਧੁਨੀ ਹੈ ਤੇ ਸਭ ਤੋਂ ਵੱਡੀ ਵਾਕ। ਕਿਸੇ ਵੀ ਭਾਸ਼ਾ ਦਾ ਵਿਗਿਆਨਿਕ ਅਧਿਐਨ ਕਰਨਾ ਹੋਵੇ ਤਾਂ ਇਨ੍ਹਾਂ ਤਿੰਨਾਂ ਇਕਾਈਆਂ ਬਾਰੇ ਹੀ ਵਿਚਾਰ ਹੁੰਦੀ ਹੈ। ਹੁਣ ਅਸੀਂ ਪੰਜਾਬੀ ਦੀਆਂ ਧੁਨੀਆਂ ਦਾ ਅਧਿਐਨ ਕਰਾਂਗੇ।

ਸ਼ਬਦ 'ਤਾਰ' ਵਿੱਚ ਤਿੰਨ ਧੁਨੀਆਂ ਹਨ–/ਤ/, ਆ/ ਤੇ / ਰ/। 'ਤਾਰੇ' ਵਿੱਚ ਚਾਰ–/ਤ /, /ਆ/, /ਰ/ ਤੇ /ਏ/। ਇਨ੍ਹਾਂ ਹੀ ਦੀ ਬਦਲਵੀਂ ਵਰਤੋਂ ਨਾਲ ਹੋਰ ਸ਼ਬਦ ਬਣ ਸਕਦੇ ਹਨ, ਜਿਵੇਂ 'ਤਾਰੇ' ਵਿੱਚ ਵਰਤੀਆਂ ਚਹੁੰ ਧੁਨੀਆਂ ਤੋਂ ਹੀ 'ਤੇਰਾ' (/ਤ/, /ਏ/, /ਰ/,/ ਆ/) 'ਰੇਤਾ' (/ਰ/, /ਏ/, /ਤ/, /ਆ/ ਤੇ ਹੋਰ ਵਧੇਰੇ ਸ਼ਬਦ ਬਣਦੇ ਹਨ। ਇੰਜ ਧੁਨੀਆਂ ਦੀ ਜੁੱਟ-ਵਿਉਂਤ (Combination) ਤੇ ਕ੍ਰਮ-ਪਰਿਵਰਤਨ (Permutation) ਨਾਲ ਅਣਗਿਣਤ ਸ਼ਬਦ ਬਣਾਏ ਜਾ ਸਕਦੇ ਹਨ। ਧੁਨੀਆਂ ਬਹੁਤ ਥੋੜੀਆਂ ਵੀ ਹੋਣ, ਸ਼ਬਦ ਅਨੇਕਾਂ ਬਣ ਜਾਂਦੇ ਹਨ। ਉਂਜ ਵੀ ਬਹੁਤ ਜ਼ਿਆਦਾ ਧੁਨੀਆਂ ਦੀ ਕਿਸੇ ਵੀ ਭਾਸ਼ਾ ਨੂੰ ਲੋੜ ਨਹੀਂ। ਸੰਸਾਰ ਦੀਆਂ ਘੱਟ-ਤੋਂ-ਘੱਟ ਦੋ ਭਾਸ਼ਾਵਾਂ ਅਜਿਹੀਆਂ ਵੀ ਹਨ, ਜਿਹੜੀਆਂ ਸਿਰਫ਼ 15 ਧੁਨੀਆਂ ਨਾਲ ਹੀ ਆਪਣਾ ਸਾਰਾ ਕੰਮ ਚੰਗਾ ਚਲਾ ਰਹੀਆਂ ਹਨ, ਇਹ ਹਨ ਫਿੱਜੀ ਤੇ ਹਵਾਈ ਟਾਪੂਆਂ ਦੀਆਂ ਭਾਸ਼ਾਵਾਂ। ਹੁਣ ਤਕ ਦੀ ਖੋਜ ਅਨੁਸਾਰ, ਕੁੱਝ ਭਾਸ਼ਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਦੀਆਂ ਧੁਨੀਆਂ ਦੀ ਗਿਣਤੀ 75 ਤਕ ਜਾ ਪਹੁੰਚਦੀ ਹੈ।

ਆਮ ਤੌਰ ਉੱਤੇ ਸੰਬੰਧਿਤ ਭਾਸ਼ਾ ਦੀਆਂ ਧੁਨੀਆਂ ਨੂੰ ਲਿਪੀ ਦੇ ਚਿੰਨ੍ਹ ਜਾਂ ਅੱਖਰ ਅੰਕਿਤ ਕਰਦੇ ਹਨ, ਜਿਵੇਂ / ਕ/ ਦੀ ਧੁਨੀ ਲਈ ਗੁਰਮੁਖੀ ਵਿੱਚ 'ਕ', ਅੰਗਰੇਜ਼ੀ (ਰੋਮਨ) ਵਿੱਚ 'k' ਤੇ ਦੇਵ ਨਾਗਰੀ ਵਿੱਚ ਕ ਦੀ ਵਰਤੋਂ ਹੁੰਦੀ ਹੈ। ਪਰ ਹਰ ਲਿਪੀ ਦੀ ਅਪਣੀ ਵਿਉਂਤ ਹੁੰਦੀ ਹੈ, ਇਸ ਲਈ ਬਹੁਤ ਵਾਰੀ, ਭਾਸ਼ਾ ਦੀਆਂ ਧੁਨੀਆਂ ਤੇ ਲਿਪੀ ਦੇ ਅੱਖਰਾਂ ਦੀ ਗਿਣਤੀ ਸਮਾਨ ਨਹੀਂ ਹੁੰਦੀ।

ਇਥੇ 'ਧੁਨੀ' ਤੇ 'ਅੱਖਰ' ਦੇ ਅੰਤਰ ਨੂੰ ਵੀ ਸਮਝ ਹੀ ਲੈਣਾ ਚਾਹੀਦਾ ਹੈ। 'ਧੁਨੀ' ਉਹ ਆਵਾਜ਼ ਹੈ ਜੋ ਮੂੰਹੋਂ ਉਚਾਰੀ ਜਾਂਦੀ ਹੈ, ਅਤੇ 'ਅੱਖਰ' ਉਸ ਆਵਾਜ ਨੂੰ ਲਿਖਤ ਵਿੱਚ ਅੰਕਿਤ ਕਰਨ ਲਈ ਨਿਸ਼ਚਿਤ ਕੀਤਾ ਗਿਆ ਚਿੰਨ੍ਹ ਹੁੰਦਾ ਹੈ। ਇਸ ਫਰਕ ਨੂੰ ਸਪਸ਼ਟ ਕਰਨ ਲਈ ਲਿਖਣ ਵੇਲੇ ਇਕ ਖ਼ਾਸ ਵਿਧੀ ਅਪਣਾਈ ਜਾਂਦੀ ਹੈ। ਜਦੋਂ ਕ ਜਾਂ 'ਕ' ਲਿਖਿਆ ਹੋਵੇ ਤਾਂ ਇਸ ਦਾ ਮਤਲਬ ਹੁੰਦਾ ਹੈ 'ਕੱਕਾ' ਅੱਖਰ। ਪਰ ਜੇ ਇਸ ਅੱਖਰ ਦੀ ਧੁਨੀ ਦਰਸਾਉਣੀ ਹੋਵੇ, (ਜਿਵੇਂ ਇਹ 'ਕਾਰ', ਆਦਿ ਸ਼ਬਦ ਵਿੱਚ ਉਚਾਰੀ ਜਾਂਦੀ ਹੈ) ਤਾਂ ਇਸ ਅੱਖਰ ਨੂੰ ਤਿਰਛੀਆਂ ਲਾਈਨਾਂ ਵਿੱਚ ਲਿਖਿਆ ਜਾਂਦਾ ਹੈ - /ਕ/। ਇਹ ਨੁਕਤਾ ਯਾਦ ਰੱਖਣ ਵਾਲਾ ਹੈ। ਜੇ ਤੁਸੀਂ ਕਿਸੇ ਭਾਸ਼ਾ ਦੀਆਂ ਧੁਨੀਆਂ ਦਰਸਾਉਣੀਆਂ ਹੋਣ ਤਾਂ ਇਨ੍ਹਾਂ ਨੂੰ ਤਿਰਛੀਆਂ ਲਾਈਨਾਂ ਵਿੱਚ ਲਿਖਣਾ ਪਵੇਗਾ।

ਉੱਤੇ ਦਿੱਤੇ ਉਦਾਹਰਨ ਵਿੱਚ ਅਸਾਂ ਸ਼ਬਦ 'ਤਾਰੇ' ਵਿੱਚ ਚਾਰ ਧੁਨੀਆਂ ਮੰਨੀਆਂ ਹਨ –/ਤ/, /ਆ/, /ਰ/, /ਏ/, ਪਰ ਸਾਧਾਰਨ ਲਿਖਤ ਵਿੱਚ 'ਆ' ਤੇ 'ਏ' ਪੂਰੇ ਨਹੀਂ ਲਿਖੇ ਜਾਂਦੇ, ਸਗੋਂ ਇਹਨਾਂ ਦੀ ਥਾਂ ਕੇਵਲ ਲਗਾਂ ਵਰਤ ਲਈਆਂ ਜਾਂਦੀਆਂ ਹਨ। ਲਿਖਤ ਦਾ ਇਹ ਢੰਗ ਗੁਰਮੁੱਖੀ, ਦੇਵਨਾਗਰੀ, ਆਦਿ ਲਿਪੀਆਂ ਦਾ ਆਪਣਾ ਹੈ। ਇਸ ਢੰਗ ਵਿੱਚ ਕੁਝ ਪੂਰੇ ਅੱਖਰਾਂ ਦੀ ਥਾਂ ਲਗਾਂ ਵਰਤ ਕੇ ਕੰਮ ਸਾਰ ਲਿਆ ਜਾਂਦਾ ਹੈ। ਲਗਾਂ ਨੂੰ ਮਾਤਰਾਂ ਵੀ ਕਿਹਾ ਜਾਂਦਾ ਹੈ। ਅੱਖਰਾਂ ਤੇ ਲਗਾਂ- ਮਾਤਰਾਂ ਦੀ ਵਰਤੋਂ ਦਾ ਪੂਰਾ ਵੇਰਵਾ ਤੁਹਾਨੂੰ ਲਿਪੀ ਵਾਲੇ ਪਾਠ ਵਿੱਚ ਮਿਲ ਜਾਵੇਗਾ।

1.4.2 ਧੁਨੀਆਂ ਦੀ ਵੰਡ

ਧੁਨੀਆਂ ਦੀਆਂ ਦੋ ਮੁੱਖ ਸ਼੍ਰੇਣੀਆਂ ਮੰਨੀਆਂ ਜਾਂਦੀਆਂ ਹਨ–ਸੁਰ ਤੇ ਵਿਅੰਜਨ। /ਆ/, /ਇ/, /ਉ/, /ਓ/ ਆਦਿ ਸੁਰ ਹਨ ਪਰ /ਸ/, /ਹ/, /ਕ/, /ਛ/, /ਣ/, /ਯ/, /ੜ/ ਆਦਿ ਵਿਅੰਜਨ ਹਨ।

ਸ੍ਵਰ ਦੇ ਉਚਾਰਨ ਵੇਲੇ ਮੂੰਹ ਖੁੱਲਾ ਰਹਿੰਦਾ ਹੈ। ਮੂੰਹ ਦੇ ਕੋਈ ਦੋ ਅੰਗ ਇਕ ਦੂਜੇ ਨੂੰ ਨਹੀਂ ਛੂੰਹਦੇ; ਬਾਹਰ ਨੂੰ ਜਾਂਦਾ ਸਾਹ ਬਿਨਾਂ ਰੁਕਾਵਟ, ਪ੍ਰਵਾਹ ਸਹਿਤ ਮੂੰਹ ਵਿੱਚੋਂ ਬਾਹਰ ਨਿਕਲ ਜਾਂਦਾ ਹੈ। ਪਰੰਤੂ ਵਿਅੰਜਨਾਂ ਦੇ ਉਚਾਰਨ ਸਮੇਂ ਬਾਹਰ ਨੂੰ ਜਾਂਦੇ ਸਾਹ ਦੇ ਰਸਤੇ ਵਿੱਚ ਕਿਸੇ ਥਾਂ ਕੋਈ ਰੁਕਾਵਟ ਪੈਦਾ ਕੀਤੀ ਜਾਂਦੀ ਹੈ। ਇਸ ਆਧਾਰ ਉਤੇ ਸ੍ਵਰਾਂ ਤੇ ਵਿਅੰਜਨਾਂ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਜਾਂਦੀ ਹੈ।

ਪਰਿਭਾਸ਼ਾ

ਸ੍ਵਰ ਸ੍ਵਰ ਉਹ ਧੁਨੀਆਂ ਹਨ, ਜਿਨ੍ਹਾਂ ਦੇ ਉਚਾਰਨ ਵਿੱਚ ਬਾਹਰ ਨੂੰ ਜਾਂਦਾ ਸਾਹ ਬਿਨਾਂ ਰੁਕਾਵਟ, ਪ੍ਰਵਾਹ ਸਹਿਤ, ਮੂੰਹ ਵਿੱਚ ਦੀ ਬਾਹਰ ਨਿਕਲ ਜਾਂਦਾ ਹੈ।

ਵਿਅੰਜਨ: ਵਿਅੰਜਨ ਉਹ ਧੁਨੀਆਂ ਹਨ, ਜਿਨ੍ਹਾਂ ਦੇ ਉਚਾਰਨ ਲਈ, ਬਾਹਰ ਨੂੰ ਜਾਂਦੇ ਸਾਹ ਦੇ ਪ੍ਰਵਾਹ ਵਿੱਚ, ਕਿਸੇ ਥਾਂ ਕਿਸੇ-ਨਾ-ਕਿਸੇ ਪ੍ਰਕਾਰ ਦੀ ਕੋਈ ਰੁਕਾਵਟ ਪੈਦਾ ਕੀਤੀ ਜਾਂਦੀ ਹੈ।

1.4.3 ਪੰਜਾਬੀ ਦੀਆਂ ਧੁਨੀਆਂ

ਪੰਜਾਬੀ ਦੇ ਸ੍ਵਰ ਹਨ :
/ਅ, ਆ, ਇ, ਈ, ਉ, ਊ, ਏ, ਐ, ਓ, ਅ:/
ਪੰਜਾਬੀ ਦੇ ਵਿਅੰਜਨ ਹਨ :
/ਸ, ਹ,
ਕ, ਖ, ਗ, ਘ, ਙ,
ਚ, ਛ, ਜ, ਝ, ਞ,
ਟ, ਠ, ਡ, ਢ, ਣ,
ਤ, ਥ, ਦ, ਧ, ਨ,
ਪ, ਫ, ਬ, ਭ, ਮ,
ਯ, ਰ, ਲ, ਵ, ੜ/

ਇਹ ਸਾਰੇ ਵਿਅੰਜਨ ਗੁਰਮੁੱਖੀ ਲਿਪੀ ਦੇ ਅੱਖਰਾਂ ਰਾਂਹੀਂ ਅੰਕਿਤ ਕੀਤੇ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਕੁੱਝ ਵਿਅੰਜਨ ਦੂਜੀਆਂ ਭਾਸ਼ਾਵਾਂ ਤੋਂ ਅਪਣਾਏ ਸ਼ਬਦਾਂ ਵਿੱਚ ਵਰਤੇ ਜਾਂਦੇ ਹਨ। ਜਦੋਂ ਗੁਰਮੁੱਖੀ ਲਿਪੀ ਤਿਆਰ ਹੋਈ, ਓਦੋਂ ਇਹ ਧੁਨੀਆਂ ਪੰਜਾਬੀ ਵਿੱਚ ਨਹੀਂ ਸਨ ਉਚਾਰੀਆਂ ਜਾਂਦੀਆਂ। ਪਰ ਹੁਣ ਇਨ੍ਹਾਂ ਦੀ ਵਰਤੋਂ ਹੋ ਰਹੀ ਹੈ ਤੇ ਇਹ ਪੁਰਾਣੇ ਅੱਖਰਾਂ ਦਿਆਂ ਪੈਰਾਂ ਵਿੱਚ ਬਿੰਦੀ ਲਾ ਕੇ ਅੰਕਿਤ ਕੀਤੀਆਂ ਜਾਂਦੀਆਂ ਹਨ :

/ਸ਼/, /ਜ਼/ ਤੇ /ਫ਼/

ਇਹਨਾਂ ਤੋਂ ਇਲਾਵਾ ਪੰਜਾਬੀ ਦੀ ਇਕ ਹੋਰ ਧੁਨੀ ਹੈ, ਜੋ ਉਚਾਰਨ ਵਿੱਚ ਮੌਜੂਦ ਹੈ, ਪਰ ਆਮ ਤੌਰ ਤੇ, ਲਿਖਤ ਵਿੱਚ ਵਰਤੀ ਨਹੀਂ ਜਾਂਦੀ। ਇਹ ਹੈ /ਲ/

ਇੰਜ ਪੰਜਾਬੀ ਦੇ ਕੁਲ ਵਿਅੰਜਨ 36 ਬਣਦੇ ਹਨ।

ਤੀਜਾ ਅਭਿਆਸ

ਨੋਟ : i) ਉੱਤਰ ਖਾਲੀ ਛੱਡੀ ਗਈ ਥਾਂ ਉੱਤੇ ਲਿਖਣੇ ਹਨ।
ii) ਆਪਣੇ ਉੱਤਰਾਂ ਦੀ ਪੜਤਾਲ ਲਈ ਵੇਖੋ ਇਸ ਪਾਠ ਦੇ ਅੰਤ ਵਿੱਚ ਦਿੱਤੇ ਗਏ ਉੱਤਰ।

1 ਸ਼ਬਦ 'ਲਿਖੀਏ' ਵਿੱਚ ਕਿਹੜੀਆਂ ਕਿਹੜੀਆਂ ਧੁਨੀਆਂ ਆਈਆਂ ਹਨ।
---

2 ਸ੍ਵਰਾਂ ਤੇ ਵਿਅੰਜਨਾਂ ਵਿੱਚ ਕੀ ਫ਼ਰਕ ਹੈ?

---

3 ਪੰਜਾਬੀ ਸ੍ਵਰਾਂ ਦੀ ਸੂਚੀ ਤਿਆਰ ਕਰੋ।

1.4.4 ਪੰਜਾਬੀ ਸ੍ਵਰਾਂ ਦੀ ਵੰਡ

ਕਿਸੇ ਭਾਸ਼ਾ ਦੀਆਂ ਧੁਨੀਆਂ ਦੀ ਵਿਗਿਆਨਿਕ ਪੜਚੋਲ ਕਰਦਿਆਂ, ਉਨ੍ਹਾਂ ਨੂੰ ਦੋ ਪੱਖਾਂ ਤੋਂ ਵਿਚਾਰਿਆ ਜਾਂਦਾ ਹੈ–ਉਚਾਰਨ ਦਾ ਸਥਾਨ ਤੇ ਉਚਾਰਨ ਦੀ ਵਿਧੀ। ਪੰਜਾਬੀ ਸ੍ਵਰਾਂ ਦਾ ਬਿਉਰਾ ਹੇਠਾਂ ਦਿੱਤੇ ਚਿੱਤਰ ਰਾਹੀਂ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।



ਇਸ ਚਿੱਤਰ ਵਿੱਚ /ਈ, ਇ, ਏ, ਐ/ ਨੂੰ ਮੁਹਰਲੇ ਸੁਰ ਦੱਸਿਆ ਗਿਆ ਹੈ। ਇਸ ਦਾ ਅਰਥ ਇਹ ਹੈ ਕਿ ਇਹ ਸਾਰੀਆਂ ਧੁਨੀਆਂ ਜੀਭ ਦੇ ਅਗਲੇ ਹਿੱਸੇ ਨੂੰ ਉੱਚਾ ਚੁੱਕ ਕੇ ਉਚਾਰੀਆਂ ਜਾਂਦੀਆਂ ਹਨ। /ਈ/ ਦੇ ਉਚਾਰਨ ਲਈ ਜੀਭ ਵੱਧ ਤੋਂ ਵੱਧ ਉੱਚੀ ਚੁੱਕੀ ਜਾਂਦੀ ਹੈ, ਇਸ ਲਈ ਇਸ ਨੂੰ 'ਮੁਹਰਲਾ' ਤੇ 'ਉੱਚਾ' ਸੁਰ ਮੰਨਿਆ ਗਿਆ ਹੈ। /ਐ/ ਦਾ ਉਚਾਰਨ ਵੀ ਜੀਭ ਦੇ ਮੁਹਰਲੇ ਹਿੱਸੇ ਨਾਲ ਕੀਤਾ ਜਾਂਦਾ ਹੈ ਪਰ ਇਸ ਦੇ ਉਚਾਰਨ ਵਿੱਚ ਜੀਭ ਘੱਟ ਤੋਂ ਘੱਟ ਉੱਚੀ ਉੱਠਦੀ ਹੈ। ਇਸ ਲੱਛਣ ਦੇ ਆਧਾਰ ਉੱਤੇ ਇਹ 'ਮੁਹਰਲਾ' ਤੇ 'ਨੀਵਾਂ' ਸੁਰ ਬਣਦਾ ਹੈ। /ਏ/ ਦੀ ਸਥਿਤੀ ਇਹਨਾ ਦੋਹਾਂ ਦੇ ਵਿਚਾਲੇ ਦੀ ਹੈ–ਨਾ ਇਹ ਪੂਰਾ ਉੱਚਾ ਹੈ, ਨਾ ਬਿਲਕੁਲ ਨੀਵਾਂ। ਇਸ ਨੂੰ 'ਅੱਧ ਉੱਚਾ' ਕਿਹਾ ਜਾਂਦਾ ਹੈ। ਕਹਿਣ ਨੂੰ ਤਾਂ ਅੱਧ ਨੀਵਾਂ ਵੀ ਕਹਿ ਸਕਦੇ ਹਾਂ, ਪਰ ਕਿਉਂਕਿ ਇਸ ਦਾ ਉਚਾਰਨ ਜੀਭ ਦੇ ਮੁਹਰਲੇ ਹਿੱਸੇ ਨਾਲ ਹੁੰਦਾ ਹੈ, ਇਸ ਲਈ ਇਹ ਮੁਹਰਲਾ, ਅੱਧ ਉੱਚਾ ਸੁਰ ਬਣਦਾ ਹੈ। /ਇ/ ਦੀ ਸਥਿਤੀ /ਈ/ ਦੇ ਬਿਲਕੁਲ ਲਾਗੇ ਹੈ। ਇਸ ਦੇ ਉੱਚਾਰਨ ਵਿੱਚ ਜੀਭ ਉੱਚੀ ਉੱਠਦੀ ਹੈ, ਪੱਰ /ਈ/ ਨਾਲੋਂ ਕੁੱਝ ਘੱਟ। ਇਸ ਨੂੰ ਵੀ 'ਮੁਹਰਲਾ ਉੱਚਾ' ਸੁਰ ਮੰਨਿਆ ਗਿਆ ਹੈ। /ਉ/ ਜੀਭ ਦੇ ਪਿਛਲੇ ਹਿੱਸੇ ਨੂੰ ਉੱਚੇ ਤੋਂ ਉੱਚਾ ਚੁੱਕ ਕੇ ਬੋਲਿਆ ਜਾਂਦਾ ਹੈ। ਇਸ ਲਈ ਇਹ ਪਿਛਲਾ ਉੱਚਾ ਸੁਰ ਹੈ। /ਓ/ ਪਿਛਲਾ,ਅੱਧ ਉੱਚਾ, ਅਤੇ /ਔ/ ਪਿਛਲਾ ਨੀਵਾਂ ਸੁਰ ਹੈ। /ਉ/ ਉਚਾਰਨ ਲਈ ਜੀਭ /ਊ/ ਨਾਲੋਂ ਥੋੜੀ ਜਿਹੀ ਘੱਟ ਉੱਚੀ ਚੁੱਕੀ ਜਾਂਦੀ ਹੈ–ਇਸ ਲਈ ਇਹ ਵੀ ਪਿਛਲਾ ਉੱਚਾ ਸੁਰ ਹੈ।

/ਅ/, ਦੇ ਉਚਾਰਨ ਵਿੱਚ ਜੀਭ ਦਾ ਵਿਚਕਾਰਲਾ ਹਿੱਸਾ ਉੱਚਾ ਉੱਠਦਾ ਹੈ। ਪਰ ਮਾਮੂਲੀ ਉੱਚਾ, ਨੀਵੇਂ ਸੁਰਾਂ ਵਾਲੀ ਸਥਿਤੀ ਵਿਚ। ਇਸ ਲਈ ਇਹ 'ਵਿਚਕਾਰਲਾ' ਨੀਵਾਂ ਸੁਰ ਹੈ। /ਅ/ ਦਾ ਉਚਾਰਨ ਵੀ ਜੀਭ ਦੇ ਵਿਚਕਾਰਲੇ ਹਿੱਸੇ ਨਾਲ ਹੁੰਦਾ ਹੈ, ਪਰ ਜੀਭ ਕੁੱਝ (ਮਾਮੂਲੀ ਜਿਹੀ) ਹੋਰ ਉੱਚੀ ਉੱਠਦੀ ਹੈ। ਸੋ ਇਹ ਵੀ ਵਿਚਕਾਰਲਾ ਨੀਵਾਂ ਸੁਰ ਹੈ।

ਇਹ ਪੰਜਾਬੀ ਸੁਰਾਂ ਦਾ ਸੰਖਿਪਤ ਵੇਰਵਾ ਹੈ। ਇਨ੍ਹਾਂ ਸੁਰਾਂ ਦੇ ਕੁੱਝ ਹੋਰ ਲੱਛਣ ਵੀ ਸਮਝ ਲੈਣੇ ਚਾਹੀਦੇ ਹਨ। ਪਿਛਲੇ ਸੁਰਾ–/ਊ, ਉ, ਓ, ਔ/, ਦੇ ਉਚਾਰਨ ਸਮੇਂ ਬੁੱਲ੍ਹ ਗੋਲ ਹੋ ਜਾਂਦੇ ਹਨ; ਇਸ ਲਈ ਇਨ੍ਹਾਂ ਨੂੰ ਗੁਲਾਈਦਾਰ ਸੁਰ ਕਿਹਾ ਜਾਂਦਾ ਹੈ। ਮੁਹਰਲੇ ਤੇ ਵਿਚਕਾਰਲੇ ਸੁਰ ਗੁਲਾਈ ਰਹਿਤ ਹਨ, ਕਿਉਂਕਿ ਇਹਨਾਂ ਦੇ ਉਚਾਰਨ ਵਿੱਚ ਵਰਾਛਾਂ ਫੈਲੀਆਂ ਰਹਿੰਦੀਆਂ ਹਨ, ਬੁੱਲ੍ਹ ਗੋਲ ਨਹੀਂ ਹੁੰਦੇ।

ਪੰਜਾਬੀ ਦੇ ਸਾਰੇ ਸੁਰ ਨਾਸਿਕੀ ਜਾਂ ਨਾਸਾਂ ਵਿਚੋਂ ਬੋਲੇ ਜਾਣ ਵਾਲੇ ਵੀ ਹੋ ਸਕਦੇ ਹਨ, ਅਰਥਾਤ /ਈ/ ਤੋਂ /ਈਂ, ਅਤੇ /ਓ/ ਤੋ /ਓਂ/ ਉਚਾਰਨ ਵੀ ਹੁੰਦਾ ਹੈ। ਸੁਰ ਦਾ ਉਚਾਰਨ ਨਾਸਿਕੀ ਹੋਣ ਨਾਲ ਸ਼ਬਦ ਦੇ ਅਰਥ ਬਦਲ ਜਾਂਦੇ ਹਨ, ਜਿਵੇਂ /ਸਾਗ/ ਦੇ ਅਰਥ /ਸਾਂਗ/ ਤੋਂ ਬਿਲਕੁਲ ਵੱਖਰੇ ਹਨ।

ਪ੍ਰਾਚੀਨ ਵਿਆਕਰਣਕਾਰਾਂ ਨੇ ਸੁਰਾਂ ਦੀਆਂ ਦੋ ਸ਼੍ਰੇਣੀਆਂ ਬਣਾਈਆਂ ਸਨ–'ਹ੍ਰਸਵ' ਤੇ 'ਦੀਰਘ'। ਇਸ ਵੰਡ ਅਨੁਸਾਰ /ਅ, ਓ, ਇ/ ਹ੍ਰਸਵ (ਛੋਟੇ) ਸੁਰ, ਅਤੇ ਬਾਕੀ ਸਾਰੇ ਦੀਰਘ (ਲੰਮੇ) ਹਨ। ਵੇਖਿਆ ਜਾਵੇ /ਇ/ ਦੇ ਉਚਾਰਨ ਨਾਲ ਘੱਟ ਸਮਾਂ ਲੱਗਦਾ ਹੈ। ਇਵੇਂ ਹੀ /ਉ/ ਦਾ ਉਚਾਰਨ /ਊ/ ਨਾਲੋਂ ਘੱਟ ਸਮੇਂ ਵਿੱਚ ਹੁੰਦਾ ਹੈ। ਹ੍ਰਸਵ ਤੇ ਦੀਰਘ ਦੀ ਵੰਡ ਬੜੀ ਮਹੱਤਵਪੂਰਨ ਹੈ।

1.4.5 ਪੰਜਾਬੀ ਸੁਰਾਂ ਦੀ 'ਵਰਤੋਂ'

ਵਰਤੋਂ ਦੇ ਪੱਖ ਤੋਂ ਵੀ ਪੰਜਾਬੀ ਸੁਰਾਂ ਦੀਆਂ ਕੁੱਝ ਵਿਸ਼ੇਸ਼ਤਾਵਾਂ ਹਨ :

ੳ ਸ਼ਬਦ ਦੇ ਅਰੰਭ ਵਿੱਚ ਇੱਕ ਤੋਂ ਵੱਧ ਸੁਰ ਨਹੀਂ ਆਉਂਦੇ, ਪਰ ਸ਼ਬਦਾਂ ਦੇ ਅੰਤ ਵਿੱਚ ਤਿੰਨ-ਤਿੰਨ, ਚਾਰ-ਚਾਰ ਸੁਰ ਵੀ ਇਕੱਠੇ ਆ ਜਾਂਦੇ ਹਨ, ਜਿਵੇਂ ਲਿਖਾਇਆਂ (ਇ+ਆ+ਇ+ਆ), ਧੁਆਇਆ (ਉ+ਆ+ਈ+ਆ) ਆਦਿ ਵਿੱਚ

ਨੋਟ 1) ਯਾਦ ਰਖਿਆ ਜਾਵੇ ਕਿ 'ਲਿਖਾਇਆ' ਦੇ ਲੱਲੇ ਨੂੰ ਲੱਗੀ ਸਿਹਾਰੀ ਲਿਖੀ ਭਾਵੇਂ ਲੱਲੇ ਤੋਂ ਪਹਿਲਾਂ ਗਈ ਹੈ, ਪਰ ਉਚਾਰੀ ਲੱਲੇ ਤੋਂ ਪਿੱਛੋਂ ਜਾਂਦੀ ਹੈ। ਇਵੇਂ ਹੀ 'ਧੁਆਇਆ' ਵਿੱਚ ਧੱਧੇ ਦਾ ਔਂਕੜ ਭਾਵੇਂ ਹੇਠਾਂ ਅੰਕਿਤ ਕੀਤਾ ਗਿਆ ਹੈ, ਪਰ ਉਚਾਰਨ ਵਿੱਚ ਇਸ ਤੋਂ ਪਿੱਛੋਂ ਆਉਂਦਾ ਹੈ। ਇਨ੍ਹਾਂ ਦੋਹਾਂ ਸ਼ਬਦਾਂ ਦੇ ਅੰਤ ਵਿੱਚ ਚਾਰ-ਚਾਰ ਸੁਰ ਆਏ ਹਨ।

ਨੋਟ 2) ਕਿਰਿਆ 'ਆਉਣਾ' ਦੇ ਰੂਪਾਂ ਆਏ, ਆਈਆਂ, ਆਇਓ, ਆਦਿ ਵਿੱਚ ਸਾਰੇ ਦੇ ਸਾਰੇ ਸੁਰ ਹੀ ਆਉਂਦੇ ਹਨ। ਇਵੇਂ ਹੀ 'ਓਇ', 'ਅਇ', ਆਦਿ ਬਹੁਤ ਥੋੜੇ ਜਿਹੇ ਸ਼ਬਦਾਂ ਵਿੱਚ ਸਿਰਫ ਸੁਰ ਹੀ ਵਰਤੇ ਜਾਂਦੇ ਹਨ। ਬਾਕੀ ਕਿਸੇ ਸ਼ਬਦ ਦੇ ਅਰੰਭ ਵਿੱਚ ਇਕ ਤੋਂ ਵੱਧ ਸੁਰ ਇਕੱਠੇ ਨਹੀਂ ਆਉਂਦੇ।

ਅ) ਅਜੋਕੀ ਪੰਜਾਬੀ ਵਿੱਚ ਸਭ ਤੋਂ ਵੱਧ ਵਰਤੋਂ /ਅ/ ਤੇ /ਆ/ ਦੀ ਹੁੰਦੀ ਹੈ, ਅਤੇ ਸਭ ਤੋਂ ਘੱਟ /ਐ/ ਦੀ। ਪੁਰਾਣੀ ਪੰਜਾਬੀ ਵਿੱਚ ਵੀ /ਐ/ ਦੀ ਵਰਤੋਂ ਬਹੁਤ ਹੀ ਘੱਟ ਸੀ--ਅੱਜ ਨਾਲੋਂ ਵੀ ਬਹੁਤ ਘੱਟ। ਸਾਰੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਇਦ /ਐ/ ਵੀਹ, ਬਾਈ ਸ਼ਬਦਾਂ ਤੋਂ ਵੱਧ ਨਹੀਂ ਆਇਆ। ਇਸ ਦੇ ਉਲਟ /ਐ/

ਪੁਰਾਣੀ ਪੰਜਾਬੀ ਵਿੱਚ ਬਹੁਤ ਆਉਂਦਾ ਹੈ। ਇੱਥੇ, ਉੱਥੇ, ਜਿੱਥੇ, ਕਿੱਥੇ, ਲਾਗੇ, ਨੇੜੇ, ਗਾਵੇ, ਕਰੇ, ਵੇਖੇ, ਆਦਿ ਸ਼ਬਦਾਂ ਦੇ ਅੰਤ ਵਿੱਚ /ਐ/ ਉਚਾਰਿਆ ਜਾਂਦਾ ਸੀ।

ਏ) ਅਜੋਕੀ ਪੰਜਾਬੀ ਵਿੱਚ ਹ੍ਰਸਵ ਸੁਰ /ਇ/ ਤੇ /ਉ/ ਸ਼ਬਦਾਂ ਦੇ ਅੰਤ ਵਿੱਚ ਨਹੀਂ ਉਚਾਰੇ ਜਾਂਦੇ। ਲਿਖਿਤ ਭਾਸ਼ਾ ਵਿੱਚ ਭਾਵੇਂ 'ਆਦਿ', 'ਪ੍ਰਤਿ' ਆਦਿ ਸ਼ਬਦਾਂ ਦੇ ਅੰਤ ਵਿਚ /ਇ/ (ਸਿਹਾਰੀ) ਆਈ ਹੈ, ਪਰ 'ਠੇਠ' ਪੰਜਾਬੀ ਵਿੱਚ ਇਨ੍ਹਾਂ ਦਾ ਉਚਾਰਨ 'ਆਦੀਂ' ਜਾਂ 'ਆਦ', ਅਤੀ ਜਾਂ ਅੱਤ, 'ਪ੍ਰਤੀ' ਜਾਂ 'ਪਰਤੀ' ਹੈ।

ਚੇਥਾ ਅਭਿਆਸ

ਨੋਟ : i) ਸਵਾਲਾਂ ਦੇ ਜਵਾਬ ਖ਼ਾਲੀ ਛੱਡੀ ਹੋਈ ਥਾਂ ਉੱਤੇ ਦੇਣੇ ਹਨ।
ii) ਉੱਤਰ ਲਿਖਣ ਤੋਂ ਪਹਿਲਾਂ ਅੰਤ ਵਿੱਚ ਦਿੱਤੇ ਉੱਤਰ ਨਹੀਂ ਵੇਖਣੇ। ਪਰ ਲਿਖਣ ਮਗਰੋਂ ਵੇਖੇ ਜਾ ਸਕਦੇ ਹਨ।

1 /ਆ, ਇ, ਉ, ਐ, ਓ/ ਵਿੱਚੋਂ ਕਿਹੜੇ-ਕਿਹੜੇ ਸੁਰ ਮੂਹਰਲੇ ਹਨ, ਅਤੇ ਕਿਹੜੇ-ਕਿਹੜੇ ਗੁਲਾਈ-ਰਹਿਤ ਹਨ ?

---

2 ਪੰਜਾਬੀ ਦੇ ਹ੍ਰਸਵ ਸੁਰ ਕਿਹੜੇ-ਕਿਹੜੇ ਹਨ ?

---

3 ਪੰਜਾਬੀ ਦਾ ਕਿਹੜਾ ਸੁਰ ਸਭ ਤੋਂ ਵਧ ਵਰਤਿਆ ਜਾਂਦਾ ਹੈ ਤੇ ਕਿਹੜਾ ਸਭ ਤੋਂ ਘੱਟ ?

1.4.6 ਪੰਜਾਬੀ ਵਿਅੰਜਨਾਂ ਦੀ ਵੰਡ

ਵਿਅੰਜਨਾਂ ਦਾ ਵਿਸ਼ਲੇਸ਼ਣ ਵੀ ਸੁਰਾਂ ਵਾਂਗ, ਉਚਾਰਨ ਦੇ ਸਥਾਨ ਤੇ ਉਚਾਰਨ ਦੀ ਵਿਧੀ ਦੇ ਪੱਖ ਤੋਂ ਕੀਤਾ ਜਾਂਦਾ ਹੈ। ਪਹਿਲਾਂ ਅਸੀ ਪੰਜਾਬੀ ਵਿਅੰਜਨਾਂ ਨੂੰ ਉਚਾਰਨ ਦੇ ਸਥਾਨ ਦੇ ਪੱਖ ਤੋਂ ਵਿਚਾਰਾਂਗੇ। ਕੁੱਝ ਵਿਅੰਜਨ ਅਜਿਹੇ ਹਨ, ਜਿਹੜੇ ਦੋਹਾਂ ਬੁੱਲ੍ਹਾਂ ਨਾਲ ਉਚਾਰੇ ਜਾਂਦੇ ਹਨ–/ਪ, ਫ, ਬ, ਭ, ਮ/। ਅਸੀ ਇਨ੍ਹਾਂ ਨੂੰ 'ਦੁਹੋਠੀ' ਵਿਅੰਜਨ ਕਹਿੰਦੇ ਹਾਂ। /ਤ,ਥ,ਦ,ਧ,ਨ/ ਦੇ ਉਚਾਰਨ ਵਿੱਚ ਜੀਭ ਦੀ ਨੋਕ ਉਤਲਿਆਂ ਦੰਦਾਂ ਨੂੰ ਛੂਹੰਦੀ ਹੈ, ਅਤੇ ਨੋਕ ਦਾ ਪਿਛਲਾ ਹਿੱਸਾ ਬੁੱਟ (ਮਸੂਹੜੇ) ਨੂੰ ਛੂਹਦਾ ਹੈ। ਇਸ ਆਧਾਰ ਉੱਤੇ ਇਨ੍ਹਾਂ ਪੰਜ ਵਿਅੰਜਨਾ ਨੂੰ ਦੰਤ ਬੁਟੀ ਆਖਦੇ ਹਨ। /ਚ, ਛ, ਜ, ਝ, ਞ /ਦੇ ਉਚਾਰਨ ਵਿੱਚ ਜੀਭ ਦਾ ਮੂੰਹਰਲਾ ਹਿੱਸਾ ਤਾਲੂ ਦੇ ਅਗਲੇ ਹਿੱਸੇ ਨੂੰ ਉੱਥੇ ਛੂਹਦਾ ਹੈ, ਜਿੱਥੇ ਤਾਲੂ ਕਰੜਾ ਤੇ ਸਖ਼ਤ ਹੈ। ਇਨ੍ਹਾਂ ਨੂੰ **ਕਠੋਰ ਤਾਲਵੀ** ਵਿਅੰਜਨ ਆਖਿਆ ਜਾਂਦਾ ਹੈ। /ਟ,ਠ,ਡ,ਢ,ਣ /ਦਾ ਉਚਾਰਨ ਥੜਾ ਅਜੀਬ ਹੈ। ਜੀਭ ਵਲ ਖਾ ਕੇ ਉਲਟੀ ਹੋ ਜਾਂਦੀ ਹੈ ਤੇ ਨੋਕ ਦੇ ਹੇਠਲੇ ਹਿੱਸੇ ਨਾਲ ਕਠੋਰ ਤਾਲੂ (**ਮੂਹਰਲੇ ਤਾਲੂ**) ਅਤੇ ਕੋਮਲ ਤਾਲੂ (ਪਿਛਲੇ ਤਾਲੂ) ਦੇ ਮਿਲਨ ਵਾਲੇ ਥਾਂ ਨੂੰ ਛੂੰਹਦੀ ਹੈ। ਇਸ ਲਈ ਇਨ੍ਹਾਂ ਨੂੰ ਉਲਟ-ਜੀਭੀ ਧੁਨੀਆਂ ਕਿਹਾ ਜਾਂਦਾ ਹੈ। /ਕ, ਖ, ਗ, ਘ, ਙ /ਦੇ ਉਚਾਰਨ ਵਿੱਚ ਜੀਭ ਦਾ ਪਿਛਲਾ ਹਿੱਸਾ ਉੱਚਾ ਉੱਠ ਕੇ ਕੋਮਲ ਤਾਲੂ ਦੇ ਪਿਛਲੇ ਭਾਗ ਨੂੰ ਛੂੰਹਦਾ ਹੈ। ਇਸ ਕਾਰਨ ਇਨ੍ਹਾਂ ਨੂੰ **ਕੋਮਲ ਤਾਲਵੀ** ਧੁਨੀਆਂ ਕਿਹਾ ਜਾਂਦਾ ਹੈ।

ਸਾਡੀ ਲਿਪੀ ਏਸੇ ਤਰਤੀਬ ਨਾਲ ਲਿਖੀ ਹੋਈ ਹੈ। ਫ਼ਰਕ ਇੰਨਾ ਹੈ ਕਿ ਲਿਪੀ ਵਿੱਚ ਧੁਨੀਆਂ ਪਿਛਲੇ ਪਾਸੇ ਤੋਂ ਸ਼ੁਰੂ ਕਰਕੇ ਲਿਖੀਆਂ ਹਨ, ਅਸਾਂ ਇਥੇ ਮੂਹਰਲੇ ਪਾਸੇ ਤੋਂ ਪਿਛਾਂਹ ਨੂੰ ਧੁਨੀਆਂ ਦੀ ਤਰਤੀਬ ਦਿੱਤੀ ਹੈ। ਆਧੁਨਿਕ ਭਾਸ਼ਾ ਵਿਗਿਆਨ ਵਿੱਚ ਮੂਹਰਲੀਆਂ ਧੁਨੀਆਂ ਪਹਿਲਾਂ ਰੱਖਣ ਦੀ ਰੀਤੀ ਹੈ। ਅਸਾਂ ਏਹੋ ਰੀਤੀ ਅਪਣਾਈ ਹੈ।

/ਫ਼/ ਦਾ ਉਚਾਰਨ ਹੇਠਲੇ ਬੁੱਲ੍ਹ ਨੂੰ ਉਤਲੇ ਦੰਦਾਂ ਕੋਲ ਲੈ ਜਾ ਕੇ ਹੁੰਦਾ ਹੈ। ਇੰਜ ਇਹ **ਦੰਤ-ਹੋਠੀ** ਧੁਨੀ ਹੈ।

/ਸ/ ਤੇ /ਜ਼/ ਦਾ ਉਚਾਰਨ ਉਤਲੇ ਬੁੱਟ ਉੱਤੇ ਹੁੰਦਾ ਹੈ, ਇਸ ਲਈ ਇਨ੍ਹਾਂ ਨੂੰ **ਬੁੱਟੀ ਜਾਂ ਵਰਤਸੀ** ਧੁਨੀਆਂ ਕਹਿੰਦੇ ਹਾਂ। ਇਵੇਂ ਹੀ /ਲ/ ਤੇ /ਰ/ ਵੀ **ਬੁੱਟੀ ਵਿਅੰਜਨ** ਹਨ।

/ਸ਼/ ਤਾਲਵੀ ਧੁਨੀ ਹੈ, ਕਿਉਂਕਿ ਇਸ ਦਾ ਉਚਾਰਨ /ਚ, ਛ/ ਆਦਿ ਵਾਲੇ ਥਾਂ, ਅਰਥਾਤ ਕਠੋਰ ਤਾਲੂ ਉੱਤੇ ਹੁੰਦਾ ਹੈ। /ਲ/ ਤੇ /ੜ/ ਦੋਵੇਂ ਉਲਟ-ਜੀਭੀ ਹਨ, ਕਿਉਂਕਿ ਇਨ੍ਹਾਂ ਦਾ ਉਚਾਰਨ ਵੀ, /ਟ, ਠ/, ਆਦਿ ਵਾਂਗ ਜੀਭ ਉਲਟੀ ਕਰਕੇ ਹੁੰਦਾ ਹੈ।

/ਹ/ ਦੀ ਧੁਨੀ ਦਾ ਉਚਾਰਨ ਘੰਡੀ ਦੇ ਉਤਲੇ ਪਾਸੇ, ਸਾਹ ਦੀ ਨਲੀ ਦੇ ਮੂੰਹ ਲਾਗੇ ਹੁੰਦਾ ਹੈ। ਇਸ ਥਾਂ ਨੂੰ ਨਾਦ-ਯੰਤਰ ਕਹਿੰਦੇ ਹਨ। ਇਸ ਲਈ ਇਹ ਧੁਨੀ '**ਨਾਦ-ਯੰਤਰ-ਮੁਖੀ** ਹੈ।

ਉਚਾਰਨ ਦੀ ਵਿਧੀ ਦੇ ਪੱਖ ਤੋਂ ਵਿਚਾਰਿਆਂ, ਪੰਜਾਬੀ ਵਿਅੰਜਨਾਂ ਦੀਆਂ ਕਈ ਸ਼੍ਰੇਣੀਆਂ ਬਣਦੀਆਂ ਹਨ। ਸਭ ਤੋਂ ਵੱਡੀ, ਸ਼੍ਰੇਣੀ ਉਨ੍ਹਾਂ ਵਿਅੰਜਨਾਂ ਦੀ ਹੈ, ਜਿਨ੍ਹਾਂ ਨੂੰ ਢੁੱਕਵੇਂ ਵਿਅੰਜਨ (stops) ਕਿਹਾ ਜਾਂਦਾ ਹੈ। ਇਹ ਹਨ :
/ਪ, ਫ, ਬ, ਭ,
ਤ, ਥ, ਦ, ਧ,
ਟ, ਠ, ਡ, ਢ,

ਚ, ਛ, ਜ, ਝ,
ਕ, ਖ, ਗ, ਘ,/

ਡੱਕਵੇਂ ਵਿਅੰਜਨ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿੰਨ੍ਹਾਂ ਦੇ ਉਚਾਰਨ ਵਿੱਚ ਬਾਹਰ ਨੂੰ ਜਾਂਦਾ ਸਾਹ ਇਕ ਵਾਰੀ ਬਿਲਕੁਲ ਡੱਕਿਆ ਜਾਵੇ। /ਪ, ਫ, ਬ, ਭ /ਦੇ ਉਚਾਰਨ ਲਈ ਬੁੱਲ੍ਹ ਮੀਟੇ ਜਾਂਦੇ ਹਨ, ਬਾਹਰ ਨੂੰ ਜਾਂਦਾ ਸਾਹ ਪੂਰੀ ਤਰ੍ਹਾਂ ਰੁਕ ਜਾਂਦਾ ਹੈ। ਉਚਾਰਨ ਓਦੋਂ ਹੁੰਦਾ ਹੈ ਜਦੋਂ ਬੁੱਲ੍ਹ ਖੁੱਲ੍ਹਣ ਅਤੇ ਸਾਹ ਬਾਹਰ ਨਿਕਲੇ ਕਿਉਂਕਿ ਰੁਕਿਆ ਹੋਇਆ ਸਾਹ ਮਾਮੂਲੀ ਜਿਹੇ ਧਮਾਕੇ ਨਾਲ ਬਾਹਰ ਨਿਕਲਦਾ ਹੈ, ਇਸ ਲਈ ਇਨ੍ਹਾਂ ਵਿਅੰਜਨਾ ਨੂੰ **ਸਫੋਟਕ** ਜਾਂ **ਵਿਸਫੋਟਕ** ਧੁਨੀਆਂ ਵੀ ਕਿਹਾ ਜਾਂਦਾ ਹੈ। ਅੱਗੇ ਵੇਖੋ /ਤ, ਥ, ਦ, ਧ,/ ਦੇ ਉਚਾਰਨ ਵਿੱਚ ਜੀਭ ਦੰਦਾਂ ਤੇ ਮਸੂਹੜੇ ਨੂੰ ਛੂੰਹਦੀ ਹੈ। ਮੂੰਹ ਖੁੱਲ੍ਹਾ ਹੁੰਦਾ ਹੈ, ਪਰ ਜੀਭ ਦੀ ਪੁਜ਼ੀਸ਼ਨ ਐਸੀ ਹੁੰਦੀ ਹੈ ਕਿ ਬਾਹਰ ਨੂੰ ਜਾਂਦਾ ਸਾਹ ਬਿਲਕੁਲ ਡੱਕਿਆ ਜਾਂਦਾ ਹੈ। ਉਚਾਰਨ ਓਦੋਂ ਹੁੰਦਾ ਹੈ, ਜਦੋਂ ਜੀਭ ਹੇਠਾਂ ਆ ਜਾਵੇ ਤੇ ਸਾਹ ਖੁੱਲ੍ਹ ਜਾਵੇ। ਇਸ ਲਈ ਇਹ ਧੁਨੀਆਂ ਵੀ ਡੱਕਵੇਂ ਵਿਅੰਜਨਾਂ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ। ਉਤੇ ਦਿੱਤੀਆਂ ਬਾਕੀ ਸਾਰੀਆਂ ਧੁਨੀਆਂ (/ਟ, ਠ, ਛ, ਜ, ਗ, ਘ,/ ਆਦਿ) ਦੇ ਉਚਾਰਨ ਵਿੱਚ ਵੀ ਭਾਵੇਂ ਮੂੰਹ ਖੁੱਲ੍ਹਾ ਰਹਿੰਦਾ ਹੈ, ਪਰ ਜੀਭ ਦੀ ਪੁਜ਼ੀਸ਼ਨ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਸਾਹ ਇੱਕ ਵਾਰੀ ਬਿਲਕੁਲ ਡੱਕਿਆ ਜਾਂਦਾ ਹੈ। ਇਸ ਲਈ ਇਹ ਸਾਰੀਆਂ ਪੰਜਾਬੀ ਧੁਨੀਆਂ ਡੱਕਵੇਂ ਵਿਅੰਜਨਾ ਦੀ ਸ਼੍ਰੇਣੀ ਵਿੱਚ ਆਉਂਦੀਆ ਹਨ।

ਨੋਟ ਕੀਤਾ ਜਾਵੇ ਕਿ ਡੱਕਵੇਂ ਵਿਅੰਜਨਾਂ ਦੀ ਉੱਤੇ-ਦਿੱਤੀ ਸੂਚੀ ਵਿੱਚ ਅਸਾਂ /ਮ, ਨ, ਛ, ਵ, ੜ/ ਧੁਨੀਆਂ ਨਹੀਂ ਰੱਖੀਆਂ। ਕਾਰਨ ਇਹ ਹੈ ਕਿ ਇਹ ਪੰਜ ਧੁਨੀਆਂ ਡੱਕਵੇਂ ਵਿਅੰਜਨ ਨਹੀਂ। ਇਨ੍ਹਾਂ ਦੇ ਉਚਾਰਨ ਸਮੇਂ ਮੂੰਹ ਵਿੱਚੋਂ ਦੀ ਬਾਹਰ ਨੂੰ ਜਾਂਦਾ ਸਾਹ ਭਾਵੇਂ ਡੱਕਿਆ ਜਾਂਦਾ ਹੈ, ਪਰ ਨਾਸਾਂ ਥਾਣੀ ਸਾਹ ਬਾਹਰ ਨਿਕਲਦਾ ਰਹਿੰਦਾ ਹੈ। ਇੰਜ ਇਹ ਪੰਜ ਧੁਨੀਆਂ, ਡੱਕਵੇਂ ਵਿਅੰਜਨਾਂ ਵਾਲੀ ਸ਼ਰਤ ਪੂਰੀ ਨਹੀਂ ਕਰਦੀਆਂ। ਨਾਸਾਂ ਰਾਹੀਂ ਬਾਹਰ ਨਿਕਲਦੇ ਸਾਹ ਨਾਲ, ਨਾਸਿਕੀ ਗੂੰਜ ਪੈਦਾ ਹੁੰਦੀ ਹੈ, ਜੋ ਧੁਨੀ ਦੇ ਉਚਾਰਨ ਨਾਲ ਰਲ ਜਾਂਦੀ ਹੈ। ਉਚਾਰਨ ਮੂੰਹ ਵਿੱਚ ਹੀ ਹੁੰਦਾ ਹੈ, ਪਰ ਨਾਲ ਨਾਸਿਕੀ ਗੂੰਜ ਮਿਲੀ ਹੋਈ ਹੁੰਦੀ ਹੈ, ਇਸ ਲਈ ਇਨ੍ਹਾਂ ਨੂੰ **ਨਾਸਿਕੀ ਵਿਅੰਜਨ** ਕਿਹਾ ਜਾਂਦਾ ਹੈ।

/ਸ, ਜ਼, ਸ਼, ਫ਼, ਹ/ ਅਜਿਹੇ ਵਿਅੰਜਨ ਹਨ, ਜਿਨ੍ਹਾਂ ਦੇ ਉਚਾਰਨ ਵਿੱਚ ਮੂੰਹ ਦੇ ਕੋਈ ਦੋ ਅੰਗ ਇੱਕ ਦੂਜੇ ਨੂੰ ਛੂੰਹਦੇ ਨਹੀਂ, ਪਰ ਇੱਕ ਦੂਜੇ ਦੇ ਨੇੜੇ ਨੇੜੇ ਆ ਜਾਂਦੇ ਹਨ ਕਿ ਵਿਚਾਲੇ ਇੱਕ ਤੰਗ ਜਿਹੀ ਵਿੱਥ ਹੀ ਰਹਿ ਜਾਂਦੀ ਹੈ, ਜਿਸ ਵਿੱਚੋਂ ਬਾਹਰ ਨੂੰ ਜਾਂਦਾ ਸਾਹ ਰਗੜ ਖਾ ਕੇ ਖਹਿ ਤੇ ਨਿਕਲਦਾ ਹੈ। ਇਸ ਖਹਿ ਨਾਲ ਇੱਕ ਸ਼ੁਕਰ ਜਿਹੀ ਪੈਦਾ ਹੁੰਦੀ ਹੈ। ਇਹੋ ਸ਼ੁਕਰ ਇਹ ਧੁਨੀਆਂ ਬਣਾਉਂਦੀ ਹੈ। ਇਸ ਲਈ ਇਨ੍ਹਾਂ ਨੂੰ **ਖਹਿਵੇਂ ਵਿਅੰਜਨ** (fricatives) ਕਿਹਾ ਜਾਂਦਾ ਹੈ। ਵੇਖਿਆ ਜਾਵੇ /ਸ/ ਦੇ ਉਚਾਰਨ ਵਿੱਚ ਜੀਭ ਉੱਚੀ ਉੱਠ ਕੇ ਬੁੱਟ ਦੇ ਨੇੜੇ ਜਾਂਦੀ ਹੈ (ਛੂੰਹਦੀ) ਨਹੀਂ)। ਬੁੱਟ ਤੇ ਜੀਭ ਦੇ ਵਿਚਾਲੇ ਰਹੀ ਤੰਗ ਵਿੱਥ ਵਿੱਚੋਂ ਦੀ ਲੰਘਦੇ ਸਾਹ ਨਾਲ ਜੋ ਸ਼ੁਕਰ ਪੈਦਾ ਹੁੰਦੀ ਹੈ, ਉਸ ਨਾਲ /ਸ/ ('ਸ' ਦੀ ਧੁਨੀ) ਬਣਦੀ ਹੈ। ਇਹੋ ਸਥਿਤੀ ਇਸ ਸ਼੍ਰੇਣੀ ਦੇ ਬਾਕੀ ਵਿਅੰਜਨਾਂ ਦੀ ਹੈ।

/ਰ/ ਦੇ ਉਚਾਰਨ ਵਿੱਚ ਜੀਭ ਦੀ ਨੋਕ ਉਤਲੇ ਬੁੱਟ ਨੂੰ ਛੂਹੰਦੀ ਹੈ, ਅਤੇ ਜੀਭ ਵਿੱਚ ਕਾਂਬਾ ਪੈਂਦਾ ਹੈ। ਜੇ ਉਚਾਰਨ ਜ਼ਰਾ ਲਮਕਾਇਆ ਜਾਵੇ ਤਾਂ ਜੀਭ ਤਿੰਨ, ਚਾਰ ਵਾਰੀ ਬੁੱਟ ਨੂੰ ਛੂਹ ਜਾਂਦਾ ਹੈ। ਇਸ ਆਧਾਰ ਉੱਤੇ /ਰ ਨੂੰ **ਕਾਂਬਵਾਂ ਵਿਅੰਜਨ** (trill) ਕਿਹਾ ਜਾਂਦਾ ਹੈ।

/ਲ/ ਦਾ ਉਚਾਰਨ ਵੀ ਉਤਲੇ ਬੁੱਟਾਂ ਉੱਤੇ ਹੀ ਹੁੰਦਾ ਹੈ। ਜੀਭ ਬੁੱਟ ਨੂੰ ਛੂੰਹਦੀ ਹੈ। ਪਰ ਜੀਭ ਦੀ ਪੁਜ਼ੀਸ਼ਨ ਅਜਿਹੀ ਹੁੰਦੀ ਹੈ ਕਿ ਜੀਭ ਦੇ ਦੁਹਾਂ ਪਾਸਿਆਂ ਵਲੋਂ ਦੀ ਸਾਹ ਬਾਹਰ ਨਿਕਲਦਾ ਰਹਿੰਦਾ ਹੈ। ਇਸ ਲਈ /ਲ/ ਨੂੰ ਪਾਸੇਵੰਨਾ ਜਾਂ ਪਾਰਸ਼ਵਿਕ ਵਿਅੰਜਨ ਕਿਹਾ ਜਾਂਦਾ ਹੈ।

/ਲ਼/ ਦਾ ਉਚਾਰਨ ਵੀ, /ਲ/ ਵਾਂਗ ਪਾਸੇਵੰਨਾ ਹੀ ਹੈ, ਪਰ ਉਚਾਰਨ ਦੀ ਥਾਂ ਤੇ ਜੀਭ ਦੀ ਪੁਜ਼ੀਸ਼ਨ ਬਿਲਕੁਲ ਵੱਖਰੀ ਹੁੰਦੀ ਹੈ। ਪਿੱਛੇ ਅਸੀਂ ਵੇਖ ਆਏ ਹਾਂ ਕਿ ਇਹ ਉਲਟ-ਜੀਭੀ ਧੁਨੀ ਹੈ। ਇਸ ਸ਼੍ਰੇਣੀ-ਵੰਡ ਵਿੱਚ ਇਸ ਨੂੰ ਪਾਸੇਵੰਨੀ ਧੁਨੀ ਹੀ ਕਹਾਂਗੇ।

/ੜ/ ਦਾ ਉਚਾਰਨ ਕਰਦਿਆਂ ਜੀਭ ਕਠੋਰ ਤਾਲੂ ਨੂੰ ਛੂਹ ਕੇ ਝਟਕੇ ਨਾਲ ਹੇਠਾਂ ਆਉਂਦੀ ਹੈ। ਅਰਥਾਤ ਜੀਭ ਦਾ ਫਟਕਾ ਵੱਜਦਾ ਹੈ। ਇਸ ਲਈ ਇਸ ਨੂੰ **ਫਟਕਵੀਂ** ਧੁਨੀ ਕਿਹਾ ਜਾਂਦਾ ਹੈ।

1.4.7 ਪੰਜਾਬੀ ਦੇ ਅੱਧ ਸੁਰ

/ਯ/ ਤੇ /ਵ/ ਦੋ ਅਜਿਹੀਆਂ ਧੁਨੀਆਂ ਹਨ, ਜਿਨ੍ਹਾਂ ਨੂੰ ਵਿਅੰਜਨਾ ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ ਪਰ ਵਿਗਿਆਨਿਕ ਪੱਖ ਤੋਂ ਇਨ੍ਹਾਂ ਨੂੰ ਅੱਧ ਸੁਰ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚ ਕੁਝ ਗੁਣ ਵਿਅੰਜਨਾ ਵਾਲੇ ਹਨ, ਤੇ ਕੁੱਝ ਲੱਛਣ ਸੁਰਾਂ ਵਾਲੇ। ਉਚਾਰਨ ਵਿਚ ਜੀਭ ਇਕ ਪੁਜ਼ੀਸ਼ਨ ਤੋਂ ਖਿਸਕ ਕੇ ਦੂਜੀ ਪੁਜੀਸ਼ਨ ਉੱਤੇ ਪਹੁੰਚਦੀ ਹੈ, ਇਸ ਲਈ ਇਨ੍ਹਾਂ ਨੂੰ **ਖਿਸਕਵੀਆਂ ਧੁਨੀਆਂ** (glides) ਵੀ ਕਿਹਾ ਜਾਂਦਾ ਹੈ।

/ਯ/ ਦੇ ਉਚਾਰਨ ਵਿੱਚ ਜੀਭ /ਇ/ ਵਾਲੀ ਪੁਜ਼ੀਸ਼ਨ ਤੋਂ ਚਲ ਕੇ ਪਿੱਛੋਂ ਆਉਣ ਵਾਲੇ ਸੁਰ ਦੀ ਪੁਜੀਸ਼ਨ ਉੱਤੇ ਪਹੁੰਚਦੀ ਹੈ। ਜਿਵੇਂ 'ਗਿਆਨ' (ਗਯਾਨ) ਸ਼ਬਦ ਵਿੱਚ ਆਏ /ਯ/ ਦਾ ਉਚਾਰਨ ਕਰਦਿਆਂ ਜੀਭ /ਇ/ ਤੋਂ ਚੱਲ ਕੇ /ਆ/ ਉੱਤੇ ਪੁੱਜਦੀ ਹੈ। ਇਵੇਂ ਹੀ /ਵ/ ਦੇ ਉਚਾਰਨ ਵਿੱਚ /ਉ/ ਦੀ ਪੁਜ਼ੀਸ਼ਨ ਤੋਂ ਜੀਭ ਅਗਲੇ ਸੁਰ ਦੇ ਉਚਾਰਨ ਸਥਾਨ ਉੱਤੇ ਪਹੁੰਚਦੀ ਹੈ ਜਿਵੇਂ 'ਦੁਵਾਰਾ' ਵਿੱਚ ਜੀਭ /ਉ/ ਤੋਂ ਸ਼ੁਰੂ ਹੋ ਕੇ /ਅ/ ਉੱਤੇ ਪੁੱਜੀ ਹੈ।

ਵਰਤੋਂ ਵਿੱਚ ਇਹ ਅੱਧ ਸੁਰ ਕਿਤੇ-ਕਿਤੇ ਪੂਰੇ ਵਿਅੰਜਨ ਬਣ ਜਾਂਦੇ ਹਨ ਤੇ ਕਿਤੇ-ਕਿਤੇ ਨਿਰੋਲ ਸੁਰ ਰਹਿੰਦੇ ਹਨ।

ਏਸੇ ਲੱਛਣ ਕਾਰਨ 'ਯੋਗੀ' ਤੋਂ 'ਜੋਗੀ' ਅਤੇ 'ਯੁੱਧ' ਤੋਂ 'ਜੁੱਧ' ਬਣ ਗਿਆ ਹੈ। ਪਰੰਤੂ 'ਗਿਆਨ' (ਗਯਾਨ) ਤੇ 'ਧਿਆਨ (ਧਯਾਨ) ਵਿੱਚ ਨਿਰੋਲ ਸ੍ਵਰ ਹੋ ਗਿਆ ਹੈ। /ਵ/ ਦੀ ਬਰਖਾ (ਵਰਸ਼ਾ), ਬਣ (ਵਣ) ਵਿੱਚ ਪੂਰਾ ਵਿਅੰਜਨ ਬਣ ਗਿਆ ਹੈ, ਅਤੇ ਦੁਆਰਾ, (ਦਵਾਰਾ), ਸੁਆਦ (ਸਵਾਦ) ਵਿੱਚ ਪੂਰਾ ਸ੍ਵਰ।

1.4.8 ਵਿਅੰਜਨਾਂ ਦੀ ਸ਼੍ਰੇਣੀ-ਵੰਡ ਦੇ ਦੋ ਹੋਰ ਆਧਾਰ

ਅਲਪਪ੍ਰਾਣ ਤੇ ਮਹਾਂਪ੍ਰਾਣ

ਜਿਹੜੀਆਂ ਧੁਨੀਆਂ ਦਾ ਉਚਾਰਨ ਸਾਹ ਦੀ ਸਧਾਰਨ ਮਾਤਰਾ ਨਾਲ ਹੋ ਜਾਂਦਾ ਹੈ, ਉਨ੍ਹਾਂ ਨੂੰ **ਅਲਪ ਪ੍ਰਾਣ** ਕਿਹਾ ਜਾਂਦਾ ਹੈ (ਅਲਪ--ਥੋੜਾ ਜਾਂ ਛੋਟਾ), ਜਿਵੇਂ /ਕ, ਡ, ਲ/ ਆਦਿ। ਜਿਨ੍ਹਾਂ ਧੁਨੀਆਂ ਦੇ ਉਚਾਰਨ ਵਿੱਚ ਸਧਾਰਨ ਨਾਲੋਂ ਵਧੇਰੇ ਸਾਹ ਵਰਤਣਾ ਪੈਂਦਾ ਹੈ, ਉਹ **ਮਹਾਂਪ੍ਰਾਣ** ਅਖਵਾਉਂਦੀਆਂ ਹਨ (ਮਹਾਂ--ਵੱਡਾ)। ਪੰਜਾਬੀ ਵਿਚ /ਖ, ਛ, ਝ, ਬ, ਫ/ ਤੇ /ਘ, ਝ, ਢ, ਧ, ਭ/ ਮਹਾਂਪ੍ਰਾਣ ਹਨ, ਬਾਕੀ ਸਭ ਅਲਪਪ੍ਰਾਣ।

ਨਾਦੀ (ਜਾਂ ਨਾਦ ਸਹਿਤ) ਤੇ ਨਾਦ ਰਹਿਤ

'ਨਾਦ', ਧੁਨੀਆਂ ਦਾ ਇੱਕ ਵਿਸ਼ੇਸ਼ ਲੱਛਣ ਹੈ, ਜੋ ਨਾਸਿਕੀ ਗੂੰਜ ਨਾਲ ਮਿਲਦਾ ਜੁਲਦਾ ਹੈ। ਘੰਡੀ ਦੇ ਪਿਛਲੇ ਪਾਸੇ, ਸਾਹ ਦੀ ਨਾਲੀ ਦੇ ਮੂੰਹ ਉੱਤੇ, ਨਾਦ-ਯੰਤਰ ਹੈ। ਨਾਲੀ ਦੇ ਮੂੰਹ ਦੇ ਦੋਹੀਂ ਪਾਸੀਂ ਬਰੀਕ ਬੁੱਲੀਆਂ ਵਰਗੇ ਮਾਸ ਦੇ ਪੱਤੇ ਜਿਹੇ ਲੱਗੇ ਹੋਏ ਹਨ, ਜਿਨਾਂ ਨੂੰ 'ਨਾਦ-ਬੁੱਲ੍ਹੀਆਂ' ਜਾਂ ਨਾਦ-ਪੱਤਰ (vocal chords) ਕਿਹਾ ਜਾਂਦਾ ਹੈ। ਇਨ੍ਹਾਂ ਵਿੱਚ ਥਰਥਰਾਹਟ ਪੈਣ ਨਾਲ ਜਿਹੜੀ ਗੂੰਜ ਪੈਂਦੀ ਹੈ ਉਸ ਨੂੰ ਨਾਦ ਕਿਹਾ ਜਾਂਦਾ ਹੈ। /ਸ/ ਤੇ /ਜ਼/ ਵਿੱਚ ਨਾਦ ਦਾ ਹੀ ਫ਼ਰਕ ਹੈ--/ਸ/ ਨਾਦ ਰਹਿਤ ਹੈ ਤੇ /ਜ਼/ ਨਾਦ ਸਹਿਤ ਜਾਂ ਨਾਦੀ। ਇਵੇਂ ਹੀ /ਖ/ ਨਾਦ ਰਹਿਤ ਤੇ /ਗ/ ਨਾਦ-ਸਹਿਤ ਜਾਂ ਨਾਦੀ ਹੈ। ਪੰਜਾਬੀ ਦੇ ਸਾਰੇ ਸ੍ਵਰ ਨਾਦੀ ਹਨ। ਵਿਅੰਜਨਾਂ ਵਿੱਚੋਂ/ ਕ, ਖ, ਚ, ਛ, ਟ, ਠ, ਤ, ਥ, ਪ, ਫ, ਸ, ਸ਼/ ਨਾਦ ਰਹਿਤ ਹਨ, ਬਾਕੀ ਸਭ ਨਾਦੀ ਹਨ, ਅੱਧ ਸ੍ਵਰ ਵੀ ਨਾਦੀ ਹੁੰਦੇ ਹਨ।

ਪੰਜਵਾਂ ਅਭਿਆਸ

ਨੋਟ i) ਕੇਵਲ ਖਾਲੀ ਛੱਡੀਆਂ ਗਈਆਂ ਥਾਵਾਂ ਉੱਤੇ ਹੀ ਉੱਤਰ ਲਿਖੇ ਜਾਣੇ ਹਨ।
ii) ਆਪਣੇ ਉੱਤਰ ਲਿਖ ਕੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾ ਕੇ ਸੋਧ ਲਵੋ।

1 ਡੱਕਵੇਂ ਵਿਅੰਜਨਾਂ ਦੇ ਉਚਾਰਨ ਦੀ ਮੁਖ ਵਿਸ਼ੇਸ਼ਤਾ ਕੀ ਹੁੰਦੀ ਹੈ?

---

2 ਖਹਿਵੀਆਂ ਧੁਨੀਆਂ ਦਾ ਉਚਾਰਨ ਕਿਵੇਂ ਹੁੰਦਾ ਹੈ ?

---

3 ਮਹਾਂਪ੍ਰਾਣ ਤੇ ਅਲਪਪ੍ਰਾਣ ਧੁਨੀਆਂ ਦੇ ਉਚਾਰਨ ਵਿੱਚ ਕੀ ਫਰਕ ਹੁੰਦਾ ਹੈ?

---

4 ਪੰਜਾਬੀ ਦੇ ਨਾਸਿਕੀ ਵਿਅੰਜਨ ਕਿਹੜੇ-ਕਿਹੜੇ ਹਨ ਤੇ ਅੱਧਸ੍ਵਰ ਕਿਹੜੇ ਹਨ?

1.5 ਪੰਜਾਬੀ ਉਚਾਰਨ

ਸ਼ਬਦਾਂ ਦੇ ਉਚਾਰਨ ਵਿੱਚ ਜਿਹੜੇ ਛੋਟੇ-ਛੋਟੇ ਧੁਨੀ-ਸਮੂਹਾਂ ਨੂੰ ਇਕ ਇਕਾਈ ਵਜੋਂ ਉਚਾਰਿਆ ਜਾਂਦਾ ਹੈ, ਉਨ੍ਹਾਂ ਨੂੰ **ਉਚਾਰ-ਖੰਡ** (syllable) ਕਿਹਾ ਜਾਂਦਾ ਹੈ। ਸ਼ਬਦ 'ਪਰ ਉਪਕਾਰ' ਵਿੱਚ ਤਿੰਨ ਉਚਾਰ-ਖੰਡ ਹਨ ਪਰ+ ਉਪ+ ਕਾਰ। ਕਈ ਵਾਰ ਉਚਾਰਨ ਵਿੱਚ ਕਿਸੇ ਧੁਨੀ ਜਾਂ ਧੁਨੀ-ਸਮੂਹ ਉੱਤੇ ਸਧਾਰਨ ਨਾਲੋਂ ਵਧੇਰੇ ਜ਼ੋਰ ਪਾਇਆ ਜਾਂਦਾ ਹੈ। ਅਜਿਹੇ ਜ਼ੋਰ ਨੂੰ 'ਬੱਲ' ਜਾਂ 'ਦਬਾਅ' ਕਹਿੰਦੇ ਹਨ 'ਸਤ' ਅਤੇ 'ਸੱਤ' ਵਿੱਚ ਬਲ ਦਾ ਹੀ ਫ਼ਰਕ ਹੈ --ਸੱਤ ਬਲ ਯੁਕਤ ਹੈ। ਗੁਰਮੁੱਖੀ ਲਿਪੀ ਵਿੱਚ ਬਲ ਨੂੰ ਅਧਕ (ੱ) ਦੇ ਚਿੰਨ੍ਹ ਨਾਲ ਅੰਕਿਤ ਕੀਤਾ ਜਾਂਦਾ ਹੈ।

ਪੰਜਾਬੀ ਉਚਾਰਨ ਦੀ ਇਕ ਉੱਘੀ ਵਿਸ਼ੇਸ਼ਤਾ ਦਾ ਸੰਬੰਧ ਉਚਾਰ-ਖੰਡ ਉੱਤੇ ਦਬਾਅ ਜਾਂ ਬਲ ਨਾਲ ਹੈ। ਪੰਜਾਬੀ ਦਾ

ਸੁਭਾ ਦੂਜੇ ਉਚਾਰ-ਖੰਡ ਉੱਤੇ ਦਬਾਅ ਪਾਉਣਾ ਹੈ, ਜਿਸ ਕਾਰਨ ਪਹਿਲੇ ਉਚਾਰ ਖੰਡ ਦਾ ਦੀਰਘ ਸੁਰ ਹ੍ਰਸਵ ਬਣ ਜਾਂਦਾ ਹੈ। ਉਚਾਰਨ ਦੀ ਏਸੇ ਰੁਚੀ ਕਾਰਨ ਪੰਜਾਬੀ ਵਿੱਚ 'ਕੈਨੇਡਾ' ਨੂੰ 'ਕਨੇਡਾ', 'ਐਫਰੀਕਾ', ਨੂੰ 'ਅਫਰੀਕਾ' ਤੇ 'ਮੇਕਸੀਕੋ' ਨੂੰ 'ਮਕਸੀਕੋ' ਕਹਿੰਦੇ ਹਾਂ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲੈਂਦਿਆਂ ਵੀ ਅਸੀਂ ਗੋਬਿੰਦ ਦੀ ਥਾਂ 'ਗੁਬਿੰਦ' ਹੀ ਉਚਾਰਦੇ ਹਾਂ। ਏਸੇ ਰੁਚੀ ਕਾਰਨ ਪੰਜਾਬੀ 'ਆਕਾਸ਼' ਦੀ 'ਅਕਾਸ਼' 'ਬਾਜ਼ਾਰ' ਦੀ 'ਬਜ਼ਾਰ', 'ਪੋਸ਼ਾਕ' ਦੀ 'ਪੁਸ਼ਾਕ' ਉਚਾਰਿਆ ਜਾਂਦਾ ਹੈ।

ਪੰਜਾਬੀ ਵਿੱਚ ਹ੍ਰਸਵ ਸੁਰ /ਉ/ ਤੇ /ਇ/ ਸ਼ਬਦਾਂ ਦੇ ਅੰਤ ਵਿੱਚ ਨਹੀਂ ਉਚਾਰੇ ਜਾਂਦੇ। ਇਸ ਕਾਰਨ ਸ਼ਬਦ 'ਸਾਧੁ' ਪੰਜਾਬੀ ਵਿਚ 'ਸਾਧ' ਜਾਂ 'ਸਾਧੂ' ਉਚਾਰਿਆ ਜਾਂਦਾ ਹੈ, ਅਤੇ 'ਗੁਰੁ' ਦਾ ਉਚਾਰਨ 'ਗੁਰੂ' ਹੋ ਗਿਆ ਹੈ। 'ਆਦਿ' ਦਾ ਪੰਜਾਬੀ ਉਚਾਰਨ 'ਆਦ' ਜਾਂ 'ਆਦੀ' ਹੈ; 'ਪ੍ਰਤਿ' ਨੂੰ 'ਪ੍ਰਤੀ' ਜਾਂ ਪਰਤੀ' ਬੋਲਿਆ ਜਾਂਦਾ ਹੈ।

ਸੰਜੁਗਤ ਵਿਅੰਜਨ ਪੰਜਾਬੀ ਵਿੱਚ ਬਹੁਤ ਘੱਟ ਉਚਾਰੇ ਜਾਂਦੇ ਹਨ। ਚੰਦ੍ਰ, ਇੰਦ੍ਰ, ਯੰਤ੍ਰ ਦਾ ਪੰਜਾਬੀ ਉਚਾਰਨ ਕ੍ਰਮਵਾਰ, ਚੰਦਰ, ਇੰਦਰ, ਜੰਤਰ ਹੋ ਗਿਆ ਹੈ।

ਪੰਜਾਬੀ ਉਚਾਰਨ ਵਿੱਚ ਨਾਸਿਕਤਾ ਬਹੁਤ ਵਧ ਰਹੀ ਹੈ। 'ਰਾਮ' ਦਾ ਉਚਾਰਨ ਸਾਰੇ ਪੰਜਾਬੀ 'ਰਾਮ' ਕਰਦੇ ਹਨ। 'ਪਾਣੀ' ਨੂੰ 'ਪਾਂਣੀ' ਉਚਾਰਿਆ ਜਾਂਦਾ ਹੈ। ਸ਼ਬਦ 'ਆਈਆਂ' (ਜਿਵੇਂ -- ਚਾਰ ਚਿੱਠੀਆਂ ਆਈਆਂ) ਦਾ ਅਜੋਕਾ ਪੰਜਾਬੀ ਉਚਾਰਨ 'ਆਂਈਆਂ' ਹੋ ਗਿਆ ਹੈ। ਅੱਜ ਵੀ ਨਾਸਿਕਤਾ ਵਧ ਰਹੀ ਹੈ।

ਪੰਜਾਬੀ ਲੋਕ /ਰ/ (ਅਥਵਾ ਰਾਰਾ ਮੁਕਤਾ) ਪਿੱਛੋਂ /ਣ/ ਦਾ ਉਚਾਰਨ ਨਹੀਂ ਕਰਦੇ, ਇਸ ਨੂੰ ਨ ਵਿੱਚ ਬਦਲ ਦਿੰਦੇ ਹਨ। 'ਕਾਰਣ' ਦਾ ਪੰਜਾਬੀ ਉਚਾਰਨ 'ਕਾਰਨ' ਹੈ, 'ਪੂਰਣ' ਦਾ 'ਪੂਰਨ', 'ਸਾਧਾਰਣ' ਦਾ 'ਸਾਧਾਰਨ'। /ਣ/ ਤੇ /ੜ/ ਪਿੱਛੋਂ ਆਉਣ ਵਾਲਾ /ਣ/ ਵੀ /ਨ/ ਵਿੱਚ ਬਦਲ ਜਾਂਦਾ ਹੈ, ਜਿਵੇਂ 'ਸਾੜਣਾ' ਦੀ ਬਜਾਇ 'ਸਾੜਨਾ' ਕਿਹਾ ਜਾਂਦਾ ਹੈ, ਅਤੇ 'ਸੁਣਣਾ' ਦਾ ਉਚਾਰਨ 'ਸੁਣਨਾ' ਹੋ ਗਿਆ ਹੈ।

'ਸੁਰ' (tone) ਪੰਜਾਬੀ ਉਚਾਰਨ ਦੀ ਇਕ ਹੋਰ ਉੱਘੀ ਵਿਸ਼ੇਸ਼ਤਾ ਹੈ। ਬੋਲ ਕੇ ਵੇਖੋ, 'ਕਹਿ, ਰਹਿ, ਚਾਹ, ਪੀਹ, ਸ਼ਹਿਰ, ਪਹਿਰ,' ਇਨ੍ਹਾਂ ਸ਼ਬਦਾਂ ਵਿੱਚ ਜਿੱਥੇ ਅੱਖਰ ਹਾਹਾ ਲਿਖਿਆ ਹੈ, ਉੱਥੇ /ਹ/ ਦੀ ਧੁਨੀ ਦਾ ਉਚਾਰਨ ਨਹੀਂ ਕੀਤਾ ਜਾਂਦਾ, ਸਗੋਂ ਇਕ ਸਾਹ ਦਾ ਧੱਕਾ ਜਿਹਾ ਲਗਦਾ ਹੈ, ਜਿਸ ਨੂੰ ਸੁਰ ਕਹਿੰਦੇ ਹਨ। 'ਘੋੜਾ, ਸੰਘਾੜਾ, ਸੰਘ', ਸ਼ਬਦਾਂ ਵਿੱਚ ਘੱਘੇ ਨਾਲ ਅੰਕਿਤ ਕੀਤੀ ਗਈ ਧੁਨੀ ਦਾ ਉਚਾਰਨ ਵੱਖ-ਵੱਖ ਹੈ। ਇਹ ਭੇਦ 'ਸੁਰ' ਕਾਰਨ ਹੀ ਹਨ। 'ਸੁਰ' ਦਾ ਕਿੱਸਾ ਲੰਮਾ ਹੈ ਤੇ ਇਸ ਅਰੰਭਿਕ ਪਾਠ ਵਿੱਚ ਇਸ ਦਾ ਸਾਰਾ ਵੇਰਵਾ ਦੇਣਾ ਸੰਭਵ ਨਹੀਂ। ਇਸ ਲਈ ਇਸ ਸੰਬੰਧ ਵਿਚ ਏਥੇ ਹੋਰ ਕੁਝ ਨਹੀਂ ਲਿਖਿਆ ਗਿਆ।

ਛੇਵਾਂ ਅਭਿਆਸ

ਨੋਟ: i) ਤੁਸੀਂ ਠੀਕ ਜਵਾਬ ਦੇ ਉੱਤੇ ਕੇਵਲ (✓) ਨਿਸ਼ਾਨ ਹੀ ਲਾਉਣਾ ਹੈ, ਹੋਰ ਕੁਝ ਨਹੀ ਕਰਨਾ।
ii) ਠੀਕ ਉੱਤਰ ਦਾ ਪਤਾ ਲਾਉਣ ਲਈ ਵੇਖੋ ਪਾਠ ਦੇ ਅੰਤ ਵਿੱਚ ਦਿੱਤੇ ਗਏ ਉੱਤਰ।

1 ਇਨ੍ਹਾਂ ਵਿੱਚੋਂ ਕਿਹੜਾ ਠੀਕ ਹੈ।
ੳ) ਪੰਜਾਬੀ ਵਿੱਚ ਸੰਜੁਗਤ ਵਿਅੰਜਨ ਬਿਲਕੁਲ ਨਹੀਂ ਉਚਾਰੇ ਜਾਂਦੇ।
ਅ) ਪੰਜਾਬੀ ਵਿੱਚ ਸੰਜੁਗਤ ਵਿਅੰਜਨ ਬਹੁਤ ਉਚਾਰੇ ਜਾਂਦੇ ਹਨ।
ੲ) ਪੰਜਾਬੀ ਵਿੱਚ ਸੰਜੁਗਤ ਵਿਅੰਜਨ ਬਹੁਤ ਘੱਟ ਉਚਾਰੇ ਜਾਂਦੇ ਹਨ।

2 ਪੰਜਾਬੀ ਉਚਾਰਨ ਦੇ ਆਧਾਰ ਉੱਤੇ ਕਿਹੜੇ ਜੋੜ ਠੀਕ ਮੰਨੇ ਜਾਣੇ ਚਾਹੀਦੇ ਹਨ :
ਪਾਨੀ/ਪਾਣੀ, ਬਜ਼ਾਰ/ਬਾਜ਼ਾਰ, ਪੂਰਨ/ਪੂਰਣ, ਮੰਤ੍ਰ/ਮੰਤਰ।

1.6 ਸਾਰ

ਭਾਸ਼ਾ ਮਨੁੱਖ ਦੀ ਸਭ ਤੋਂ ਕੀਮਤੀ ਸੰਪਤੀ ਹੈ–ਭਾਸ਼ਾ ਤੋਂ ਬਿਨਾ ਮਨੁੱਖ ਪਸ਼ੂ-ਸ਼੍ਰੇਣੀ ਵਿੱਚ ਰਹਿੰਦਾ ਹੈ। ਭਾਸ਼ਾ ਮੂੰਹੋਂ ਉਚਾਰੇ ਧੁਨੀ-ਚਿੰਨ੍ਹਾਂ (ਸ਼ਬਦਾਂ) ਨਾਲ ਬਣਦੀ ਹੈ, ਇਸ ਲਈ ਧੁਨੀਆਂ ਭਾਸ਼ਾ ਦਾ ਮੂਲ ਆਧਾਰ ਹਨ। ਧੁਨੀਆਂ ਦੀ ਮੋਟੀ ਵੰਡ ਸੁਰਾਂ ਤੇ ਵਿਅੰਜਨਾਂ ਵਿੱਚ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਪੰਜਾਬੀ ਧੁਨੀਆਂ ਵਿੱਚ ਸੁਰ (tone) ਨਾਸਿਕਤਾ ਤੇ ਬਲ ਦਾ ਵੀ ਖ਼ਾਸ ਸਥਾਨ ਹੈ। ਸੁਰ ਪੰਜਾਬੀ ਦੀ ਵਿਸ਼ੇਸ਼ ਧੁਨੀ ਹੈ ਜੋ ਹੋਰ ਕਿਸੀ ਮੁਖ ਭਾਰਤੀ ਭਾਸ਼ਾ ਵਿੱਚ ਨਹੀਂ ਮਿਲਦੀ।

1.7 ਸਹਾਇਕ ਪੁਸਤਕਾਂ

1 ਹਰਕੀਰਤ ਸਿੰਘ ਤੇ ਉਜਲ ਸਿੰਘ ਬਾਹਰੀ, **ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ**, ਲਾਹੌਰ ਬੁਕ ਸ਼ਾਪ, ਲੁਧਿਆਣਾ।
2 ਹਰਕੀਰਤ ਸਿੰਘ, **ਭਾਸ਼ਾ ਤੇ ਭਾਸ਼ਾ-ਵਿਗਿਆਨ**, ਲਾਹੌਰ ਬੁਕ ਸ਼ਾਪ, ਲੁਧਿਆਣਾ।
3 ਪ੍ਰੇਮ ਪ੍ਰਕਾਸ਼ ਸਿੰਘ, **ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ**, ਲਾਹੌਰ ਬੁਕ ਸ਼ਾਪ, ਲੁਧਿਆਣਾ।

1.8 ਅਭਿਆਸਾਂ ਦੇ ਉੱਤਰ

ਪਹਿਲਾ ਅਭਿਆਸ

1 ਏ ਭਾਸ਼ਾ ਸਮਾਜ ਦੀ ਦੇਣ ਹੈ।

2 ਅ ਧੁਨੀ-ਚਿੰਨ੍ਹਾਂ ਨੂੰ ਸ਼ਬਦ ਕਿਹਾ ਜਾਂਦਾ ਹੈ।

3 ਓ ਭਾਸ਼ਾ ਨੂੰ ਜਿੰਨ੍ਹਾਂ ਚਾਹੋ ਵਧਾ ਸਕਦੇ ਹੋ।

ਦੂਜਾ ਅਭਿਆਸ

1 ਭਾਰਤੀ-ਆਰੀਆ ਸ਼ਾਖਾ ਦੀਆਂ ਭਾਸ਼ਾਵਾਂ ਹਨ :
ਮਰਾਠੀ, ਪੱਛਮੀ ਹਿੰਦੀ, ਪੰਜਾਬੀ, ਬੰਗਾਲੀ।

2 ਕਿਉਂਕਿ ਸੰਬੰਧਕ ਨਾਂਵ ਤੋਂ ਪਿੱਛੋਂ ਆਉਂਦਾ ਹੈ, ਜਿਵੇਂ 'ਕਿਤਾਬ ਅਲਮਾਰੀ ਵਿੱਚ ਹੈ' ਵਾਕ ਵਿੱਚ ਸੰਬੰਧਕ 'ਵਿੱਚ' ਨਾਂਵ 'ਅਲਮਾਰੀ' ਤੋਂ ਪਿੱਛੋਂ ਆਇਆ ਹੈ। ਇਸ ਆਧਾਰ ਤੇ ਇਸ ਨੂੰ ਪਿਛੇਤਰੀ ਸੰਬੰਧਕ ਕਹਿੰਦੇ ਹਨ।

3 ਅਖੀਂ---- ਅੱਖਾਂ ਨਾਲ
ਗੱਡੀਓਂ ---- ਗੱਡੀ ਤੋਂ
ਹੱਥੀਂ ---- ਹੱਥਾਂ ਵਿੱਚ

ਤੀਜਾ ਅਭਿਆਸ

1 'ਲਿਖੀਏ' ਦੀਆਂ ਧੁਨੀਆਂ : ਲ, ਇ, ਖ, ਈ,

2 ਸੁਰਾਂ ਦੇ ਉਚਾਰਨ ਵਿੱਚ ਬਾਹਰ ਨੂੰ ਜਾਂਦਾ ਸਾਹ ਬਿਨਾ ਰੁਕਾਵਟ, ਪ੍ਰਵਾਹ ਸਹਿਤ ਬਾਹਰ ਨਿਕਲ ਜਾਂਦਾ ਹੈ। ਵਿਅੰਜਨਾਂ ਦੇ ਉਚਾਰਨ ਵਿੱਚ ਬਾਹਰ ਨੂੰ ਜਾਂਦੇ ਸਾਹ ਦੇ ਰਸਤੇ ਵਿੱਚ ਕਿਸੇ ਪ੍ਰਕਾਰ ਦੀ ਰੁਕਾਵਟ ਪੈਂਦੀ ਹੈ।

3 ਪੰਜਾਬੀ ਸੁਰਾਂ ਦੀ ਸੂਚੀ : /ਅ, ਆ, ਇ, ਈ, ਉ, ਊ, ਏ, ਐ, ਓ, ਔ/

ਚੌਥਾ ਅਭਿਆਸ

1 /ਇ/ ਤੇ /ਐ/ ਮੁਹਰਲੇ ਸੁਰ ਹ੍ਰਸ; ਅਤੇ /ਉ/ ਤੇ /ਓ/ ਗੁਲਾਈਦਾਰ ਹਨ।

2 ਹ੍ਰਸਵ ਸੁਰ : /ਅ, ਇ, ਉ/

3 /ਅ/ ਤੇ /ਆ/ ਦੀ ਵਰਤੋਂ ਸਭ ਤੋਂ ਵਧ, ਅਤੇ /ਐ/ ਦੀ ਸਭ ਤੋਂ ਘੱਟ ਹੁੰਦੀ ਹੈ।

ਪੰਜਵਾਂ ਅਭਿਆਸ

1 ਡੱਕਵੇਂ ਵਿਅੰਜਨਾਂ ਦੇ ਉਚਾਰਨ ਵਿੱਚ ਬਾਹਰ ਨੂੰ ਜਾਂਦਾ ਸਾਹ ਇਕ ਵਾਰੀ ਬਿਲਕੁਲ ਡੱਕਿਆ ਜਾਂਦਾ ਹੈ।

2 ਖਹਿਵੀਆਂ ਧੁਨੀਆਂ ਦੇ ਉਚਾਰਨ ਵਿੱਚ ਕੋਈ ਦੋ ਉਚਾਰਨ ਅੰਗ ਇਕ ਦੂਜੇ ਦੇ ਏਨਾ ਨੇੜੇ ਆ ਜਾਂਦੇ ਹਨ ਕਿ ਵਿਚਾਲੇ ਤੰਗ ਵਿੱਥ ਰਹਿ ਜਾਂਦੀ ਹੈ। ਇਸ ਵਿੱਚੋਂ ਦੀ ਲੰਘਦਾ ਸਾਹ ਖਹਿ ਕੇ, ਸ਼ੂਕਰ ਪੈਦਾ ਕਰਦਾ ਹੈ। ਇਸ ਸ਼ੂਕਰ ਨਾਲ ਖਹਿਵੀਆਂ ਧੁਨੀਆਂ ਬਣਦੀਆਂ ਹਨ।

3 ਅਲਪਪ੍ਰਾਣ ਧੁਨੀਆਂ ਦੇ ਉਚਾਰਨ ਵਿੱਚ ਸਾਹ ਦੀ ਸਧਾਰਨ ਮਾਤਰਾ ਲੱਗਦੀ ਹੈ, ਮਹਾਂਪ੍ਰਾਣ ਵਿੱਚ ਸਧਾਰਨ ਨਾਲੋਂ ਜ਼ਿਆਦਾ।

4 ਨਾਸਿਕੀ ਵਿਅੰਜਨ : /ਮ/, /ਨ/, /ਣ/, /ਵ/, /ੜ/
ਅੱਧਸੁਰ : /ਯ/ ਤੇ /ਵ/

ਛੇਵਾਂ ਅਭਿਆਸ

1 ਪੰਜਾਬੀ ਵਿੱਚ ਸੰਜੁਗਤ ਵਿਅੰਜਨ ਬਹੁਤ ਘੱਟ ਉਚਾਰੇ ਜਾਂਦੇ ਹਨ।

2 ਪਾਣੀ, ਬਜ਼ਾਰ, ਪੂਰਨ, ਮੰਤਰ।

ਪਾਠ 2 ਸ਼ਬਦ ਤੇ ਸ਼ਬਦ ਰਚਨਾ

ਪਾਠ ਦੀ ਰੂਪ-ਰੇਖਾ

2.0 ਮਨੋਰਥ
2.1 ਭੂਮਿਕਾ
2.2 ਸ਼ਬਦ ਕੀ ਹੈ?
2.3 ਸ਼ਬਦ-ਰਚਨਾ ਤੇ ਅਗੇਤਰ, ਪਿਛੇਤਰ
  2.3.1 ਸ਼ਬਦ-ਰਚਨਾ ਸੰਬੰਧੀ ਕੁੱਝ ਹੋਰ ਨੁਕਤੇ
  2.3.2 ਪੰਜਾਬੀ ਦੇ ਕੁਝ ਅਗੇਤਰ
  2.3.3 ਪੰਜਾਬੀ ਦੇ ਕੁਝ ਪਿਛੇਤਰ
2.4 ਸ਼ਬਦਾਂ ਦਾ ਅਰਥ-ਪੱਖ
  2.4.1 ਵਿਆਕਰਨਿਕ ਸ਼ਬਦ-ਸ਼੍ਰੇਣੀਆਂ
  2.4.2 ਨਾਂਵ
  2.4.3 ਪੜਨਾਂਵ
  2.4.4 ਕਿਰਿਆ
  2.4.5 ਵਿਸ਼ੇਸ਼ਣ
  2.4.6 ਕਿਰਿਆ ਵਿਸ਼ੇਸ਼ਣ
  2.4.7 ਸੰਬੰਧਕ
  2.4.8 ਯੋਜਕ
  2.4.9 ਵਿਸਮਿਕ
  2.4.10 ਨਿਪਾਤ
2.5 ਪੰਜਾਬੀ ਦਾ ਲਿੰਗ-ਵਚਨ ਵਿਧਾਨ
  2.5.1 ਲਿੰਗ, ਵਚਨ ਦਾ ਭਾਸ਼ਾਈ ਪ੍ਰਗਟਾਵਾ
  2.5.2 ਪੰਜਾਬੀ ਵਿਚ ਲਿੰਗ
  2.5.3 ਪੰਜਾਬੀ ਵਿਚ ਵਚਨ
2.6 ਸਾਰ
2.7 ਸਹਾਇਕ ਪੁਸਤਕਾਂ
2.8 ਅਭਿਆਸਾਂ ਦੇ ਉੱਤਰ

2.0 ਮਨੋਰਥ

ਭਾਸ਼ਾ ਦਾ ਮਹੱਲ ਸ਼ਬਦਾਂ ਦੀਆਂ ਇੱਟਾਂ ਨਾਲ ਉਸਰਦਾ ਹੈ। ਜੇ ਸ਼ਬਦ ਨਾ ਹੋਣ ਤਾਂ ਜਿਸ ਨੂੰ ਅਸੀਂ ਭਾਸ਼ਾ ਕਹਿੰਦੇ ਹਨ ਉਹ ਹੋਂਦ ਵਿਚ ਨਹੀਂ ਸੀ ਆ ਸਕਦੀ। ਇਸ ਪਾਠ ਵਿਚ ਭਾਸ਼ਾ ਦੀਆਂ ਇਨ੍ਹਾਂ ਇੱਟਾਂ ਅਰਥਾਤ ਸ਼ਬਦਾਂ ਬਾਰੇ ਖੋਲ੍ਹ ਕੇ ਦੱਸਿਆ ਗਿਆ ਹੈ।

ਆਸ ਹੈ ਕਿ ਪਾਠ ਪੜ੍ਹ ਕੇ ਤੁਸੀਂ ਸ਼ਬਦਾਂ ਦੀ ਪ੍ਰਕਿਰਤੀ ਨੂੰ ਠੀਕ ਤਰ੍ਹਾਂ ਪਛਾਣਨ ਤੇ ਵਰਤਣ ਦੇ ਸਮਰਥ ਹੋ ਜਾਉਗੇ।

2.1 ਭੂਮਿਕਾ

ਜਿਵੇਂ ਡਾਕਟਰ ਰੋਗੀ ਨੂੰ ਕਈ ਪਾਸਿਆਂ ਤੋਂ ਵੇਖ ਕੇ ਰੋਗ ਲਭਦੇ ਹਨ, ਇਸੇ ਤਰ੍ਹਾਂ ਵਿਆਕਰਨੀਏ ਵੀ ਸ਼ਬਦਾਂ ਨੂੰ ਕਈ ਪੱਖਾਂ ਤੋਂ ਵੇਖਦੇ-ਪਰਖਦੇ ਹਨ। ਫ਼ਲਾਣੇ ਸ਼ਬਦ ਨੂੰ ਕਿਹੜਾ ਅਗੇਤਰ ਲੱਗਾ ਹੋਇਆ ਹੈ? ਫ਼ਲਾਣਾ ਸ਼ਬਦ ਕਿਸ ਪਿਛੇਤਰ ਨਾਲ ਬਣਿਆਂ ਹੈ। ਇਹ ਨਾਂਵ ਹੈ ਕਿ ਪੜਨਾਂਵ ਕਿ ਕਿਰਿਆ ਕਿ ਵਿਸ਼ੇਸ਼ਣ? ਇਸ ਦਾ ਲਿੰਗ ਕੀ ਹੈ? ਇਹ ਇਕ ਵਚਨ ਹੈ ਜਾਂ ਬਹੁਵਚਨ? ਜਿਸ ਕਿਸੇ ਨੇ ਭਾਸ਼ਾ ਦਾ ਗਿਆਨੀ ਬਣਨਾ ਹੋਵੇ ਉਸ ਲਈ ਸ਼ਬਦਾਂ ਦਾ ਵਿਸਤ੍ਰਿਤ ਗਿਆਨ ਜ਼ਰੂਰੀ ਹੁੰਦਾ ਹੈ। ਅਸੀਂ ਇਸ ਪਾਠ ਵਿਚ ਸ਼ਬਦਾਂ ਬਾਰੇ ਸਰਬਪਖੀ ਗਿਆਨ ਦੇਣ ਦਾ ਜਤਨ ਕੀਤਾ ਹੈ।

2.2 ਸ਼ਬਦ ਕੀ ਹੈ?

ਪਿਛਲੇ ਪਾਠ ਵਿਚ ਦਸਿਆ ਗਿਆ ਸੀ ਕਿ ''ਧੁਨੀ-ਚਿੰਨ੍ਹਾਂ ਨੂੰ ਸ਼ਬਦ ਕਿਹਾ ਜਾਂਦਾ ਹੈ। ਇਸ ਬਿਆਨ ਦੀ ਕੁੱਝ ਹੋਰ ਵਿਆਖਿਆ ਕਰਨ ਦੀ ਲੋੜ ਹੈ। ਸ਼ਬਦ 'ਰੋਟੀ' ਇਕ 'ਧੁਨੀ-ਚਿੰਨ੍ਹ' ਜਾਂ 'ਧੁਨੀ-ਸੂਚਕ ਚਿੰਨ੍ਹ' ਹੈ। 'ਧੁਨੀ-ਸੂਚਕ' ਇਸ ਲਈ ਕਿ ਇਹ ਮੂੰਹੋਂ ਉਚਾਰੀਆਂ ਧੁਨੀਆਂ ਨਾਲ ਬਣਿਆ ਹੈ ਤੇ 'ਚੰਨ੍ਹ' ਇਸ ਲਈ ਕਿ 'ਰੋਟੀ' ਸ਼ਬਦ ਦਾ, ਉਸ ਖਾਣ ਵਾਲੀ ਵਸਤ ਨਾਲ ਕੋਈ ਕੁਦਰਤੀ ਸੰਬੰਧ ਨਹੀਂ ਹੈ, ਜਿਸ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ। ਪੰਜਾਬੀ ਸਮਾਜ ਨੇ ਇਸ ਵਸਤ ਦਾ ਨਾਮ 'ਰੋਟੀ' ਰੱਖਿਆ ਹੋਇਆ ਹੈ, ਅਰਥਾਤ ਇਸ ਸ਼ਬਦ ਨੂੰ ਇਕ ਚਿੰਨ੍ਹ ਵਜੋਂ ਅਪਣਾ ਲਿਆ ਹੈ। ਵਿਆਕਰਨਕਾਰਾਂ ਨੇ ਅਜਿਹੇ 'ਧੁਨੀ-ਚਿੰਨ੍ਹਾਂ' ਨੂੰ 'ਸ਼ਬਦ' ਸੰਗਿਆ ਦਿੱਤੀ ਹੋਈ ਹੈ।

ਭਾਸ਼ਾ ਦੀ ਛੋਟੀ-ਤੋਂ-ਛੋਟੀ ਇਕਾਈ 'ਧੁਨੀ' ਹੈ, ਪਰ ਧੁਨੀ ਦੇ ਕੋਈ ਅਰਥ ਨਹੀਂ ਹੁੰਦੇ। ਏਸੇ ਸ਼ਬਦ 'ਰੋਟੀ' ਵਿਚ ਚਾਰ ਧੁਨੀਆਂ ਵਰਤੀਆਂ ਗਈਆਂ ਹਨ–/ਰ/, /ਓ/, /ਟ/ ਤੇ /ਈ/। ਪਰ ਇਨ੍ਹਾਂ ਵਿਚੋਂ ਕਿਸੇ ਦੇ ਵੀ ਆਪਣੇ ਕੋਈ ਅਰਥ ਨਹੀਂ, ਇਨ੍ਹਾਂ ਦੇ ਸੰਜੋਗ ਨਾਲ ਬਣੇ ਸ਼ਬਦ 'ਰੋਟੀ' ਦੇ ਅਰਥ ਹਨ। ਸੋ ਸ਼ਬਦ ਇਕ ਅਰਥਪੂਰਨ ਇਕਾਈ ਹੈ, ਅਜਿਹੀ ਭਾਸ਼ਾਈ ਇਕਾਈ ਜਿਸ ਦੇ ਕੋਈ ਅਰਥ ਹਨ। ਪਰ ਇਸ ਨੂੰ 'ਛੋਟੀ-ਤੋਂ-ਛੋਟੀ' ਅਰਥਪੂਰਨ ਇਕਾਈ ਨਹੀਂ ਕਹਿ ਸਕਦੇ। ਵੇਖਿਆ ਜਾਵੇ 'ਰੋਟੀ' ਵੀ ਸ਼ਬਦ ਹੈ, 'ਰੋਟੀਆਂ' ਵੀ ਸ਼ਬਦ ਹੈ। ਜੇ 'ਰੋਟੀ' ਛੋਟੀ-ਤੋਂ-ਛੋਟੀ ਇਕਾਈ ਹੈ ਤਾਂ 'ਰੋਟੀਆਂ' ਉਸ ਤੋਂ ਵੱਡੀ ਇਕਾਈ ਬਣ ਗਈ। ਇਸ ਕਾਰਨ ਭਾਸ਼ਾ-ਵਿਗਿਆਨੀ ਮੰਨਦੇ ਹਨ ਕਿ 'ਰੋਟੀਆਂ' ਦੇ ਅੰਤ ਵਿਚ ਆਇਆ '-ਆਂ' ਵੀ ਅਰਥਪੂਰਨ ਹੈ ਕਿਉਂਕਿ ਇਹ ਬਹੁ ਵਚਨ ਦੇ ਭਾਵ ਪ੍ਰਗਟ ਕਰਦਾ ਹੈ। ਇਸ ਬਾਰੇ ਏਸੇ ਪਾਠ ਵਿਚ ਅੱਗੇ ਚੱਲ ਕੇ 'ਅਗੇਤਰਾਂ-ਪਿਛੇਤਰਾਂ' ਵਾਲੇ ਹਿੱਸੇ ਵਿਚ ਕੁੱਝ ਹੋਰ ਵਿਆਖਿਆ ਕੀਤੀ ਗਈ ਹੈ। ਏਥੇ ਅਸੀਂ ਇਹੋ ਕਹਾਂਗੇ ਕਿ '**ਸ਼ਬਦ ਭਾਸ਼ਾ ਦੀ ਇਕਹਿਰੀ ਅਰਥਪੂਰਨ ਇਕਾਈ ਹੈ।**' ਇਸ ਪਰਿਭਾਸ਼ਾ ਵਿਚ ਦੋ ਸ਼ਬਦਾਂ ਦਾ ਖ਼ਾਸ ਧਿਆਨ ਰੱਖਿਆ ਜਾਵੇ - 'ਇਕਾਈ' ਤੇ 'ਇਕਹਿਰੀ'। 'ਰੋਟੀ' ਵੀ ਇਕਾਈ ਹੈ ਅਤੇ 'ਮੋਟੀ 'ਰੋਟੀ' ਜਾਂ 'ਰੋਟੀ ਖਾਧੀ' ਵੀ ਭਾਸ਼ਈ ਇਕਾਈਆਂ ਹਨ। ਇਨ੍ਹਾਂ ਦੇ ਵੱਖਰੇ ਵੱਖਰੇ ਨਾਮ ਹਨ, ਜਿੰਨ੍ਹਾਂ ਦਾ ਵੇਰਵਾ ਅੱਗੇ 'ਵਾਕਾਂਸ਼' ਤੇ 'ਉਪਵਾਕ' ਦੇ ਵਿਵਰਨਾਂ ਹੇਠ ਦਿੱਤਾ ਜਾਵੇਗਾ। ਪਰ ਇਹ 'ਇਕਹਿਰੀਆਂ' ਇਕਾਈਆਂ ਨਹੀਂ–ਇਨ੍ਹਾਂ ਵਿਚ ਇਕ ਤੋਂ ਵਧੇਰੇ ਛੋਟੀਆਂ ਇਕਾਈਆਂ (ਸ਼ਬਦ) ਸ਼ਾਮਲ ਹਨ। ਸ਼ਬਦ ਲਈ ਇਕਹਿਰੀ ਇਕਾਈ ਹੋਣਾ ਜ਼ਰੂਰੀ ਹੈ।

ਸਵਾਲ ਉੱਠਦਾ ਹੈ ਕਿ ਜੇ 'ਰੋਟੀ' ਵੀ ਸ਼ਬਦ ਹੈ, ਅਤੇ 'ਰੋਟੀਆਂ' ਵੀ ਸ਼ਬਦ ਹੀ ਹੈ, ਤਾਂ ਇਨ੍ਹਾਂ ਦੁਹਾਂ ਵਿਚ ਫਰਕ ਕੀ ਹੋਇਆ। ਵਿਆਕਰਨ ਅਨੁਸਾਰ ਛੋਟੇ ਰੂਪ ਜਾਂ ਮੁੱਢਲੇ ਰੂਪ 'ਰੋਟੀ' ਨੂੰ 'ਮੂਲ ਸ਼ਬਦ' ਕਿਹਾ ਜਾਂਦਾ ਹੈ, ਅਤੇ 'ਰੋਟੀਆਂ' ਨੂੰ 'ਸਾਧਿਤ ਸ਼ਬਦ' ਅਰਥਾਤ ਮੂਲ ਸ਼ਬਦ ਵਿਚੋਂ ਬਣਾਇਆ ਹੋਇਆ ਸ਼ਬਦ। ਇੰਞ 'ਮੁੰਡਾ' ਮੂਲ ਸ਼ਬਦ ਹੈ, ਅਤੇ 'ਮੁੰਡੇ', 'ਮੁੰਡਿਆਂ', 'ਮੁੰਡਿਆ', 'ਮੁੰਡਿਓ' ਸਾਰੇ ਸਾਧਿਤ ਸ਼ਬਦ ਹਨ। 'ਅਕਲ' ਮੂਲ ਸ਼ਬਦ ਹੈ ਅਤੇ 'ਬੇਅਕਲ', 'ਬੇਅਕਲੀ', ਸਾਧਿਤ ਸ਼ਬਦ ਹਨ। 'ਲਿਖ' ਮੂਲ ਸ਼ਬਦ ਹੈ ਅਤੇ 'ਲਿਖਣ', 'ਲਿਖਣਗੇ', ਲਿਖਣਗੀਆਂ' ਸਾਧਿਤ ਸ਼ਬਦ। ਇਹ ਜ਼ਰੂਰੀ ਨਹੀਂ ਕਿ ਮੂਲ ਸ਼ਬਦ ਸਾਧਿਤ ਸ਼ਬਦ ਨਾਲੋਂ ਲਮਾਈ ਵਿੱਚ ਛੋਟਾ ਹੋਵੇ। ਮੁੰਡਾ ਤੇ ਮੁੰਡੇ ਬਰਾਬਰ ਲਮਾਈ ਵਾਲੇ ਹਨ। ਪਰ 'ਮੁੰਡਾ' ਮੁਢਲਾ ਰੂਪ ਹੈ, ਇਸ ਲਈ ਮੂਲ ਸ਼ਬਦ ਹੈ।

ਪਹਿਲਾ ਅਭਿਆਸ

ਨੋਟ: ਹੇਠ ਲਿਖੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖਾਲੀ ਛਡੀਆਂ ਥਾਵਾਂ ਉੱਤੇ ਦੇਣੇ ਹਨ। ਅੰਤ ਵਿਚ ਇਨ੍ਹਾਂ ਸਵਾਲਾਂ ਦੇ ਜਵਾਬ ਦਿੱਤੇ ਹੋਏ ਹਨ ਪਰ ਤੁਸੀਂ ਆਪਣੇ ਉੱਤਰ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਸ਼ਬਦ ਕਿਸ ਨੂੰ ਕਹਿੰਦੇ ਹਨ ?

---

2 ਮੂਲ ਸ਼ਬਦ ਤੇ ਸਾਧਿਤ ਸ਼ਬਦ ਦਾ ਅੰਤਰ ਸਪਸ਼ਟ ਕਰੋ।

2.3 ਸ਼ਬਦ-ਰਚਨਾ ਤੇ ਅਗੇਤਰ, ਪਿਛੇਤਰ

ਮੂਲ ਸ਼ਬਦ ਤੋਂ ਸਾਧਿਤ ਸ਼ਬਦ ਬਣਾਉਣ ਦੀ ਕਿਰਿਆ ਨੂੰ ਸ਼ਬਦ-ਰਚਨਾ ਕਿਹਾ ਜਾਂਦਾ ਹੈ। ਹੁਣ ਅਸੀਂ ਪੰਜਾਬੀ ਵਿਚ ਸ਼ਬਦ-ਰਚਨਾ ਦੀ ਸਾਧਨਾ ਬਾਰੇ ਵਿਚਾਰ ਕਰਾਂਗੇ; ਅਰਥਾਤ ਇਹ ਵੇਖਾਂਗੇ ਕਿ ਪੰਜਾਬੀ ਵਿਚ ਮੂਲ ਸ਼ਬਦ ਤੋਂ ਸਾਧਿਤ ਸ਼ਬਦ ਬਣਾਉਣ ਲਈ ਕਿਹੜੀਆਂ ਵਿਧੀਆਂ ਅਪਣਾਈਆਂ ਜਾਂਦੀਆਂ ਹਨ।

ਉੱਤੇ ਅਸਾਂ ਵੇਖਿਆ ਹੈ ਕਿ 'ਰੋਟੀ' ਤੋਂ ਸਾਧਿਤ ਰੂਪ 'ਰੋਟੀਆਂ' ਬਣਿਆ ਹੈ। ਇਥੇ ਮੂਲ ਸ਼ਬਦ ਦੇ ਪਿੱਛੇ '-ਆਂ' ਜੋੜਿਆ ਗਿਆ ਹੈ। ਇਵੇਂ ਹੀ 'ਲਿਖ' ਤੋਂ 'ਲਿਖਿਆ' ਬਣਾਉਣ ਲਈ ਪਿੱਛੇ 'ਇਆ' ਲਾਇਆ ਗਿਆ ਹੈ। ਸੋ ਸਾਧਿਤ ਰੂਪ ਬਣਾਉਣ ਦਾ ਇਕ ਸਾਧਨ ਇਹ ਹੈ ਕਿ ਮੂਲ ਸ਼ਬਦ ਦੇ ਪਿੱਛੇ ਕੁੱਝ ਜੋੜਿਆ ਜਾਂਦਾ ਹੈ।। ਇਸ ਪਿੱਛੇ-ਜੋੜੇ ਅੰਸ਼ ਨੂੰ '**ਪਿਛੇਤਰ**' ਕਹਿੰਦੇ ਹਨ। ਉੱਤੇ ਆਏ '-ਆਂ' ਤੇ 'ਇਆ' ਪਿਛੇਤਰ ਹਨ। ਦੇਸ਼ ਤੋਂ 'ਨਿਰਦੇਸ਼', ਜਾਂ

'ਵਕਤ' ਤੋਂ 'ਬੇਵਕਤ' ਬਣਾਉਣ ਲਈ ਸ਼ਬਦ ਦੇ ਅਰੰਭ ਵਿਚ 'ਨਿਰ' ਅਤੇ 'ਬੇ' ਜੋੜੇ ਗਏ ਹਨ। ਆਰੰਭ ਵਿਚ ਜੋੜੇ ਗਏ ਅੰਸ਼ ਨੂੰ **ਅਗੇਤਰ** ਆਖਦੇ ਹਨ 'ਨਿਰ' ਤੇ 'ਬੇ' ਅਗੇਤਰ ਹਨ। ਪਿਛੇਤਰ '-ਆਂ' ਤੇ 'ਇਆ' ਅਤੇ ਅਗੇਤਰ 'ਨਿਰ'-' ਅਤੇ 'ਬੇ'—ਭਾਵੇਂ ਸੁਤੰਤਰ ਸ਼ਬਦ ਨਹੀਂ, ਸ਼ਬਦ ਦੇ ਹਿੱਸੇ ਹਨ ਪਰ ਇਹ ਸਾਰਥਕ ਹਨ। ਏਸੇ ਆਧਾਰ ਤੇ ਆਧੁਨਿਕ ਭਾਸ਼ਾ ਵਿਗਿਆਨ ਸ਼ਬਦ ਨੂੰ ਛੋਟੀ-ਤੋਂ-ਛੋਟੀ ਸਾਰਥਕ ਇਕਾਈ ਨਹੀਂ ਮੰਨਦਾ, ਕਿਉਂਕਿ ਅਗੇਤਰ, ਪਿਛੇਤਰ ਸ਼ਬਦ ਨਾਲੋਂ ਵੀ ਛੋਟੀਆਂ ਇਕਾਈਆਂ ਹਨ ਅਤੇ ਸਾਰਥਕ ਹਨ। ਇਸ ਸੰਬੰਧ ਵਿਚ ਪਿੱਛੇ 2-2 ਵਿਚ ਸੰਕੇਤ ਦਿੱਤਾ ਗਿਆ ਸੀ।

ਪੰਜਾਬੀ ਦੇ ਕਿਸੇ ਸ਼ਬਦ ਵਿਚ ਇਕ ਤੋਂ ਵੱਧ ਅਗੇਤਰ ਨਹੀਂ ਲੱਗਦਾ, ਪਰ ਪਿਛੇਤਰ ਦੋ-ਦੋ, ਤਿੰਨ-ਤਿੰਨ ਵੀ ਲੱਗ ਜਾਂਦੇ ਹਨ। 'ਚੰਗਾ' ਤੋਂ ਚੰਗਿਆਈਆਂ ਬਣਾਉਂਦਿਆਂ ਦੋ ਪਿਛੇਤਰ ਲੱਗੇ ਹਨ—'ਇਆਈਂ' ਤੇ 'ਆਂ'। ਚੰਗਾ ਤੋਂ 'ਇਆਈਂ' ਲਾ ਕੇ ਪਹਿਲਾਂ ਬਣਿਆਂ 'ਚੰਗਿਆਈ' ਤੇ ਫੇਰ 'ਆਂ' ਲਾ ਕੇ 'ਚੰਗਿਆਈਆਂ'। 'ਲਿਖਣਗੀਆਂ' ਵਿਚ ਤਿੰਨ ਪਿਛੇਤਰ ਹਨ—ਲਿਖ+ਅਣ+ਗੀ+ ਆਂ। ਕੁੱਝ ਹਾਲਤਾਂ ਵਿਚ ਪਿਛੇਤਰ ਦੀ ਪਛਾਣ ਕਰਨੀ ਔਖੀ ਹੋ ਜਾਂਦੀ ਹੈ, ਜਿਵੇਂ ਇਸੇ ਉਦਾਹਰਣ ਵਿਚ '-ਗੀ' ਪਿੱਛੇਤਰ ਨਹੀਂ ਜਾਪਦਾ। ਪਰ ਹੈ ਇਹ ਪਿਛੇਤਰ, ਭਾਵੇਂ ਆਮ ਵਿਆਕਰਨਾਂ ਵਿਚ ਇਕੱਲੇ -ਗੀ- ਨੂੰ ਪਿੱਛੇਤਰ ਨਹੀਂ ਦਰਸਾਇਆ ਜਾਂਦਾ।

ਕਈਆਂ ਹਾਲਤਾਂ ਵਿਚ ਸਾਧਿਤ ਰੂਪ ਬਣਾਉਂਦਿਆਂ ਅਗੇਤਰ, ਪਿਛੇਤਰ ਦੋਵੇਂ ਵਰਤਣੇ ਪੈਂਦੇ ਹਨ। ਜਿਵੇਂ 'ਸੁਣ' ਤੋਂ 'ਅਣਸੁਣੀ' ਬਣਾਉਣ ਲਈ ਅਗੇਤਰ 'ਅਣ-' ਤੇ ਪਿਛੇਤਰ '—ਈਂ' ਦੋਵੇਂ ਲਾਏ ਗਏ ਹਨ।

2.3.1 ਸ਼ਬਦ-ਰਚਨਾ ਸੰਬੰਧੀ ਕੁੱਝ ਹੋਰ ਨੁਕਤੇ

ੳ) ਪਿੱਛੇ ਅਸਾਂ ਵੇਖਿਆ ਹੈ ਕਿ ਪੰਜਾਬੀ ਦੇ ਕਿਸੇ ਸ਼ਬਦ ਨਾਲ ਇਕ ਤੋਂ ਵੱਧ ਅਗੇਤਰ ਨਹੀਂ ਲੱਗਦੇ, ਪਰ ਪਿਛੇਤਰ ਦੋ-ਦੋ, ਤਿੰਨ-ਤਿੰਨ, (ਜਾ ਵਧੇਰੇ ਵੀ) ਲੱਗ ਜਾਂਦੇ ਹਨ। ਏਸੇ ਸੰਬੰਧ ਵਿਚ ਦੂਸਰਾ ਨੁਕਤਾ ਇਹ ਹੈ ਕਿ ਅਗੇਤਰ ਥੋੜੇ ਹਨ ਪਿਛੇਤਰ ਬਹੁਤ ਜ਼ਿਆਦਾ ਹਨ। ਅੱਗੇ ਪੰਜਾਬੀ ਦੇ ਅਗੇਤਰਾਂ ਤੇ ਪਿਛੇਤਰਾਂ ਦੇ ਕੁੱਝ ਨਮੂਨੇ ਦਿੱਤੇ ਗਏ ਹਨ।

ਅ) ਉਪਰੋਕਤ ਨੁਕਤੇ ਤੋਂ ਪੰਜਾਬੀ ਸ਼ਬਦ-ਰਚਨਾ ਦਾ ਇਕ ਵਿਸ਼ੇਸ਼ ਲੱਛਣ ਸਪਸ਼ਟ ਹੁੰਦਾ ਹੈ—**ਪੰਜਾਬੀ, ਮੁੱਖ ਰੂਪ ਵਿਚ ਪਿਛੇਤਰਾਤਮਿਕ ਭਾਸ਼ਾ ਹੈ।** ਸ਼ਬਦ-ਰਚਨਾ ਦਾ ਮੁੱਖ ਸਾਧਨ ਪਿਛੇਤਰ ਹਨ।

ੲ) ਪੰਜਾਬੀ ਦੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਅਗੇਤਰ, ਜਾਂ ਪਿਛੇਤਰ ਵਰਤਣ ਦੀ ਬਜਾਇ, ਸ਼ਬਦਾਂ ਦੇ ਵਿਚਾਲੇ ਕੁੱਝ ਪਰਿਵਰਤਨ ਕੀਤਾ ਜਾਂਦਾ ਹੈ, ਜਿਵੇਂ 'ਜੁੜ' ਤੋਂ 'ਜੋੜ', 'ਮੁੜ' ਤੋਂ 'ਮੋੜ' 'ਤੁਰ' ਤੋਂ 'ਤੋਰ' ਬਣਾਉਣ ਲਈ ਵਿਚਾਲੇ ਆਏ-ਉ- (ਔਂਕੜ) ਨੂੰ -ਓ (ਹੋੜੇ) ਵਿਚ ਬਦਲਿਆ ਗਿਆ ਹੈ। 'ਫਿਰ' ਤੋਂ 'ਫੇਰ', 'ਕਿਰ' ਤੋਂ 'ਕੇਰ', 'ਗਿੜ' ਤੋਂ 'ਗੇੜ' ਬਣਾਉਂਦਿਆਂ ਵੀ ਇਸੇ ਤਰ੍ਹਾਂ ਦਾ ਸਿਧਾਂਤ ਵਰਤਿਆ ਗਿਆ ਹੈ - ਸਿਹਾਰੀ ਦੀ ਲਾਂ ਬਣਾਈ ਗਈ ਹੈ।

ਸ) ਥੋੜ੍ਹੇ ਜਿਹੇ ਸ਼ਬਦ 'ਸੰਧੀ' ਦੇ ਨਿਯਮ ਅਨੁਸਾਰ ਵੀ ਬਣਾਏ ਜਾਂਦੇ ਹਨ। ਉਪਰ+ਉਕਤ' ਤੋਂ 'ਉਪਰੋਕਤ', ਅਤੇ 'ਅਨ-ਆਦਰ' ਤੋਂ 'ਅਨਾਦਰ' ਸੰਧੀ ਦੇ ਨਿਯਮ ਸੰਸਕ੍ਰਿਤ ਸੰਧੀ ਨਾਲੋਂ ਵੱਖਰੇ ਹਨ।ਜਿਵੇਂ ਸੰਸਕ੍ਰਿਤ ਵਿਚ 'ਸੁਰ+ਇੰਦ੍ਰ' ਦੀ ਸੰਧੀ ਕਰਕੇ 'ਸੁਰੇਂਦ੍ਰ' ਬਣਦਾ ਹੈ, ਪਰ ਪੰਜਾਬੀ ਵਿਚ ਇਸੇ ਸੰਧੀ ਦਾ 'ਸੁਰਿੰਦਰ' ਬਣਦਾ ਹੈ। ਇਵੇਂ ਹੀ 'ਨਰ+ਇੰਦ੍ਰ' ਸੰਸਕ੍ਰਿਤ ਵਿਚ 'ਨਰੇਂਦ੍ਰ', ਪਰ ਪੰਜਾਬੀ ਵਿਚ 'ਨਰਿੰਦਰ' ਬਣਦਾ ਹੈ।

ਹ) ਜਿਹੜੇ ਪੰਜਾਬੀ ਸ਼ਬਦਾਂ ਦੇ ਅਰੰਭ ਵਿਚ ਦੋ ਦੀਰਘ ਸੁਰ ਆਉਣ, ਜੇ ਉਨ੍ਹਾਂ ਨਾਲ ਕੋਈ ਪਿਛੇਤਰ ਜੋੜਿਆ ਜਾਵੇ ਤਾਂ ਪਹਿਲਾਂ ਦੀਰਘ ਸੁਰ ਹ੍ਰਸਵ ਹੋ ਜਾਂਦਾ ਹੈ। 'ਮੋਟਾ' ਤੋਂ 'ਮੁਟਾਈ' ਬਣਾਉਣ ਨਾਲ 'ਮੋ' ਦਾ ਹੋੜਾ /ਓ/ (ਔਂਕੜ) /ਉ/ ਵਿਚ ਬਦਲ ਗਿਆ ਹੈ। 'ਕੌੜਾ' ਤੋਂ 'ਕੁੜੱਤਣ' ਅਤੇ 'ਨੀਵਾਂ' ਤੋਂ 'ਨਿਵਾਣਾ' ਬਣਾਉਂਦਿਆ ਵੀ ਏਹੋ ਸਿਧਾਂਤ ਲਾਗੂ ਹੋਇਆ ਹੈ।

ਕ) ਪੰਜਾਬੀ ਦੇ ਕਿਸੇ ਸ਼ਬਦ ਦੇ ਅਰੰਭ ਵਿਚ /ਙ/, /ਞ/, /ਣ/ ਤੇ /ੜ/ ਦੀਆਂ ਧੁਨੀਆਂ ਨਹੀਂ ਆਉਂਦੀਆਂ। ਅਰਥਾਤ ਪੰਜਾਬੀ ਦਾ ਕੋਈ ਸ਼ਬਦ 'ਙ', 'ਞ', 'ਣ' ਤੇ 'ੜ' ਅੱਖਰ ਨਾਲ ਸ਼ੁਰੂ ਨਹੀਂ ਹੁੰਦਾ।

ਖ) ਅਜੋਕੇ ਪੰਜਾਬੀ ਉਚਾਰਨ ਅਨੁਸਾਰ ਪੰਜਾਬੀ ਦੇ ਕਿਸੇ ਸ਼ਬਦ ਦੇ ਅੰਤ ਵਿਚ /ਯ/ ਦੀ ਧੁਨੀ ਅਰਥਾਤ 'ਯ' ਨਹੀਂ ਆਉਂਦੀ ਇਸ ਕਰਕੇ ਨਵੀਂ ਸਾਹਿੱਤਕ ਪੰਜਾਬੀ ਵਿਚ ਸੰਸਕ੍ਰਿਤ ਤੋਂ ਲਈ ਜਾ ਰਹੇ ਅੰਤਿਮ /ਯ/ ਵਾਲੇ ਸ਼ਬਦਾਂ ਦੇ ਪੰਜਾਬੀ ਰੂਪ ਵਿਚ /ਯ/ ਉੱਡ ਜਾਂਦਾ ਹੈ। ਇਸ ਨਿਯਮ ਅਨੁਸਾਰ 'ਭਾਰਤੀਯ', ਰਾਸ਼ਟ੍ਰੀਯ' ਆਦਿ ਸੰਸਕ੍ਰਿਤ ਸ਼ਬਦ ਪੰਜਾਬੀ ਵਿਚ 'ਭਾਰਤੀ', 'ਰਾਸ਼ਟਰੀ' ਹੋ ਗਏ ਹਨ।

2.3.2 ਪੰਜਾਬੀ ਦੇ ਕੁੱਝ ਅਗੇਤਰ

ਅਗੇਤਰ ਉਸ ਭਾਸ਼ਈ ਅੰਸ਼ ਨੂੰ ਕਹਿੰਦੇ ਹਨ ਜੋ ਸੁਤੰਤਰ ਸ਼ਬਦ ਨਾ ਹੋਵੇ, ਪਰ ਇਸ ਨੂੰ ਕਿਸੇ ਸ਼ਬਦ ਦੇ ਅਰੰਭ ਵਿਚ ਜੋੜ ਕੇ ਨਵਾਂ ਸ਼ਬਦ ਬਣਾਇਆ ਜਾ ਸਕੇ। 'ਲੋਭ' ਦੇ ਸ਼ੁਰੂ ਵਿਚ 'ਨਿਰ-' ਜੋੜਿਆ ਨਵਾਂ ਸ਼ਬਦ **'ਨਿਰਲੋਭ' ਬਣ ਜਾਂਦਾ** ਹੈ। ਇਥੇ 'ਨਿਰ-' ਅਗੇਤਰ ਹੈ। ਇਵੇਂ ਹੀ 'ਨਕਾਰਾ' 'ਨਿਕੰਮਾ', 'ਸੁਸਰਾ' ਵਿਚ 'ਨ-', 'ਨਿ-' ਤੇ 'ਬੇ-' **ਅਗੇਤਰ** ਹਨ।

ਪੰਜਾਬੀ ਦੇ ਲਗ-ਪਗ ਸਾਰੇ ਹੀ ਅਗੇਤਰ ਵਿਸ਼ੇਸ਼ਣੀ ਅਰਥਾਂ ਵਾਲੇ ਹਨ। ਅਗੇਤਰ ਆਮ ਤੌਰ ਉਤੇ ਮੂਲ ਸ਼ਬਦ ਦੇ ਰੂਪ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਕਰਨ ਤੋਂ ਬਿਨਾ ਹੀ ਜੋੜ ਦਿੱਤਾ ਹੈ, ਜਿਵੇਂ ਉਤੇ ਦਿੱਤੇ ਉਦਾਹਰਨ, ਨਿਰਲੋਭ, ਨਕਾਰਾ, ਨਿਕੰਮਾ, ਆਦਿ ਵਿਚ। ਪਰ ਕੁੱਝ ਹਾਲਤਾਂ ਵਿਚ ਅਗੇਤਰ ਲਾਉਣ ਲਈ ਸ਼ਬਦ ਦੇ ਰੂਪ ਵਿਚ ਕੁੱਝ ਪਰਿਵਰਤਨ ਕਰ ਲਈਦਾ ਹੈ। ਜਿਵੇਂ, 'ਆਧਾਰ' ਵਿਚ ਅਗੇਤਰ 'ਨਿਰ-' ਲਾਉਣ ਪਿੱਛੋਂ 'ਨਿਰ-ਆ-ਧਾਰ' ਲਿਖਣ ਦੀ ਥਾਂ 'ਨਿਰਾਧਾਰ' ਲਿਖ ਲਈਦਾ ਹੈ।

ਅੱਗੇ ਪੰਜਾਬੀ ਅਗੇਤਰਾਂ ਦੇ ਕੁੱਝ ਨਮੂਨੇ ਦਿੱਤੇ ਗਏ ਹਨ। ਇਨ੍ਹਾਂ ਨੂੰ ਪੰਜਾਬੀ ਅਗੇਤਰਾਂ ਦੀ ਮੁਕੰਮਲ ਸੂਚੀ ਨਾ ਸਮਝਿਆ ਜਾਵੇ, ਇਹ ਕੁੱਝ ਪ੍ਰਸਿਧ ਅਗੇਤਰ ਹਨ।

ਅ- ਨਾਂਹਕਾਰੀ ਅਰਥਾਂ ਵਿਚ ਵਰਤਿਆ ਜਾਂਦਾ ਹੈ, ਜਿਵੇਂ ਅਸਫਲ, ਅਕਾਰਨ, ਅਪੂਰਨ, ਆਦਿ ਵਿਚ।

ਅਣ- ਇਹ ਵੀ 'ਅ-' ਵਾਲੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ (ਨਾਂਹਕਾਰੀ ਭਾਵ ਪ੍ਰਗਟ ਕਰਨ ਲਈ), ਜਿਵੇਂ ਅਣਸੁਣੀ, ਅਣਮੰਗਿਆ, ਅਣਧੋਤਾ, ਅਣਹੋਣੀ, ਆਦਿ ਵਿਚ।

ਅਧ- 'ਅੱਧ', ਅਪੂਰਨ ਜਾਂ ਨਾਮੁਕੰਮਲ ਦੇ ਅਰਥਾਂ ਵਿਚ : ਅਧਕੱਚਾ, ਅਧਮੋਇਆ, ਅਧਵਾਟੇ।

ਅਨ- ਇਹ ਅਗੇਤਰ ਪਿੱਛੇ ਆਏ 'ਅਣ' ਦਾ ਹੀ ਦੂਜਾ ਰੂਪ ਹੈ। ਆਮ ਤੌਰ ਉਤੇ ਸੰਸਕ੍ਰਿਤ ਦੇ ਮੂਲ ਰੂਪ ਵਾਲੇ ਸ਼ਬਦਾਂ ਨਾਲ ਅਨ-ਲੱਗਦਾ ਹੈ, ਅਤੇ ਬਦਲੇ ਹੋਏ (ਅਰਥਾਤ ਪੰਜਾਬੀ) ਰੂਪ ਵਾਲੇ ਸ਼ਬਦਾਂ ਨਾਲ 'ਅਣ-' ਆਉਂਦਾ ਹੈ। ਅਨ- ਦੇ ਕੁੱਝ ਉਦਾਹਰਨ ਹਨ : ਅਨਹਦ, ਅਨਰਥ (ਅਣ+ਅਰਥ), ਅਨਾਦਰ (ਅਨ+ਆਦਰ), ਅਨਉਚਿੱਤ।

ਸ- ਨਾਲ, ਸਹਿਤ, ਵਾਲਾ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ, ਜਿਵੇਂ ਸਜੀਵ (ਜੀਣ ਵਾਲਾ), ਸਟੀਕ (ਟੀਕਾ ਸਹਿਤ), ਸਚਿੱਤਰ (ਚਿਤਰਾਂ ਵਾਲਾ), ਸਰਸ (ਰਸ ਵਾਲਾ) ਆਦਿ ਵਿਚ।

ਸਵੈ- ਆਪਣਾ ਦੇ ਅਰਥਾਂ ਵਿਚ : ਸਵੈਮਾਣ, ਸਵੈਜੀਵਨੀ, ਸਵੈਘਾਤ।

ਸੁ- ਚੰਗਾ, ਸੁਹਣਾ, ਸੁਖਾਲਾ ਦੇ ਅਰਥਾਂ ਵਿਚ : ਸੁਪਤਨੀ, ਸੁਗੰਧ, ਸੁਚੱਜੀ, ਸੁਲੱਖਣਾ, ਸੁਭਾਗਾ।

ਹਮ- ਫ਼ਾਰਸੀ ਤੋਂ ਲਿਆ ਗਿਆ ਅਗੇਤਰ ਹੈ , ਜੋ ਬਰਾਬਰ ਦਾ, ਨਾਲ ਦਾ, ਸਾਥੀ, ਆਦਿ ਦੇ ਅਰਥਾਂ ਵਿਚ ਆਉਂਦਾ ਹੈ : ਹਮਉਮਰ, ਹਮਰਾਹੀ, ਹਮਵਤਨ, ਹਮਪਿਆਲਾ।

ਕੁ- ਬੁਰਾ, ਘਟੀਆ, ਕੋਝਾ, ਨਿਕੰਮਾ, ਆਦਿ ਦੇ ਅਰਥਾਂ ਲਈ : ਕੁਪੱਤਾ, ਕੁਲਹਿਣਾ, ਕੁਚੱਜੀ, ਕੁਰਾਹੀਆ, ਕੁਸੰਗ।

ਗ਼ੈਰ- ਅਰਬੀ ਭਾਸ਼ਾ ਤੋਂ ਲਿਆ ਅਗੇਤਰ ਹੈ, ਜੋ ਬਿਗਾਨਾ, ਦੂਜਾ, ਦੇ ਅਰਥਾਂ ਵਿਚ, ਜਾਂ ਨਾਂਹਕਾਰੀ ਭਾਵ ਪ੍ਰਗਟਾਉਣ ਲਈ ਵਰਤਿਆ ਜਾਂਦਾ ਹੈ : ਗੈਰਮੁਲਕੀ, ਗੈਰਵਾਜਬ, ਗੈਰਹਾਜ਼ਰ, ਗੈਰਮੁਨਾਸਬ।

ਚੁ- ਚਾਰ ਦੇ ਅਰਥਾਂ ਵਿਚ : ਚੁਬਾਰਾ, ਚੁਰਾਹਾ, ਚੁਹੱਦੀ, ਚੁਗਿਰਦਾ, ਚੁਫੇਰਾ।

ਦੁ- 'ਦੋ' ਦੇ ਅਰਥਾਂ ਵਿਚ : ਦੁਬਾਰਾ, ਦੁਵੱਲੀ, ਦੁਤਰਫਾ, ਦੁਨਾਲੀ, ਦੁਮੂੰਹੀ।

ਦੁਰ- ਬੁਰਾ, ਭੈੜਾ, ਘਟੀਆ ਦੇ ਅਰਥਾਂ ਵਿਚ :ਦੁਰਦਸ਼ਾ, ਦੁਰਘਟਨਾ, ਦੁਰਗੰਧ, ਦੁਰਗਤੀ।

ਨ-ਤੇ ਨਾ- ਦੋਵੇ ਨਾਹਵਾਚੀ, ਅਥਵਾ ਨਿਖੇਧਾਤਮਿਕ ਅਗੇਤਰ ਹਨ। ਉਦਾਹਰਨ

ਨ- ਨਕਾਰਾ, ਨਕਦਰਾ, ਨਖੱਟੂ, ਨਖਸਮਾ, ਨਪੁੱਤੀ।
ਨਾ- ਨਾਸ਼ੁਕਰਾ, ਨਾਖਾਬਲ, ਨਾਕਾਮ, ਨਾਪਾਕ, ਨਾਬਾਲਗ, ਨਾਮੁਕੰਮਲ, ਨਾਵਾਕਫ, ਇਨ੍ਹਾਂ ਵਿਚ ਨਾ-ਫਾਰਸੀ ਤੋਂ ਆਇਆ ਹੈ, ਅਤੇ ਆਮ ਤੌਰ ਤੇ ਅਰਬੀ, ਫਾਰਸੀ ਮੂਲ ਦੇ ਸ਼ਬਦਾਂ ਨਾਲ ਹੀ ਵਰਤਿਆ ਜਾਂਦਾ ਹੈ।

ਨਿ-ਤੇ ਨਿਰ- ਵੀ ਨਾਹਕਾਰੀ ਅਗੇਤਰ ਹਨ। ਇਹ ਵਧੇਰੇ ਸੰਸਕ੍ਰਿਤ ਮੂਲ ਦੇ ਸ਼ਬਦਾਂ ਨਾਲ ਵਰਤੇ ਜਾਂਦੇ ਹਨ, ਜਿਵੇਂ
ਨਿ- ਨਿਓਟਾ, ਨਿਹੱਥਾ, ਨਿਗੁਰਾ, ਨਿਡਰ, ਨਿਮਾਣਾ, ਨਿਲੱਜਾ।
ਨਿਰ- ਨਿਰਸੰਦੇਹ, ਨਿਰਛਲ, ਨਿਰਜੀਵ, ਨਿਰਧਨ, ਨਿਰਪੱਖ, ਨਿਰਮਲ, ਨਿਰਮੂਲ, ਨਿਰਲੇਪ।

ਪਰ- ਪਰਾਏ, ਬਿਗਾਨੇ, ਓਪਰੇ ਦੇ ਅਰਥਾਂ ਵਿਚ : ਪਰਦੇਸ, ਪਰਧਨ, ਪਰਨਾਰੀ, ਪਰਲੋਕ, ਪਰਵੇਸ।

ਬਦ- ਬਾ-, ਬੇ-, ਫ਼ਾਰਸੀ ਤੋਂ ਲਏ ਗਏ ਅਗੇਤਰ ਹਨ, ਇਹ ਤਿੰਨੇ ਵਧੇਰੇ ਕਰਕੇ ਅਰਬੀ, ਫਾਰਸੀ ਮੂਲ ਦੇ ਸ਼ਬਦਾਂ ਨਾਲ ਹੀ ਵਰਤੇ ਜਾਂਦੇ ਹਨ।

ਬਦ- ਬੁਰਾ, ਭੈੜਾ ਦੇ ਅਰਥਾਂ ਵਿਚ : ਬਦਸੂਰਤ, ਬਦਕਿਸਮਤ, ਬਦਨਸੀਬ, ਬਦਕਾਰ, ਬਦਮਿਜ਼ਾਜ।
ਬਾ- ਨਾਲ, ਸਹਿਤ, ਦੇ ਅਰਥਾਂ ਵਿਚ : ਬਾਰਸੂਖ, ਬਾਅਦਬ, ਬਾਇੱਜ਼ਤ, ਬਾਕਾਇਦਾ, ਬਾਵਰਦੀ।
ਬੇ- ਬਿਨਾ, ਰਹਿਤ, ਦੇ ਅਰਥਾਂ ਵਿਚ : ਬੇਆਸਰਾ, ਬੇਇੱਜ਼ਤ, ਬੇਇਤਬਾਰ, ਬੇਸਬਰਾ, ਬੇਸ਼ਰਮ, ਬੇਗੈਰਤ, ਬੇਘਰ।
ਲਾ- ਅਰਬੀ ਤੋਂ ਅਪਣਾਇਆ ਅਗੇਤਰ ਹੈ, ਤੇ ਆਮ ਤੌਰ ਉਤੇ ਅਰਬੀ, ਫ਼ਾਰਸੀ ਮੂਲ ਦੇ ਸ਼ਬਦਾਂ ਨਾਲ ਹੀ ਆਉਂਦਾ ਹੈ–ਬਿਨਾਂ, ਰਹਿਤ, ਬੇ-ਦੇ ਅਰਥਾਂ ਵਿਚ : ਲਾਵਾਰਸ, ਲਾਜਵਾਬ, ਲਾਪਰਵਾਹੀ, ਲਾਵਲਦ, ਲਾਸਾਨੀ, ਲਾਚਾਰ।

2.3.3 ਪੰਜਾਬੀ ਦੇ ਕੁੱਝ ਪਿਛੇਤਰ

ਪਿਛੇਤਰ ਉਸ ਭਾਸ਼ਾਈ ਅੰਸ਼ ਨੂੰ ਕਹਿੰਦੇ ਹਨ ਜੋ ਸੁਤੰਤਰ ਸ਼ਬਦ ਨਾ ਹੋਵੇ ਪਰ ਇਸ ਨੂੰ ਕਿਸੇ ਸ਼ਬਦ ਦੇ ਪਿੱਛੇ ਜੋੜ ਕੇ ਨਵਾਂ ਸ਼ਬਦ ਬਣਾਇਆ ਜਾ ਸਕੇ। ਉਦਾਹਰਨ ਲਈ ਨਾਂਵ 'ਹੱਥ' ਦੇ ਪਿਛੇ ਪਿਛੇਤਰ '-ਆਂ' ਲਗਕੇ ਨਵਾਂ ਰੂਪ 'ਹੱਥਾਂ' ਬਣਿਆ ਹੈ। ਇਵੇਂ ਹੀ 'ਅੱਖ' ਪਿੱਛੇ '-ਈਂ' ਜੋੜਿਆਂ ਅੱਖੀਂ ਬਣਦਾ ਹੈ। ਅਤੇ 'ਕਰ' ਨਾਲ ਪਿਛੇਤਰ '-ਏ' ਲਾ ਕੇ 'ਕਰੇ' ਬਣਦਾ ਹੈ।

ਪਿੱਛੇ ਦੱਸਿਆ ਗਿਆ ਸੀ ਕਿ ਅਗੇਤਰ, ਆਮ ਤੌਰ ਉਤੇ, ਵਿਸ਼ੇਸ਼ਣ ਦੇ ਅਰਥਾਂ ਵਿਚ ਵਰਤੇ ਜਾਂਦੇ ਹਨ। ਇਸ ਦੇ ਉਲਟ ਪਿਛੇਤਰ ਲਿੰਗ, ਵਚਨ, ਕਾਰਕ, ਅਤੇ ਕਿਰਿਆ ਦਾ ਕਾਲ, ਵਾਚ, ਪੱਖ, ਆਦਿ ਦਰਸਾਉਣ ਲਈ ਵਰਤੇ ਜਾਂਦੇ ਹਨ। ਜਿਵੇਂ 'ਮੁੰਡਾ' ਦਾ ਪਿਛੇਤਰੀ /-ਆ/ ਇਕ ਵਚਨ ਪੁਲਿੰਗ ਦਾ ਚਿੰਨ੍ਹ ਹੈ, /ਮੁੰਡੇ/ ਦਾ /-ਏ/ ਬਹੁ ਵਚਨ ਪੁਲਿੰਗ ਤੇ 'ਮੁੰਡਿਆ' ਦਾ /ਇਆ/ ਸੰਬੋਧਨ ਵਾਚਕ ਹੈ। ਇਸ ਤੋਂ ਇਲਾਵਾ ਨਾਂਵ ਤੋਂ ਕਿਰਿਆ ਜਾਂ ਵਿਸ਼ੇਸ਼ਣ ਬਣਾਉਣ ਲਈ, ਅਥਵਾ ਕਿਰਿਆ ਤੋਂ ਨਾਂਵ ਜਾਂ ਵਿਸ਼ੇਸ਼ਣ ਆਦਿ ਬਣਾਉਣ ਲਈ ਵੀ ਪਿਛੇਤਰ ਹੀ ਵਰਤੇ ਜਾਂਦੇ ਹਨ। ਜਿਵੇਂ 'ਹੱਥ' ਨਾਂਵ ਤੋਂ 'ਹਥਲਾ' ਵਿਸ਼ੇਸ਼ਣ ਤੇ 'ਹਥਿਆਇਆ' ਕਿਰਿਆ ਪਿਛੇਤਰਾਂ ਦੀ ਵਰਤੋਂ ਨਾਲ ਬਣੇ ਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪੰਜਾਬੀ ਵਿਚ ਸ਼ਬਦ-ਰਚਨਾ ਦਾ ਮੁੱਖ ਸਾਧਨ ਪਿਛੇਤਰ ਹੀ ਹਨ, ਅਗੇਤਰਾਂ ਦਾ ਕਾਰਜ-ਖੇਤਰ ਬੜਾ ਸੀਮਿਤ ਜਿਹਾ ਹੈ।

ਕੁੱਝ ਹਾਲਤਾਂ ਵਿਚ ਪਿਛੇਤਰ ਜੋੜਨ ਨਾਲ ਮੂਲ ਸ਼ਬਦ ਦੇ ਰੂਪ ਵਿਚ ਕੋਈ ਫਰਕ ਨਹੀਂ ਪੈਂਦਾ, ਜਿਵੇਂ ਉਤੇ ਆਏ ਉਦਾਹਰਨਾਂ 'ਹੱਥਾਂ', 'ਅੱਖੀਂ', 'ਕਰੇ', ਆਦਿ ਵਿਚ। ਪਰ ਵਧੇਰੇ ਹਾਲਤਾਂ ਵਿਚ ਪਿਛੇਤਰ ਲਾਉਣ ਲਈ ਮੂਲ ਸ਼ਬਦ ਦੇ ਰੂਪ ਵਿਚ ਕੋਈ ਪਰਿਵਰਤਨ ਕਰਨਾ ਪੈਂਦਾ ਹੈ। ਮਿਸਾਲ ਵਜੋਂ 'ਚੰਗਾ' ਤੋਂ 'ਚੰਗਿਆਈ' ਬਣਾਉਣ ਲਈ ਮੂਲ 'ਚੰਗਾ' ਦਾ ਅੰਤਿਮ -ਆ (ਕੰਨਾਂ) ਹਟਾ ਕੇ ਪਿਛੇਤਰ '-ਇਆਈ' ਜੋੜਿਆ ਗਿਆ ਹੈ। ਇਵੇਂ ਹੀ 'ਮੋਟਾ' ਤੋਂ 'ਮੁਟਾਪਾ' ਬਣਾਉਣ ਲਈ -ਪਾ ਲਾਉਣ ਨਾਲ ਮੋਟਾ ਦਾ -ਓ (ਹੌੜਾ), ਉ- (ਔਂਕੜ) ਵਿਚ ਬਦਲ ਜਾਂਦਾ ਹੈ।

ਪੰਜਾਬੀ ਦੇ ਪਿਛੇਤਰ ਬਹੁਤ ਜ਼ਿਆਦਾ ਹਨ, ਅੱਗੇ ਸਿਰਫ਼ ਨਮੂਨੇ ਵਜੋਂ ਕੁੱਝ ਪਿਛੇਤਰ ਦਿੱਤੇ ਗਏ ਹਨ :

-ਊ (ਕਰਤਾਰੀ ਵਾਚਕ ਨਾਂਵ ਬਣਾਉਂਦਾ ਹੈ, ਅਰਥਾਤ, 'ਵਾਲਾ', 'ਯੋਗ' 'ਵਾਸਤੇ' ਆਦਿ ਦੇ ਅਰਥਾਂ ਲਈ ਵਰਤਿਆ ਜਾਂਦਾ ਹੈ) :ਕਮਾਊ, ਟਿਕਾਊ, ਭੜਕਾਊ, ਵਿਕਾਊ, ਢਾਹੂ, ਮਾਰੂ, ਲਾਗੂ।

-ਅਈ (ਵਾਲਾ, ਦਾ, ਵਰਗਾ ਦੇ ਅਰਥਾਂ ਵਿਚ) : ਝਟਕਈ, ਸੁਰਮਈ, ਮਲਵਈ, ਮੁਗਲਈ।

-ਆਈ (ਇਸਤਰੀ, ਲਿੰਗ ਨਾਂਵ ਬਣਾਉਣ ਲਈ)-ਗੁਡਾਈ, ਵਢਾਈ, ਸੁਣਾਈ, ਕਢਾਈ, ਲਿਖਾਈ, ਪੜ੍ਹਾਈ।

-ਆਣੀ (ਇਸਤਰੀ ਲਿੰਗ ਨਾਂਵ ਬਣਾਉਣ ਲਈ) : ਜਿਠਾਣੀ, ਦਿਰਾਣੀ, ਨੌਕਰਾਣੀ, ਪੰਡਤਾਣੀ, ਖਤਰਾਣੀ।

-ਆਨਾ (ਵਿਸ਼ੇਸ਼ਣ ਬਣਾਉਣ ਲਈ) : ਅਮੀਰਾਨਾ, ਸ਼ਾਹਾਨਾ, ਸਾਲਾਨਾ, ਰੁਜ਼ਾਨਾ, ਬਹਾਦਰਾਨਾ।

-ਆਨਾ (ਨਾਂਵ ਬਣਾਉਣ ਲਈ) : ਸ਼ੁਕਰਾਨਾ, ਜੁਰਮਾਨਾ, ਮਿਹਨਤਾਨਾ, ਹਰਜਾਨਾ, (ਇਹ ਪਿਛੇਤਰ ਫ਼ਾਰਸੀ ਤੋਂ ਲਿਆ ਗਿਆ ਹੈ)

ਆਰੀ (ਕਰਤਾਰੀ ਵਾਚਕ ਨਾਂਵ ਬਣਾਉਣ ਲਈ, ਅਰਥਾਤ 'ਵਾਲਾ', 'ਕਰਨ ਵਾਲਾ' ਆਦਿ ਦੇ ਅਰਥ ਦੇਣ ਲਈ) : ਭਿਖਾਰੀ, ਪੁਜਾਰੀ, ਖਿਡਾਰੀ, ਜੁਆਰੀ, ਲਿਖਾਰੀ।

-ਇਆਈ (ਭਾਵਵਾਚਕ ਇਸਤਰੀ ਲਿੰਗ ਨਾਂਵ ਬਣਾਉਣ ਲਈ) : ਚੰਗਿਆਈ, ਵਡਿਆਈ, ਬੁਰਿਆਈ

-ਇਕ (ਵਿਸ਼ੇਸ਼ਣ ਬਣਾਉਣ ਲਈ) : ਅਰੰਭਿਕ, ਸਪਤਾਹਿਕ, ਸਮਾਜਿਕ, ਧਾਰਮਿਕ, ਵਾਰਸ਼ਿਕ।

-ਈ (ਭਾਵਵਾਚੀ ਨਾਂਵ ਬਣਾਉਣ ਲਈ) : ਉਸਾਰੀ, ਸਿੱਖੀ, ਕਮਜ਼ੋਰੀ, ਚੁਸਤੀ, ਫੁਰਤੀ, ਚੋਰੀ, ਤੇਜ਼ੀ, ਬਦੀ, ਰਾਖੀ, ਦਲੇਰੀ, ਭਲਮਾਣਸੀ।

-ਈ (ਵਿਸ਼ੇਸ਼ਣ ਬਣਾਉਣ ਲਈ) : ਆਖ਼ਰੀ, ਸੰਤੋਖੀ, ਹੱਕੀ, ਹੰਕਾਰੀ, ਕੁਦਰਤੀ, ਅੰਮ੍ਰਿਤਸਰੀ, ਜਲੰਧਰੀ, ਨਕਲੀ ਪਖੰਡੀ, ਧਨੀ, ਪਾਪੀ, ਫ਼ਸਲੀ।

-ਈਂ ('ਵਿਚ' ਦੇ ਅਰਥਾਂ ਵਿਚ) : ਹੱਥੀਂ (ਹੱਥਾਂ ਵਿਚ), ਅੱਖੀਂ, ਘਰੀਂ, ਸ਼ਹਿਰੀਂ, ਕੰਨੀਂ।

-ਹਾਰ ('ਵਾਲਾ' ਦੇ ਅਰਥਾਂ ਵਿਚ) : ਸਿਰਜਣਹਾਰ, ਚਲਣਹਾਰ, ਤਾਰਨਹਾਰ, ਦੇਣਹਾਰ, ਮਿਲਾਵਣਹਾਰ।

-ਹਾਰ ('ਵਾਂਗ' ਤਰ੍ਹਾਂ ਦੇ ਅਰਥਾਂ ਵਿਚ) : ਪਾਗਲਾਂਹਾਰ, ਯੂਰਪੀਨਾਂਹਾਰ, ਮੰਗਤਿਆਂਹਾਰ।

-ਹੀਣ (ਬਿਨਾਂ, ਬਗ਼ੈਰ, ਰਹਿਤ ਦੇ ਅਰਥਾਂ ਵਿਚ)1 : ਉਤਸ਼ਾਹਹੀਣ, ਅੰਗਹੀਣ, ਅਰਥਹੀਣ, ਗੁਣਹੀਣ, ਨੇਤਰਹੀਣ, ਮੱਤਹੀਣ।

-ਕਾਰ (ਵਾਲਾ, ਕਰਨਵਾਲਾ ਦੇ ਅਰਥਾਂ ਵਿਚ) : ਇਤਿਹਾਸਕਾਰ, ਆਗਿਆਕਾਰ, ਸਲਾਹਕਾਰ, ਕਲਾਕਾਰ, ਕਥਾਕਾਰ।

-ਗਰ (ਫ਼ਾਰਸੀ ਤੋਂ ਲਿਆ ਪਿਛੇਤਰ ਹੈ ਜੋ, ਆਮ ਤੌਰ ਤੇ, ਪੇਸ਼ਾ ਜਾਂ ਕਿੱਤਾ ਦਰਸਾਉਣ ਲਈ ਵਰਤਿਆ ਜਾਂਦਾ ਹੈ) : ਕਾਰੀਗਰ, ਚੂੜੀਗਰ, ਸੁਦਾਗਰ, ਜਾਦੂਗਰ, ਜ਼ਰਗਰ।

-ਚੀ (ਇਕ ਹੋਰ ਫ਼ਾਰਸੀ ਪਿਛੇਤਰ ਜੋ ਕਰਤਾਰੀ ਵਾਚਕ ਨਾਂਵ ਬਣਾਉਣ ਲਈ ਵਰਤਿਆ ਜਾਂਦਾ ਹੈ) ਖ਼ਜ਼ਾਨਚੀ, ਤਬਲਚੀ, ਨਗਾਰਚੀ, ਤੋਪਚੀ, ਬੰਦੂਕਚੀ, ਢੰਡੋਰਚੀ

-ਣਾ (ਸੰਦਾਂ ਦੇ ਨਾਮ ਬਣਾਉਣ ਲਈ ਵਰਤਿਆ ਜਾਂਦਾ ਹੈ) : ਖੁਰਚਣਾ, ਘੋਟਣਾ, ਵੇਲਣਾ।

-ਤਾ (ਭਾਵਵਾਚਕ, ਇਸਤਰੀ ਲਿੰਗ ਨਾਂਵ ਬਣਾਉਣ ਲਈ) : ਉਦਾਰਤਾ, ਇਕਸਾਰਤਾ, ਸੁੰਦਰਤਾ, ਹੀਣਤਾ, ਕਠੋਰਤਾ, ਨੀਚਤਾ, ਮਿਤਰਤਾ, ਮੂਰਖਤਾ

-ਦਾਇਕ (ਦੇਣ ਵਾਲਾ) : ਸੁਖਦਾਇਕ, ਫਲਦਾਇਕ, ਲਾਭਦਾਇਕ, ਸਿਖਿਆਦਾਇਕ।

-ਦਾਨ (ਫ਼ਾਰਸੀ ਪਿਛੇਤਰ ਹੈ, ਜੋ ਰੱਖਣ ਵਾਲੀ ਥਾਂ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ) : ਅਤਰਦਾਨ, ਚਿਰਾਗ਼ਦਾਨ, ਫੁੱਲਦਾਨ, ਰੋਸ਼ਨਦਾਨ। ਇਨ੍ਹਾਂ ਹੀ ਅਰਥਾਂ ਵਿਚ–ਦਾਨੀ ਵੀ ਵਰਤਿਆ ਜਾਂਦਾ ਹੈ : ਸੁਰਮੇਦਾਨੀ, ਚਾਹਦਾਨੀ, ਮੱਛਰਦਾਨੀ, ਲੂਣਦਾਨੀ।

-ਦਾਨ (ਕਰਤਾਰੀ ਵਾਚਕ ਨਾਂਵ ਬਣਾਉਣ ਲਈ ਵੀ ਇਹ ਫ਼ਾਰਸੀ ਪਿਛੇਤਰ ਵਰਤਿਆ ਜਾਂਦਾ ਹੈ) : ਸਿਆਸਤਦਾਨ, ਹਿਸਾਬਦਾਨ, ਕਦਰਦਾਨ, ਤਾਰੀਖਦਾਨ।

-ਦਾਰ (ਇਹ ਵੀ ਫ਼ਾਰਸੀ ਪਿਛੇਤਰ ਹੈ, ਜੋ 'ਵਾਲਾ', ਦੇ ਅਰਥਾਂ ਵਿਚ ਆਉਂਦਾ ਹੈ) : ਅਸਰਦਾਰ, ਇੱਜ਼ਤਦਾਰ, ਇਮਾਨਦਾਰ, ਸਰਦਾਰ, ਸੇਵਾਦਾਰ, ਹੱਕਦਾਰ, ਜਗੀਰਦਾਰ, ਧਾਰੀਦਾਰ, ਫਲਦਾਰ, ਵੇਲਦਾਰ, ਜੱਥੇਦਾਰ।

-ਦਾਰਨੀ ('ਦਾਰ' ਤੋਂ ਇਸਤਰੀਲਿੰਗ ਨਾਂਵ ਬਣਾਉਣ ਲਈ) : ਸਰਦਾਰਨੀ, ਜਗੀਰਦਾਰਨੀ, ਸੂਬੇਦਾਰਨੀ, ਠੇਕੇਦਾਰਨੀ।

-ਦਾਰੀ (ਭਾਵਵਾਚਕ ਇਸਤਰੀਲਿੰਗ ਨਾਂਵ ਬਣਾਉਣ ਲਈ) : ਸਰਦਾਰੀ, ਸੂਬੇਦਾਰੀ, ਖ਼ਾਤਰਦਾਰੀ, ਜਥੇਦਾਰੀ, ਠਾਣੇਦਾਰੀ, ਤਰਫ਼ਦਾਰੀ।

-ਧਾਰੀ (ਵਿਸ਼ੇਸ਼ਣ ਬਣਾਉਣ ਲਈ) : ਅੰਮ੍ਰਿਤਧਾਰੀ, ਸ਼ਾਸਤਰਧਾਰੀ, ਖੱਦਰਧਾਰੀ, ਛਤਰਧਾਰੀ, ਭੇਖਧਾਰੀ।

-ਨਾਕ (ਫ਼ਾਰਸੀ ਪਿਛੇਤਰ ਹੈ ਜੋ ਵਿਸ਼ੇਸ਼ਣ ਬਣਾਉਣ ਲਈ ਲਗਦਾ ਹੈ) : ਅਫਸੋਸਨਾਕ, ਸ਼ਰਮਨਾਕ, ਖਤਰਨਾਕ, ਦਰਦਨਾਕ।

-ਪੁਣਾ ('ਪਣ' ਵਾਲੇ ਅਰਥਾਂ ਵਿਚ ਹੀ ਆਉਂਦਾ ਹੈ) : ਉਚੱਕਪੁਣਾ, ਸਾਊਪੁਣਾ, ਚੰਡਾਲਪੁਣਾ, ਮੁੰਡਪੁਣਾ, ਮੂਰਖਪੁਣਾ।

-ਮਈ (ਵਿਸ਼ੇਸ਼ਣ ਬਣਾਉਂਦਾ ਹੈ) : ਸ਼ਾਂਤਮਈ, ਸ਼ੋਕਮਈ, ਵਿਰੋਧਮਈ, ਵੈਰਾਗਮਈ।

-ਮੰਦ (ਫ਼ਾਰਸੀ ਪਿਛੇਤਰ, ਵਿਸ਼ੇਸ਼ਣ ਬਣਾਉਣ ਲਈ ਲੱਗਦਾ ਹੈ) : ਅਕਲਮੰਦ, ਹਾਜਤਮੰਦ, ਹੋਸ਼ਮੰਦ, ਦੌਲਤਮੰਦ।

-ਲਾ (ਵਿਸ਼ੇਸ਼ਣ ਬਣਾਉਂਦਾ ਹੈ) : ਉਤਲਾ, ਹੇਠਲਾ, ਅਖੀਰਲਾ, ਅੰਤਲਾ, ਅੰਦਰਲਾ, ਪਰਲਾ, ਬਾਹਰਲਾ, ਮੂਹਰਲਾ।

-ਵੰਤ (ਵਾਲਾ ਦੇ ਅਰਥਾਂ ਵਿਚ) : ਸਤਵੰਤ, ਕੁਲਵੰਤ, ਗੁਣਵੰਤ, ਜਸਵੰਤ, ਧਨਵੰਤ, ਪਤਵੰਤ, ਰੂਪਵੰਤ।

-ਵਰ (ਵਿਸ਼ੇਸ਼ਣ ਬਣਾਉਂਦਾ ਹੈ) : ਸੁਖਨਵਰ, ਜ਼ੋਰਾਵਰ, ਤਾਕਤਵਰ, ਨਾਮਵਰ।

-ਵਾਂ (ਵਿਸ਼ੇਸ਼ਣ ਬਣਾਉਣ ਲਈ ਵਰਤਿਆ ਜਾਂਦਾ ਹੈ) : ਉਚਾਵਾਂ, ਅੱਠਵਾਂ, ਸੁਖਾਵਾਂ, ਗੱਡਵਾਂ, ਢਾਲਵਾਂ, ਚੋਣਵਾਂ, ਮੇਣਵਾਂ, ਰਾਖਵਾਂ।

-ਵਾਨ (ਵਿਸ਼ੇਸ਼ਣ ਬਣਾਉਂਦਾ ਹੈ) : ਕਰੋਧਵਾਨ, ਗਿਆਨਵਾਨ, ਬਲਵਾਨ, ਭਾਗਵਾਨ, ਵਿਦਵਾਨ।

ਦੂਜਾ ਅਭਿਆਸ

ਨੋਟ : ਹੇਠ ਲਿਖੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖ਼ਾਲੀ ਛਡੀਆਂ ਥਾਵਾਂ ਉੱਤੇ ਹੀ ਦੇਣੇ ਹਨ। ਅੰਤ ਵਿਚ ਇਨ੍ਹਾਂ ਸਵਾਲਾਂ ਦੇ ਜਵਾਬ ਦਿੱਤੇ ਹੋਏ ਹਨ ਪਰ ਤੁਸੀਂ ਆਪਣੇ ਉੱਤਰ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਪੰਜਾਬੀ ਵਿਚ ਸ਼ਬਦ-ਰਚਨਾ ਦੇ ਮੁੱਖ ਸਾਧਨ ਕਿਹੜੇ-ਕਿਹੜੇ ਹਨ?

---

2 ਅਗੇਤਰ ਕਿਸ ਨੂੰ ਕਹਿੰਦੇ ਹਨ? ਪੰਜਾਬੀ ਦੇ ਚਾਰ ਅਗੇਤਰ ਲਿਖੋ ਤੇ ਇਨ੍ਹਾਂ ਦੀ ਵਰਤੋਂ ਕਰ ਕੇ ਦੱਸੋ?

---

3 ਪਿਛੇਤਰ ਦੀ ਪਰਿਭਾਸ਼ਾ ਲਿਖੋ ਤੇ ਹੇਠ ਲਿਖੇ ਸ਼ਬਦਾ ਨਾਲ ਕੋਈ ਪਿਛੇਤਰ ਵਰਤ ਕੇ ਨਵੇਂ ਸ਼ਬਦ ਬਣਾਓ ਲੱਤ, ਸਿਰ, ਕੁੱਟ, ਮਾਰ, ਵੱਡਾ, ਹੌਲਾ।

2.4 ਸ਼ਬਦਾਂ ਦਾ ਅਰਥ-ਪੱਖ

ਉਤੇ ਅਸਾਂ ਵੇਖਿਆ ਹੈ ਕਿ ਮੂਲ ਸ਼ਬਦ ਤੋਂ ਸ਼ਬਦਾਂ ਦੇ ਸਾਧਿਤ ਰੂਪ ਬਣਾਏ ਜਾਂਦੇ ਹਨ। ਇਸ ਕਾਰਜ ਨੂੰ ਸ਼ਬਦ-ਰਚਨਾ ਕਿਹਾ ਜਾਂਦਾ ਹੈ। ਸ਼ਬਦ-ਰਚਨਾ ਵਧੇਰੇ ਹਾਲਤਾਂ ਵਿਚ ਅਗੇਤਰਾਂ, ਤੇ ਖ਼ਾਸ ਕਰਕੇ ਪਿਛੇਤਰਾਂ ਦੀ ਵਰਤੋਂ ਨਾਲ ਹੁੰਦੀ ਹੈ। ਇਕ ਮੂਲ ਸ਼ਬਦ ਦੇ ਕਈ-ਕਈ ਸਾਧਿਤ ਰੂਪ ਬਣਦੇ ਹਨ, ਜਿਵੇਂ 'ਹੱਥ' ਤੋਂ 'ਹੱਥਾਂ' 'ਹੱਥੀਂ' 'ਹੱਥੋਂ' ਆਦਿ। ਕਿਰਿਆ ਦੇ ਸਾਧਿਤ ਰੂਪ ਬਣਦੇ-ਬਣਦੇ ਕਿਤੇ ਤਕ ਪਹੁੰਚ ਜਾਂਦੇ ਹਨ - 'ਲਿਖ' ਤੋਂ 'ਲਿਖਦਾ, ਲਿਖਦੇ, ਲਿਖਦੀ, ਲਿਖਦੀਆਂ, ਲਿਖਾਂ, ਲਿਖੀਏ, ਲਿਖੇ, ਲਿਖੋ, ਲਿਖੇ, ਲਿਖਣ', ਆਦਿ।

ਇਸ ਸਾਰੇ ਵੇਰਵੇ ਵਿਚ ਸ਼ਬਦਾਂ ਦੇ ਰੂਪ ਬਾਰੇ ਵਿਚਾਰ ਕੀਤੀ ਗਈ ਹੈ--ਅਰਥਾਤ ਕੇਵਲ ਸ਼ਬਦਾਂ ਦਾ ਰੂਪ-ਪੱਖ ਹੀ ਵਿਚਾਰਿਆ ਗਿਆ ਹੈ। ਪਰ ਅਸੀ ਜਾਣਦੇ ਹਾਂ ਕਿ ਹਰ ਸ਼ਬਦ ਦੇ ਕੋਈ ਅਰਥ ਵੀ ਹੁੰਦੇ ਹਨ। ਇੰਜ ਸ਼ਬਦਾਂ ਦਾ ਅਰਥ-ਪੱਖ ਇਕ ਮਹੱਤਵਪੂਰਨ ਵਿਸ਼ਾ ਹੈ। ਹੁਣ ਅਸੀ ਅਰਥਾਂ ਦੇ ਆਧਾਰ ਤੇ ਸ਼ਬਦਾਂ ਦੀ ਪੜਚੋਲ ਕਰਾਂਗੇ।

2.4.1 ਵਿਆਕਰਨਿਕ ਸ਼ਬਦ-ਸ਼੍ਰੇਣੀਆਂ

ਅਰਥਾਂ ਦੇ ਪੱਖ ਤੋਂ ਵਿਚਾਰ ਕਰਦਿਆਂ ਸਾਰੇ ਸ਼ਬਦ ਇਕੋ ਹੀ ਸ਼੍ਰੇਣੀ ਵਿਚ ਨਹੀਂ ਆਉਂਦੇ। ਅਸੀ ਵੇਖਦੇ ਹਾਂ ਕਿ ਸ਼ਬਦ 'ਘੋੜਾ' ਇਕ ਪਸ਼ੂ ਦਾ ਨਾਮ ਹੈ; 'ਕਿਤਾਬ' ਇਕ ਵਸਤ ਦਾ ਨਾਮ ਹੈ, 'ਲਛਮਣ' ਕਿਸੇ ਵਿਅਕਤੀ ਦਾ ਨਾਮ ਹੈ। ਪਰ 'ਲਿਖਦਾ', 'ਡਰੇਗਾ', 'ਵਰ੍ਹਿਆ' ਕਿਸੇ ਵਸਤੂ, ਵਿਅਕਤੀ ਦਾ ਨਾਮ ਨਹੀ, ਸਗੋਂ ਇਨ੍ਹਾਂ ਸ਼ਬਦਾਂ ਤੋਂ ਕੁਝ ਕਰਨ, ਹੋਣ, ਆਦਿ ਦਾ ਭਾਵ ਸਪਸ਼ਟ ਹੁੰਦਾ ਹੈ। 'ਚੰਗਾ', 'ਮੋਟੀ', 'ਕਾਲਾ', ਆਦਿ ਉਪਰੋਕਤ ਦੋਹਾਂ ਸ਼੍ਰੇਣੀਆਂ ਵਿਚ ਨਹੀਂ ਆਉਂਦੇ, ਸਗੋਂ ਇਹ ਕਿਸੇ ਵਿਅਕਤੀ, ਵਸਤੂ, ਪਸ਼ੂ , ਆਦਿ ਦਾ ਕੋਈ ਗੁਣ ਦਰਸਾਉਂਦੇ ਹਨ।

ਸੋ ਸਪਸ਼ਟ ਹੋਇਆ ਕਿ ਅਰਥਾਂ ਦੇ ਪੱਖ ਤੋਂ ਵਿਚਾਰਿਆਂ ਭਾਸ਼ਾ ਦੇ ਸਾਰੇ ਸ਼ਬਦ ਇਕੋ ਜਿਹੇ ਨਹੀਂ ਹੁੰਦੇ, ਉਹ ਵੱਖ-ਵੱਖ ਸ਼੍ਰੇਣੀਆਂ ਵਿਚ ਆਉਂਦੇ ਹਨ। ਵਿਆਕਰਨਕਾਰਾਂ ਨੇ ਸ਼ਬਦਾਂ ਦੀਆਂ ਕੁਝ ਨਿਸਚਿਤ ਸ਼੍ਰੇਣੀਆਂ ਬਣਾਈਆਂ ਹਨ।: ਇਨ੍ਹਾਂ ਨੂੰ ਵਿਆਕਰਨਿਕ ਸ਼ਬਦ-ਸ਼੍ਰੇਣੀਆਂ ਕਿਹਾ ਜਾਂਦਾ ਹੈ। ਅੱਗੇ ਇਨ੍ਹਾਂ ਸ਼ਬਦ-ਸ਼੍ਰੇਣੀਆਂ ਦਾ ਸੰਖਿਪਤ ਵੇਰਵਾ ਦਿੱਤਾ ਗਿਆ ਹੈ।

2.4.2 ਨਾਂਵ

ਜਿਹੜਾ ਸ਼ਬਦ ਕਿਸੇ ਵਿਅਕਤੀ, ਪਸ਼ੂ, ਵਸਤ ਆਦਿ ਦਾ ਨਾਮ ਹੋਵੇ ਉਸ ਨੂੰ ਵਿਆਕਰਨ ਵਿਚ **ਨਾਂਵ** ਕਿਹਾ ਜਾਂਦਾ ਹੈ। ਸੁਖਦੇਵ, ਸ਼ਕੁੰਤਲਾ, ਘੋੜਾ, ਬਿੱਲੀ, ਕੁਰਸੀ, ਘਰ, ਮਿੱਟੀ, ਪਾਣੀ, ਆਦਿ ਸਭ ਨਾਂਵ ਹਨ। ਅਣਦਿਸਦੇ ਤੇ ਸੂਖਮ ਪਦਾਰਥਾਂ ਦੇ ਨਾਮ ਵੀ ਏਸੇ ਸ਼੍ਰੇਣੀ ਵਿਚ ਆਉਂਦੇ ਹਨ। ਗਰਮੀ, ਸਰਦੀ, ਹਵਾ, ਮਿਲਾਵਟ, ਕੁੜੱਤਣ ਨਾਂਵ ਹੀ ਹਨ। ਸੂਖਮ ਸੰਕਲਪਾਂ ਨੂੰ ਦਰਸਾਉਣ ਵਾਲੇ ਸ਼ਬਦ-ਧਰਮ, ਨੇਕੀ, ਬਦੀ, ਚਲਾਕੀ, ਇੱਜ਼ਤ, ਸ਼ਰਮ, ਸੁਭਾਅ, ਆਦਿ ਨਾਂਵ ਸ਼੍ਰੇਣੀ ਵਿਚ ਹੀ ਆਉਂਦੇ ਹਨ। ਸ਼ਹਿਰਾਂ, ਦਰਿਆਵਾਂ, ਸਥਾਨਾ ਆਦਿ ਦੇ ਨਿਜੀ ਨਾਂਵ ਵੀ ਸ਼੍ਰੇਣੀ ਦੇ ਨਾਂ ਹਨ--ਦਿੱਲੀ, ਅਮ੍ਰਿਤਸਰ, ਸਤਲੁਜ, ਗੰਗਾ, ਹਿਮਾਲਾ, ਮਾਝਾ, ਮਾਲਵਾ, ਸਭ ਨਾਂਵ ਹਨ।

2.4.3 ਪੜਨਾਂਵ

ਕਈ ਵਾਰੀ ਅਸੀ ਕਿਸੇ ਦਾ ਨਾਮ ਲੈਣ ਦੀ ਬਜਾਏ ਕੋਈ ਹੋਰ ਸ਼ਬਦ ਵਰਤਦੇ ਹਾਂ। ਆਪਣਾ ਨਾਮ ਵਰਤਣ ਦੀ ਥਾਂ ਅਸੀ ਆਪਣੇ ਲਈ 'ਮੈਂ' ਸ਼ਬਦ ਵਰਤਦੇ ਹਾਂ ਜਿਹੜੇ ਵਿਅਕਤੀ ਨਾਲ ਗੱਲ ਕਰ ਰਹੇ ਹੋਈਏ, ਉਹਦਾ ਨਾਮ ਬਾਰ-ਬਾਰ ਨਹੀ ਵਰਤਿਆ ਜਾਂਦਾ, ਸਗੋਂ ਉਸਨੂੰ 'ਤੂੰ' ਜਾਂ 'ਤੁਸੀਂ' ਜਾਂ 'ਆਪ' ਕਿਹਾ ਜਾਂਦਾ ਹੈ। ਜਿਸ ਦੇ ਬਾਰੇ ਕੋਈ ਗੱਲ ਕਰ ਰਹੇ ਹੋਈਏ, ਉਹਦੇ ਲਈ 'ਉਹ', 'ਉਸ' ਆਦਿ ਸ਼ਬਦ ਵਰਤਦੇ ਹਾਂ। ਅਜਿਹੇ ਸ਼ਬਦ -ਮੈਂ, ਤੂੰ ਉਹ - ਜੋ ਕਿਸੇ ਨਾਂਵ ਦੀ ਥਾਂ ਵਰਤੇ ਜਾਣ, ਉਹਨਾਂ ਨੂੰ ਵਿਆਕਰਨ **ਵਿਚ ਪੜਨਾਂਵ** ਕਿਹਾ ਜਾਂਦਾ ਹੈ। 'ਅਸੀਂ' 'ਅਸਾਂ', 'ਤੁਸਾਂ', ਵੀ ਪੜਨਾਂਵ ਹਨ। ਇਨ੍ਹਾਂ ਤੋਂ ਬਣਨ ਵਾਲੇ ਹੋਰ ਸਾਧਿਤ ਰੂਪ - ਮੇਰਾ, ਮੈਨੂੰ, ਸਾਡਾ, ਸਾਨੂੰ, ਸਾਥੋਂ, ਤੇਰਾ, ਤੈਨੂੰ, ਤੈਥੋਂ, ਤੁਹਾਡਾ, ਤੁਹਾਨੂੰ, ਤੁਹਾਥੋਂ, ਅਤੇ ਉਹ, ਉਸ, ਉਹਦਾ, ਉਹਨੂੰ, ਇਹ, ਇਸ, ਇਹਦਾ, ਇਹਨੂੰ ਆਦਿ ਵੀ ਪੜਨਾਂਵ ਹਨ। 'ਜੋ', 'ਸੋ', 'ਕੋਣ', 'ਕਿਸੇ', ਕੁ ਅਜਿਹੇ ਸ਼ਬਦ ਹਨ ਜੋ ਓਪਰੀ ਨਜ਼ਰ ਨਾਲ ਵੇਖਿਆ ਪੜਨਾਂਵ ਨਹੀ ਜਾਪਦੇ, ਪਰ ਜ਼ਰਾ ਗਹੁ ਨਾਲ ਵਿਚਾਰਿਆਂ ਸਿੱਧ ਹੋ ਜਾਂਦਾ ਹੈ ਕਿ ਇਹ ਵੀ ਪੜਨਾਂਵ ਹੀ ਹਨ, ਕਿਉਂਕਿ ਇਹ ਵੀ ਕਿਸੇ ਨਾਂਵ ਦੀ ਥਾਂ ਵਰਤੇ ਜਾਂਦੇ ਹਨ।

2.4.4 ਕਿਰਿਆ

ਜਿਨ੍ਹਾਂ ਸ਼ਬਦਾਂ ਤੋਂ ਕੁਝ ਕਰਨ, ਹੋਣ, ਵਾਪਰਨ, ਬੀਤਣ ਆਦਿ ਦਾ ਭਾਵ ਪ੍ਰਗਟ ਹੋਵੇ ਉਹਨਾਂ ਨੂੰ **ਕਿਰਿਆ** ਕਿਹਾ ਜਾਂਦਾ ਹੈ। ਲਿਖਣਾ, ਪੜ੍ਹਨਾ ਕਰਨਾ, ਡਿਗਣਾ, ਵੇਖਣਾ, ਮਰਨਾ, ਸੋਣਾ, ਹੋਣਾ, ਵਗਣਾ ਆਦਿ ਕਿਰਿਆਵਾਂ ਹਨ। ਵੇਖਿਆ ਜਾਵੇ ਕਿ ਇਹ ਸਾਧਿਤ ਰੂਪ ਹਨ, ਜੋ ਕ੍ਰਮਵਾਰ, ਮੂਲ ਰੂਪ 'ਲਿਖ, ਪੜ੍ਹ, ਕਰ, ਡਿਗ, ਵੇਖ, ਮਰ, ਸੋ, ਹੋ , ਵਗ' ਤੋਂ ਬਣੇ ਹਨ। ਹੋਰ ਸਾਧਿਤ ਰੂਪ 'ਲਿਖਿਆ, ਲਿਖਦਾ, ਲਿਖਾਂ, ਲਿਖਾਂਗਾ, ਲਿਖੇ, ਲਿਖੂ **ਆਦਿ** ਵੀ ਕਿਰਿਆ ਸ਼੍ਰੇਣੀ ਵਿਚ ਹੀ ਆਉਂਦੇ ਹਨ।

ਯਾਦ ਰੱਖਿਆ ਜਾਵੇ **ਕਿ ਲਿਖ**, ਪੜ੍ਹ, ਕਰ, ਆਦਿ ਕਿਰਿਆ ਦੇ ਮੂਲ ਰੂਪ ਹਨ - ਲਿਖਿਆ, ਲਿਖਦਾ, ਲਿਖੂ, ਲਿਖੇ, ਲਿਖੇਗਾ ਆਦਿ, ਉਸੇ ਕਿਰਿਆ ਦੇ ਸਾਧਿਤ ਰੂਪ ਹਨ। ਆਮ ਵਿਆਕਰਨਾਂ ਵਿਚ 'ਲਿਖਦਾ ਹੈ', 'ਲਿਖਦਾ ਰਹਿੰਦਾ ਸੀ' ਨੂੰ ਕਿਰਿਆ ਹੀ ਕਹਿ ਦਿੱਤਾ ਜਾਂਦਾ ਹੈ, ਇਹ ਠੀਕ ਨਹੀਂ। ਅਸੀ ਸ਼ਬਦਾਂ ਦੀਆਂ ਵਿਆਕਰਨਿਕ ਸ਼੍ਰੇਣੀਆਂ

ਵਿਚਾਰ ਰਹੇ ਹਾਂ। ਕਿਰਿਆ ਸਿਰਫ਼ ਇਕਲੇ ਸ਼ਬਦ ਨੂੰ ਕਿਹਾ ਜਾਂਦਾ ਹੈ। ਜਦੋਂ ਸ਼ਬਦਾਂ ਦਾ ਜੁੱਟ ਬਣ ਜਾਵੇ (ਲਿਖਦਾ ਹੈ, ਲਿਖਦਾ ਰਹਿੰਦਾ ਸੀ, ਆਦਿ) ਤਾਂ ਇਸ ਜੁੱਟ ਨੂੰ 'ਕਿਰਿਆ-ਰੂਪ ਕਿਹਾ ਜਾਂਦਾ ਹੈ। 'ਕਿਰਿਆ' ਤੇ 'ਕਿਰਿਆ-ਰੂਪ' ਦਾ ਫ਼ਰਕ ਚੰਗੀ ਤਰ੍ਹਾਂ ਸਮਝ ਲੈਣ ਦੀ ਲੋੜ ਹੈ।

2.4.5 ਵਿਸ਼ੇਸ਼ਣ

ਜਿਹੜੇ ਸ਼ਬਦ ਕਿਸੇ 'ਨਾਂਵ' ਦਾ ਕੋਈ ਗੁਣ, ਲੱਛਣ, ਵਿਸ਼ੇਸ਼ਤਾ, ਆਦਿ ਦਰਸਾਉਣ, ਉਹਨਾਂ ਨੂੰ **ਵਿਸ਼ੇਸ਼ਣ** ਕਿਹਾ ਜਾਂਦਾ ਹੈ। 'ਚਿੱਟਾ ਕਪੜਾ' ਵਿਚ 'ਚਿੱਟਾ' ਸ਼ਬਦ ਇਕ ਨਾਂਵ 'ਕਪੜਾ' ਦਾ ਕੋਈ ਗੁਣ ਦੱਸਦਾ ਹੈ। ਇਵੇਂ ਹੀ 'ਨਿੱਕਾ ਮੁੰਡਾ', 'ਸੋਹਣੀ ਕਿਤਾਬ', 'ਬਹਾਦਰ ਸਿਪਾਹੀ', 'ਠੰਡਾ ਪਾਣੀ' ਆਦਿ ਵਿਚ ਸ਼ਬਦ 'ਨਿੱਕਾ', 'ਸੋਹਣੀ', 'ਬਹਾਦਰ', 'ਠੰਢਾ' ਪਿੱਛੋਂ ਆਏ ਨਾਵਾਂ ਦਾ ਕੋਈ ਨਾ ਕੋਈ ਗੁਣ, ਲੱਛਣ, ਆਦਿ ਦਰਸਾਉਂਦੇ ਹਨ। ਇਹ ਸਭ (ਨਿੱਕਾ, ਸੋਹਣੀ, ਬਹਾਦਰ, ਠੰਢਾ) ਵਿਸ਼ੇਸ਼ਣ ਹਨ 'ਪਹਿਲਾ', 'ਦੂਜਾ', 'ਹੇਠਲਾ', 'ਉਤਲਾ', 'ਮੋਕਲਾ', 'ਭੀੜ', 'ਥੋੜੀ', 'ਮਿੱਠੀ' ਆਦਿ ਵੀ ਵਿਸ਼ੇਸ਼ਣ ਹੀ ਹਨ।

'ਬੜੀ ਕੌੜੀ ਦਵਾਈ' ਵਿਚ ਆਇਆ ਸ਼ਬਦ 'ਬੜੀ' ਵੀ ਵਿਸ਼ੇਸ਼ਣ ਹੀ ਹੈ, ਕਿਉਂਕਿ ਇਹ ਵੀ ਨਾਂਵ 'ਦਵਾਈ' ਦਾ ਗੁਣ ਹੀ ਦਰਸਾਉਂਦਾ ਹੈ। ਅਸਲ ਵਿਚ ਏਥੇ 'ਬੜੀ' ਸ਼ਬਦ ਵਿਸ਼ੇਸ਼ਣ 'ਕੌੜੀ' ਦੀ ਵਿਸ਼ੇਸ਼ਤਾ ਦਰਸਾਉਂਦਾ ਜਾਪਦਾ ਹੈ, ਪਰ ਅੰਤਿਮ ਰੂਪ ਵਿਚ ਇਹ ਵਿਸ਼ੇਸ਼ਤਾ ਨਾਂਵ 'ਦਵਾਈ' ਦੀ ਹੀ ਹੈ। ਅੰਗਰੇਜ਼ੀ ਵਿਆਕਰਨ ਵਿਚ ਅਜਿਹੇ ਵਿਸ਼ੇਸ਼ਣ ਨੂੰ (adverb) ਕਿਰਿਆ-ਵਿਸ਼ੇਸ਼ਣ ਮੰਨਿਆ ਜਾਂਦਾ ਹੈ। ਪਰ, ਹਿੰਦੀ, ਪੰਜਾਬੀ, ਆਦਿ ਦੇ ਵਿਆਕਰਨਕਾਰ ਅਜਿਹੇ ਸ਼ਬਦਾਂ ਨੂੰ ਵਿਸ਼ੇਸ਼ਣ ਹੀ ਮੰਨਦੇ ਹਨ। ਇਸ ਆਧਾਰ ਤੇ 'ਜ਼ਰਾ ਗਰਮ ਪਾਣੀ', 'ਜ਼ਿਆਦਾ ਮਿੱਠੀ ਚਾਹ' ਵਿਚ ਆਏ ਸ਼ਬਦ 'ਜ਼ਰਾ' ਤੇ 'ਜ਼ਿਆਦਾ' ਵੀ ਵਿਸ਼ੇਸ਼ਣ ਹੀ ਹਨ।

ਪੜਨਾਂਵ ਦੀ ਵਿਸ਼ੇਸ਼ਤਾ ਦਰਸਾਉਣ ਵਾਲਾ ਸ਼ਬਦ ਵੀ ਵਿਸ਼ੇਸ਼ਣ ਹੀ ਹੁੰਦਾ ਹੈ, ਜਿਵੇਂ 'ਅਸੀ ਗਰੀਬ ਐਵੇਂ ਮਾਰੇ ਗਏ' ਵਿਚ 'ਗ਼ਰੀਬ' ਪੜਨਾਂਵ 'ਅਸੀਂ' ਦਾ ਗੁਣ ਦੱਸਦਾ ਹੈ, ਸੋ ਇਹ ਵੀ ਵਿਸ਼ੇਸ਼ਣ ਹੈ।

2.4.6 ਕਿਰਿਆ ਵਿਸ਼ੇਸ਼ਣ

ਜਿਹੜਾ ਸ਼ਬਦ ਕਿਸੇ ਕਿਰਿਆ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਦੇਵੇ ਉਸ ਨੂੰ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। 'ਹੌਲੀ ਤੁਰ', 'ਦੂਰ ਖੜਾ ਸੀ', 'ਏਥੇ ਬੈਠਾ ਰਹਿ' ਵਿਚ ਆਏ ਸ਼ਬਦ 'ਹੌਲੀ', 'ਦੂਰ', 'ਏਥੇ' ਕਿਰਿਆ-ਵਿਸ਼ੇਸ਼ਣ ਹਨ। ਕਿਰਿਆ-ਵਿਸ਼ੇਸ਼ਣ ਇੱਕ ਅਜਿਹੀ ਸ਼੍ਰੇਣੀ ਹੈ ਜਿਸ ਵਿਚ ਕਈਆਂ ਵੰਨਗੀਆਂ ਦੇ ਸ਼ਬਦ ਆ ਜਾਂਦੇ ਹਨ। ਜਿਵੇਂ ਸਮੇਂ ਨਾਲ ਸੰਬੰਧਿਤ : 'ਮੈਂ ਪਰਸੋਂ ਜਾਵਾਂਗਾ' ਵਿਚ 'ਪਰਸੋਂ' ਸਥਾਨ ਨਾਲ ਸੰਬੰਧਿਤ ਹੈ : 'ਤੂੰ ਓਥੇ ਬੈਠਾ ਸੈਂ' ਵਿਚ 'ਓਥੇ', ਕਿਰਿਆ ਦੀ ਦਸ਼ਾ ਨਾਲ ਸੰਬੰਧਿਤ : 'ਘੋੜਾ ਤੇਜ਼ ਦੌੜਦਾ ਹੈ' ਵਿਚ 'ਤੇਜ਼'। ਕੁਝ ਹੋਰ ਵੰਨਗੀਆਂ ਵੀ ਹਨ। ਇਨ੍ਹਾਂ ਸਾਰੀਆਂ ਦਾ ਵੇਰਵਾ ਇਥੇ ਦੇਣਾ ਸੰਭਵ ਨਹੀਂ।

ਇੱਕ ਫਰਕ ਸਮਝ ਲਿਆ ਜਾਵੇ। 'ਘੋੜਾ ਤੇਜ਼ ਦੌੜਦਾ ਹੈ' ਵਿਚ 'ਤੇਜ਼' ਕਿਰਿਆ-ਵਿਸ਼ੇਸ਼ਣ ਹੈ, ਕਿਉਂਕਿ ਇਹ ਕਿਰਿਆ 'ਦੌੜਦਾ ਹੈ' ਦੀ ਵਿਸ਼ੇਸ਼ਤਾ ਦਰਸਾ ਰਿਹਾ ਹੈ। ਪਰ 'ਤੇਜ਼ ਘੋੜਾ' ਵਿਚ 'ਤੇਜ਼' ਵਿਸ਼ੇਸ਼ਣ ਹੈ, ਕਿਉਂਕਿ ਏਥੇ 'ਤੇਜ਼' ਨਾਂਵ 'ਘੋੜਾ' ਦਾ ਗੁਣ ਪ੍ਰਗਟ ਕਰ ਰਿਹਾ ਹੈ।

2.4.7 ਸੰਬੰਧਕ

ਜਿਹੜਾ ਸ਼ਬਦ ਕਿਸੇ ਨਾਂਵ ਦੇ ਪਿੱਛੇ ਆ ਕੇ ਇਸ ਨਾਂਵ ਦਾ ਸੰਬੰਧ ਕਿਸੇ ਹੋਰ ਨਾਂਵ ਨਾਲ ਜਾਂ ਵਾਕ ਦੇ ਬਾਕੀ ਹਿੱਸੇ ਨਾਲ ਦਰਸਾਵੇ, ਉਸ ਨੂੰ **ਸੰਬੰਧਕ** ਕਹਿੰਦੇ ਹਨ। 'ਹੱਥ ਦੀ ਉਂਗਲੀ' ਵਿਚ 'ਦੀ' ਸੰਬੰਧਕ ਹੈ। 'ਮੁੰਡੇ ਨੂੰ ਸਮਝਾਓ' ਵਿਚ 'ਨੂੰ' ਸੰਬੰਧਕ ਹੈ।

ਸੰਬੰਧਕ, ਨਾਂਵ ਦੀ ਬਜਾਏ ਪੜਨਾਵਾਂ ਤੋਂ ਪਿੱਛੋਂ ਵੀ ਆਉਂਦੇ ਹਨ। 'ਮੇਰੇ ਕੋਲ ਬੈਠਾ' 'ਸਾਡੇ ਨਾਲ ਚੱਲ' ਵਿਚ 'ਕੋਲ' ਤੇ 'ਨਾਲ' ਵੀ ਸੰਬੰਧਕ ਹਨ। 'ਨੇ', 'ਵਿਚ', 'ਉਤੇ', 'ਲਾਗੇ', 'ਕੋਲ', 'ਅੰਦਰ' ਕੁਝ ਹੋਰ ਸੰਬੰਧਕ ਹਨ।

2.4.8 ਯੋਜਕ

ਜਿਹੜੇ ਸ਼ਬਦ ਵਾਕ ਦੇ ਮੁੱਖ ਹਿੱਸਿਆਂ (ਉਪਵਾਕਾਂ, ਵਾਕੰਸ਼ਾਂ) ਦਾ ਇੱਕ ਦੂਜੇ ਨਾਲ ਸੰਬੰਧ ਜੋੜਦੇ ਹਨ, ਉਨ੍ਹਾਂ ਨੂੰ ਯੋਜਕ ਕਿਹਾ ਜਾਂਦਾ ਹੈ। 'ਮੀਂਹ ਵ ਰ ਰਿਹਾ ਤੇ ਅਸੀ ਅੰਦਰ ਹੀ ਬੈਠੇ ਰਹੇ' ਵਿਚ 'ਤੇ' ਯੋਜਕ ਹੈ। 'ਉਸਨੇ ਬੜੀ ਮਿਹਨਤ ਕੀਤੀ ਪਰ ਫ਼ੇਲ੍ਹ ਹੋ ਗਿਆ' ਵਿਚ 'ਪਰ' ਯੋਜਕ ਹੈ। 'ਉਸਨੇ ਕਿਹਾ ਸੀ ਕਿ ਤੁਹਾਡੀ ਕਿਤਾਬ ਮੇਰੇ ਕੋਲ ਨਹੀਂ' ਵਿਚ 'ਕਿ' ਯੋਜਕ ਹੈ। 'ਉਹ ਨਹੀਂ ਆਇਆ, ਸ਼ਾਇਦ ਬੀਮਾਰ ਹੋਵੇ', ਏਥੇ 'ਸ਼ਾਇਦ' ਯੋਜਕ ਹੈ।

2.4.9 ਵਿਸਮਕ

ਜਿਹੜੇ ਸ਼ਬਦ ਖੁਸ਼ੀ, ਹੈਰਾਨੀ, ਗਮ, ਗੁੱਸੇ, ਆਦਿ ਵੇਲੇ ਅਚਣਚੇਤ ਮੂੰਹੋਂ ਨਿਕਲਦੇ ਹਨ, ਉਨ੍ਹਾਂ ਨੂੰ ਵਿਸਮਕ ਕਿਹਾ ਜਾਂਦਾ ਹੈ। 'ਵਾਹਵਾ, ਬੜਾ ਸੋਹਣਾ ਗੋਲ ਕੀਤਾ' ਹੈ', 'ਇਹ ਕੀ ਹੋਇਆ', 'ਹਾਏ, ਬੜਾ ਜ਼ੁਲਮ ਹੋਇਆ।' ਇਨ੍ਹਾਂ ਵਾਕਾਂ ਵਿਚ ਆਏ ਸ਼ਬਦ 'ਵਾਹਵਾ', 'ਹੈਂ', 'ਹਾਏ' ਵਿਸਮਕ ਹਨ।

ਵੇਖਿਆ ਜਾਵੇ ਕਿ ਵਿਸਮਕ, ਆਮ ਤੌਰ ਉਤੇ, ਵਾਕ ਦਾ ਹਿੱਸਾ ਨਹੀਂ ਹੁੰਦੇ। ਵਾਕ ਇਨ੍ਹਾਂ ਤੋਂ ਬਿਨਾਂ ਵੀ ਪੂਰਾ ਹੁੰਦਾ ਹੈ।

'ਸ਼ਾਬਾਸ਼', 'ਬੱਲੇ', 'ਓਹ', 'ਆਹ' ਕੁਝ ਹੋਰ ਵਿਸਮਕ ਹਨ।

2.4.10 ਨਿਪਾਤ (particle)

ਕੁੱਝ ਅਜਿਹੇ ਸ਼ਬਦ ਹਨ, ਜਿਹੜੇ ਉਪਰੋਕਤ ਸ਼੍ਰੇਣੀਆਂ ਵਿਚੋਂ ਕਿਸੇ ਵਿਚ ਨਹੀਂ ਆਉਂਦੇ। 'ਨਾ', 'ਨਹੀਂ', 'ਆਹੋ', 'ਹੀ' 'ਹੂੰ' 'ਹਾਂ' ਅਜਿਹੇ ਸ਼ਬਦਾਂ ਦੇ ਕੁਝ ਨਮੂਨੇ ਹਨ। ਇਨ੍ਹਾਂ ਨੂੰ **ਨਿਪਾਤ** ਕਿਹਾ ਜਾਂਦਾ ਹੈ। ਇਨ੍ਹਾਂ ਦੀ ਗਿਣਤੀ ਥੋੜੀ ਹੈ, ਪਰ ਵਰਤੋਂ ਕਾਫੀ ਹੈ। ਨਿਪਾਤ ਦੀ ਕੋਈ ਬਨ੍ਹਵੀ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਇਹ ਅਜਿਹੇ ਸ਼ਬਦ ਹਨ, ਜੋ ਉਪਰੋਕਤ ਕਿਸੇ ਸ਼੍ਰੇਣੀ ਵਿਚ ਨਹੀ ਆਉਂਦੇ।

ਨਿਪਾਤ ਵਾਕ ਦਾ ਹਿੱਸਾ ਵੀ ਹੋ ਸਕਦੇ ਹਨ, ਜਿਵੇਂ 'ਉਹ **ਨਹੀ** ਗਿਆ, 'ਕੋਈ **ਵੀ** ਨਹੀ ਆਇਆ' ਵਿਚ। ਪਰ ਕੁੱਝ ਹਾਲਤਾਂ ਵਿਚ ਵਾਕ ਤੋਂ ਬਾਹਰ ਵੀ ਹੁੰਦੇ ਹਨ। 'ਹਾਂ, ਤੁਸਾਂ ਠੀਕ ਕਿਹਾ ਹੈ', '**ਆਹੋ**, ਮੈਂ ਹੀ ਦੱਸਿਆ ਸੀ, ਵਿਚ 'ਹਾਂ' ਤੇ 'ਆਹੋ' ਵਾਕ ਦਾ ਹਿੱਸਾ ਨਹੀ।

ਤੀਜਾ ਅਭਿਆਸ

ਨੋਟ : ਹੇਠ ਲਿਖੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖਾਲੀ ਛੜੀਆਂ ਥਾਵਾਂ ਉੱਤੇ ਦੇਣੇ ਹਨ। ਅੰਤ ਵਿਚ ਇਨ੍ਹਾਂ ਸਵਾਲਾਂ ਦੇ ਜਵਾਬ ਦਿੱਤੇ ਹੋਏ ਹਨ ਪਰ ਤੁਸੀ ਆਪਣੇ ਉਤਰ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀ ਵੇਖਣਾ।

1 ਵਿਆਕਰਨਿਕ ਸ਼ਬਦ-ਸ਼੍ਰੇਣੀਆਂ ਦੇ ਨਾਮ ਲਿਖੋ।

---

2 ਵਿਸ਼ੇਸ਼ਣ ਕਿਸ ਨੂੰ ਕਹਿੰਦੇ ਹਨ? ਉਦਾਹਰਨ ਦੇ ਕੇ ਸਪਸ਼ਟ ਕਰੋ।

---

3 ਹੇਠ ਲਿਖੇ ਸ਼ਬਦ ਕਿਹੜੀ ਵਿਆਕਰਨਿਕ ਸ਼ਬਦ-ਸ਼੍ਰੇਣੀ ਵਿਚ ਆਉਂਦੇ ਹਨ :
ਵੇਖਿਆ, ਅਤੇ, ਪਿਆਰ, ਦੁਪੱਟਾ, ਨੂੰ, ਹੱਕੀ, ਹੌਲੀ।

2.5 ਪੰਜਾਬੀ ਦਾ ਲਿੰਗ-ਵਚਨ ਵਿਧਾਨ

ਨਰ (ਪੁਲਿੰਗ) ਤੇ ਮਾਦਾ (ਇਸਤਰੀ ਲਿੰਗ) ਦੇ ਭੇਦ ਨੂੰ ਭਾਸ਼ਾ ਰਾਹੀਂ ਨਿਖੇੜਨ ਦੀ ਕਿਰਿਆ ਨੂੰ ਲਿੰਗ-ਭੇਦ ਕਿਹਾ ਜਾਂਦਾ ਹੈ। ਨਰ ਤੇ ਮਾਦਾ ਦੇ ਕੁਦਰਤੀ ਭੇਦ ਤਾਂ ਜਾਨਦਾਰ ਪਸ਼ੂਆਂ (ਮਨੁੱਖ ਸਮੇਤ) ਵਿੱਚ ਹੀ ਹੁੰਦਾ ਹੈ, ਪਰ ਕਈਆਂ ਭਾਸ਼ਾਵਾਂ ਵਿਚ ਬੇਜਾਨ ਵਸਤਾਂ, ਅਤੇ ਸੂਖਮ ਸੰਕਲਪਾਂ ਵਿੱਚ ਵੀ ਲਿੰਗ-ਭੇਦ ਰੱਖਿਆ ਜਾਂਦਾ ਹੈ। ਪੰਜਾਬੀ ਵਿੱਚ, ਭਾਸ਼ਈ ਪੱਧਰ ਉੱਤੇ, ਲੋਹਾ, ਪੱਥਰ, ਬੱਦਲ, ਸੱਚ, ਆਦਿ ਨਾਂਵਾਂ ਨੂੰ 'ਨਰ' ਸਵੀਕਾਰ ਕੀਤਾ ਗਿਆ ਹੈ, ਅਤੇ ਮਿੱਟੀ, ਰੇਤ, ਹਵਾ, ਕਿਸਮਤ, ਨੇਕੀ ਨੂੰ ਮਾਦਾ ਮੰਨਿਆਂ ਗਿਆ ਹੈ।

2.5.1 ਲਿੰਗ, ਵਚਨ ਦਾ ਭਾਸ਼ਾਈ ਪ੍ਰਗਟਾਵਾ

ਜੇ ਜੀਵਾਂ ਦੇ ਲਿੰਗ ਨੂੰ ਆਧਾਰ ਬਣਾਇਆ ਜਾਵੇ ਤਾਂ ਲਿੰਗ ਸਿਰਫ ਦੋ ਹੀ ਹੋ ਸਕਦੇ ਹਨ–ਇਕ 'ਨਰ' ਦਾ ਲਿੰਗ, ਜਿਸ ਨੂੰ ਵਿਆਕਰਨ ਵਿਚ 'ਪੁਲਿੰਗ' ਕਿਹਾ ਜਾਂਦਾ ਹੈ, ਅਤੇ ਦੂਜਾ 'ਮਾਦਾ' ਦਾ ਲਿੰਗ, ਜਿਸ ਦਾ ਵਿਆਕਰਨਿਕ ਨਾਮ 'ਇਸਤਰੀ ਲਿੰਗ' ਹੈ। ਪਰ ਕਈਆਂ ਭਾਸ਼ਾਵਾਂ ਵਿੱਚ ਹੋਰ ਲਿੰਗ ਵੀ ਵਰਤੇ ਜਾਂਦੇ ਹਨ, ਜਿਵੇਂ ਬੇਜਾਨ ਵਸਤਾਂ ਨੂੰ ਨਿਪੁੰਸਕ ਲਿੰਗ (neuter gender) ਵਿੱਚ ਰੱਖਿਆ ਜਾਂਦਾ ਹੈ। ਕੁੱਝ ਭਾਸ਼ਾਵਾਂ ਵਿੱਚ ਸਾਂਝਾ ਲਿੰਗ (common gender) ਵੀ ਸਵੀਕਾਰ ਕੀਤਾ ਜਾਂਦਾ ਹੈ, ਜੋ ਅਜਿਹੇ ਨਾਵਾਂ ਲਈ ਵਰਤਿਆ ਜਾਂਦਾ ਹੈ ਜੋ ਪੁਲਿੰਗ ਜਾਂ ਇਸਤਰੀ ਲਿੰਗ ਦੁਹਾਂ ਵਿੱਚੋਂ ਕੋਈ ਵੀ ਹੋ ਸਕਦੇ ਹਨ। ਉਦਾਹਰਨ ਲਈ, 'ਬੱਚਾ' ਮੁੰਡਾ ਵੀ ਹੋ ਸਕਦਾ ਹੈ ਤੇ ਕੁੜੀ ਵੀ। ਇਵੇਂ ਹੀ 'ਪਸ਼ੂ' ਨਰ ਜਾਂ ਮਾਦਾ ਦੁਹਾਂ ਵਿੱਚੋਂ ਕੋਈ ਵੀ ਹੋ ਸਕਦਾ ਹੈ।

2.5.2 ਪੰਜਾਬੀ ਵਿੱਚ ਲਿੰਗ

ਪੰਜਾਬੀ ਵਿੱਚ ਦੋ ਹੀ ਲਿੰਗ ਹਨ–ਪੁਲਿੰਗ ਤੇ ਇਸਤਰੀ ਲਿੰਗ। ਪੰਜਾਬੀ ਦਾ ਹਰ ਨਾਂਵ ਇਨ੍ਹਾਂ ਵਿੱਚੋਂ ਕਿਸੇ ਇਕ ਲਿੰਗ ਵਿਚ ਆਉਂਦਾ ਹੈ, ਭਾਵੇਂ ਉਹ ਨਾਂਵ ਕਿਸੇ ਜੀਵ ਦਾ ਹੋਵੇ, ਨਿਰਜੀਵ ਵਸਤ ਦਾ ਹੋਵੇ ਜਾਂ ਸੂਖਮ ਸੰਕਲਪ ਦਾ।

ਕੁੱਝ ਨਾਂਵਾਂ ਦਾ ਲਿੰਗ ਉਨ੍ਹਾਂ ਦੇ ਰੂਪ ਤੋਂ ਹੀ ਸਪਸ਼ਟ ਹੋ ਜਾਂਦਾ ਹੈ–ਘੋੜਾ, ਮੁੰਡਾ, ਗੱਡਾ, ਦੇ ਅੰਤ ਵਿੱਚ ਲੱਗਾ /ਆ/ (ਕੰਨਾ) ਪੁਲਿੰਗ ਦਾ ਚਿੰਨ੍ਹ ਹੈ। ਇਵੇਂ ਹੀ ਘੋੜੀ, ਕੁੜੀ, ਗੱਡੀ, ਦੀ ਅੰਤਿਮ /ਈ/ (ਬਿਹਾਰੀ) ਸਪਸ਼ਟ ਕਰਦੀ ਹੈ ਕਿ ਇਹ ਨਾਂਵ ਇਸਤਰੀ ਲਿੰਗ ਦਾ ਭੇਦ ਹਨ। ਪਰ ਕਾਫੀ ਨਾਂਵ ਅਜਿਹੇ ਹਨ ਜਿਨ੍ਹਾਂ ਦੇ ਰੂਪ ਤੋਂ ਲਿੰਗ ਦਾ ਭੇਦ ਸਪਸ਼ਟ ਨਹੀ ਹੁੰਦਾ। 'ਕੱਖ', 'ਰੋਤ', 'ਵਾਰ', 'ਪਿਆਰ', ਪੁਲਿੰਗ ਹਨ, ਪਰ 'ਅੱਖ', 'ਥੋੜ', 'ਤਾਰ', 'ਸਾਰ' ਇਸਤਰੀ ਲਿੰਗ ਹਨ। ਹਾਂ, ਭਾਸ਼ਾ ਬੋਲਣ ਵਾਲੇ ਜਾਣਦੇ ਹਨ, ਕਿ ਅਜਿਹੇ ਨਾਂਵਾਂ ਵਿੱਚੋਂ ਕਿਹੜਾ ਪੁਲਿੰਗ ਹੈ ਤੇ ਕਿਹੜਾ ਇਸਤਰੀ ਲਿੰਗ।

ਪੰਜਾਬੀ ਪੜਨਾਂਵਾਂ ਵਿੱਚ ਲਿੰਗ-ਭੇਦ ਨਹੀਂ ਹੁੰਦਾ। ਮੈਂ, ਤੂੰ, ਅਸੀ, ਤੁਸੀ, ਉਹ, ਇਹ, ਪੁਲਿੰਗ, ਇਸਤਰੀ ਲਿੰਗ ਦੁਹਾਂ ਲਈ ਵਰਤੇ ਜਾਂਦੇ ਹਨ।

ਕੁੱਝ ਵਿਸ਼ੇਸ਼ਣ ਸੰਬੰਧਿਤ ਨਾਂਵ ਦੇ ਲਿੰਗ ਅਨੁਸਾਰ ਬਦਲਦੇ ਹਨ–ਕਾਲਾ ਘੋੜਾ, ਕਾਲੀ ਘੋੜੀ, ਵਿੱਚ ਵਿਸ਼ੇਸ਼ਣ 'ਕਾਲਾ', 'ਕਾਲੀ' ਦਾ ਰੂਪ, ਨਾਂਵ 'ਘੋੜਾ' ਤੇ 'ਘੋੜੀ' ਅਨੁਸਾਰ ਬਦਲਦਾ ਹੈ। ਪਰ ਕੁੱਝ ਵਿਸ਼ੇਸ਼ਣਾਂ ਉੱਤੇ ਲਿੰਗ ਦਾ ਪ੍ਰਭਾਵ ਨਹੀਂ ਪੈਂਦਾ–'ਲਾਲ ਘੋੜਾ, ਲਾਲ ਘੋੜੀ' ਵਿੱਚ ਵਿਸ਼ੇਸ਼ਣ 'ਲਾਲ' ਦਾ ਰੂਪ ਇਕੋ ਹੀ ਰਿਹਾ ਹੈ, ਭਾਵੇਂ ਇਹ ਪੁਲਿੰਗ ਲਈ ਵਰਤਿਆ ਹੈ, ਜਾਂ ਇਸਤਰੀ ਲਿੰਗ ਲਈ। ਇੰਞ ਵਿਸ਼ੇਸ਼ਣਾਂ ਦੀਆਂ ਦੋ ਸ਼੍ਰੇਣੀਆਂ ਹਨ–ਕਾਲਾ, ਪੀਲਾ, ਨਿੱਕਾ, ਪਹਿਲਾ, ਦੂਜਾ ਆਦਿ -ਆ- ਅੰਤਿਕ (ਕੰਨਾ-ਅੰਤਿਕ) ਵਿਸ਼ੇਸ਼ਣ ਲਿੰਗ ਅਨੁਸਾਰ ਬਦਲਦੇ ਹਨ, ਬਾਕੀ ਸਾਰੇ ਵਿਸ਼ੇਸ਼ਣ ਲਿੰਗ ਦੇ ਪ੍ਰਭਾਵ ਤੋਂ ਮੁਕਤ ਹਨ–ਲਾਲ, ਸੁੰਦਰ, ਗਰਮ, ਨਰਮ, ਸਖਤ, ਕੋਮਲ, ਆਦਿ। ਇਸ ਆਧਾਰ ਉਤੇ ਕੁਝ ਵਿਆਕਰਨਕਾਰਾਂ ਨੇ ਵਿਸ਼ੇਸ਼ਣ ਦੀਆਂ ਇਨ੍ਹਾਂ ਸ਼੍ਰੇਣੀਆਂ ਨੂੰ 'ਕਾਲਾ ਸ਼੍ਰੇਣੀ' ਤੇ 'ਲਾਲ ਸ਼੍ਰੇਣੀ' ਦਾ ਨਾਮ ਦਿੱਤਾ ਹੈ।

ਵਧੇਰੇ ਕਿਰਿਆਵਾਂ ਲਿੰਗ ਅਨੁਸਾਰ ਬਦਲਦੀਆਂ ਹਨ–'ਮੁੰਡਾ ਲਿਖਦਾ ਹੈ', 'ਕੁੜੀ ਲਿਖਦੀ ਹੈ', ਵਿੱਚ ਕਿਰਿਆ 'ਲਿਖਦਾ'/'ਲਿਖਦੀ' ਕਰਤਾ ਦੇ ਲਿੰਗ ਅਨੁਸਾਰ ਬਦਲੀ ਹੈ।

2.5.3 ਪੰਜਾਬੀ ਵਿੱਚ ਵਚਨ

ਇੱਕ ਅਤੇ ਇੱਕ ਤੋਂ ਵੱਧ ਦੇ ਅੰਤਰ ਨੂੰ ਪ੍ਰਗਟ ਕਰਨ ਵਾਲੇ ਭਾਸ਼ਾਈ ਵਿਹਾਰ ਨੂੰ ਵਚਨ-ਵਿਧਾਨ ਮੰਨਿਆ ਜਾਂਦਾ ਹੈ। 'ਵਚਨ' ਦਾ ਸੰਬੰਧ ਇਥੇ ਗਿਣਤੀ ਨਾਲ ਹੈ। ਗਿਣਤੀ ਦਾ ਭਾਸ਼ਈ ਪ੍ਰਗਟਾਵਾ ਵੱਖ-ਵੱਖ ਭਾਸ਼ਾਵਾਂ ਵਿੱਚ ਵੱਖ-ਵੱਖ ਵਿਧੀਆਂ ਨਾਲ ਹੁੰਦਾ ਹੈ। ਪੰਜਾਬੀ ਵਿੱਚ ਸਿਰਫ ਇਕ ਤੇ ਇਕ ਤੋਂ ਵਧੇਰੇ ਦਾ ਫਰਕ ਹੀ ਸਵੀਕਾਰ ਕੀਤਾ ਜਾਂਦਾ ਹੈ। 'ਮੁੰਡਾ ਪੜ੍ਹਦਾ ਹੈ' ਵਿੱਚ ਨਾਂਵ 'ਮੁੰਡਾ' **ਇਕ ਵਚਨ** ਹੈ ਅਤੇ 'ਮੁੰਡੇ ਪੜ੍ਹਦੇ ਹਨ' ਵਿਚ 'ਮੁੰਡੇ' **ਬਹੁ ਵਚਨ** ਹੈ। ਸੰਸਕ੍ਰਿਤ ਵਿੱਚ **ਤਿੰਨ ਵਚਨ** ਸਨ–ਇਕ ਵਚਨ, ਦੋ ਵਚਨ, ਤੇ ਬਹੁ ਵਚਨ। : (ਇਕ ਮੁੰਡਾ) (ਦੋ ਮੁੰਡੇ), (ਬਹੁਤੇ, ਅਥਵਾ ਦੋ ਤੋਂ ਵੱਧ, ਮੁੰਡੇ)। (ਕਈਆਂ ਭਾਸ਼ਾਵਾਂ ਵਿੱਚ ਇਸ ਤੋਂ ਵੀ ਵਧੇਰੇ ਵਚਨ ਹਨ।

ਪੰਜਾਬੀ ਦੇ ਕੁੱਝ ਨਾਂਵਾਂ ਦੇ ਰੂਪ ਤੋਂ ਹੀ ਉਨ੍ਹਾਂ ਦੇ ਵਚਨ ਦਾ ਬੋਧ ਹੋ ਜਾਂਦਾ ਹੈ। 'ਘੋੜਾ', 'ਮੁੰਡਾ', 'ਗੱਡਾ' ਦਾ ਅੰਤਿਮ /ਆ/ (ਕੰਨਾ) ਜਿੱਥੇ ਇਨ੍ਹਾਂ ਦਾ ਪੁਲਿੰਗ ਹੋਣਾ ਸਿੱਧ ਕਰਦਾ ਹੈ, ਨਾਲ ਹੀ ਇਕ-ਵਚਨ ਹੋਣਾ ਵੀ ਜਤਾਉਂਦਾ ਹੈ। ਇਵੇਂ ਹੀ 'ਘੋੜੀ', 'ਕੁੜੀ', 'ਗੱਡੀ', ਦੀ ਅੰਤਿਮ /ਈ/ ਵੀ ਇਸਤਰੀ ਲਿੰਗ ਤੇ ਇੱਕ-ਵਚਨ ਦੁਹਾਂ ਦਾ ਚਿੰਨ੍ਹ ਹੈ। ਇਨ੍ਹਾਂ -ਆ- ਅੰਤਿਕ ਤ -ਈ-ਅੰਤਿਕ ਨਾਂਵਾਂ ਤੋਂ ਬਾਕੀ ਨਾਂਵਾਂ ਦੀ ਸਥਿਤੀ ਕੁੱਝ ਵੱਖਰੀ ਹੈ। 'ਹੱਥ', 'ਕੰਨਾ', 'ਡੱਡੂ', ਆਦਿ ਨਾਂਵਾਂ ਦੇ ਰੂਪ ਤੋਂ ਲਿੰਗ ਦਾ ਸੰਕੇਤ ਨਹੀਂ ਮਿਲਦਾ ਤੇ ਨਾਲ ਵਚਨ ਦਾ ਵੀ ਪਤਾ ਨਹੀਂ ਲੱਗਦਾ। 'ਹੱਥ', ਇਕ ਵਚਨ ਵੀ ਹੋ ਸਕਦਾ ਹੈ ਤੇ ਬਹੁ ਵਚਨ ਵੀ :

ਹੱਥ ਲਿੱਬੜ ਗਿਆ (ਇਕ-ਵਚਨ)
ਹੱਥ ਲਿੱਬੜ ਗਏ (ਬਹੁ-ਵਚਨ)

ਪਰ ਇਸ ਸ਼੍ਰੇਣੀ ਦੇ ਇਸਤਰੀ ਲਿੰਗ ਨਾਂਵਾਂ ਦਾ ਬਹੁਵਚਨ ਰੂਪ ਇਕ-ਵਚਨ ਨਾਲੋਂ ਫਰਕ ਵਾਲਾ ਹੁੰਦਾ ਹੈ:

ਅੱਖ ਦੁਖਦੀ ਹੈ (ਇਕ-ਵਚਨ)
ਅੱਖਾਂ ਦੁਖਦੀਆਂ ਹਨ (ਬਹੁ-ਵਚਨ)

ਪੰਜਾਬੀ ਦੇ ਕੁੱਝ ਨਾਂਵ ਸਿਰਫ ਬਹੁ-ਵਚਨ ਰੂਪ ਵਿੱਚ ਹੀ ਵਰਤੇ ਜਾਂਦੇ ਹਨ। ਲੋਕ, ਦਰਸ਼ਨ, (ਦਰਸ਼ਨ ਕੀਤੇ), ਛੋਲੇ, ਮਾਪੇ, ਹਸਪਤਾਲ, ਦਸਖਤ, ਅਜਿਹੇ ਨਾਂਵਾਂ ਦੇ ਉਦਾਹਰਨ ਹਨ। ਬਹੁਤ ਥੋੜ੍ਹੇ ਜਿਹੇ ਨਾਂਵ ਸਿਰਫ ਇਕ ਵਚਨ ਵਿੱਚ ਵਰਤੇ ਜਾਂਦੇ ਹਨ, ਜਿਵੇਂ 'ਉਲਾਦ', 'ਪੁਲਿਸ', 'ਕਿਸਮਤ'।

ਨਿਜੀ ਨਾਂਵਾਂ (ਸੁਖਦੇਵ, ਜਲੰਧਰ, ਬਿਆਸ, ਹਿਮਾਲਾ, ਆਦਿ) ਦਾ ਬਹੁਵਚਨ ਨਹੀਂ ਬਣਦਾ।

ਵਿਸ਼ੇਸ਼ਣਾਂ ਦੀ ਜਿਹੜੀ ਸ਼੍ਰੇਣੀ ਦਾ ਰੂਪ ਲਿੰਗ ਅਨੁਸਾਰ ਬਦਲਦਾ ਹੈ, ਉਸ ਦਾ ਰੂਪ ਵਚਨ ਅਨੁਸਾਰ ਵੀ ਬਦਲਦਾ ਹੈ: 'ਕਾਲਾ ਘੋੜਾ, ਕਾਲੇ ਘੋੜੇ, ਕਾਲੀ ਘੋੜੀ, ਕਾਲੀਆਂ ਘੋੜੀਆਂ' ਵਿੱਚ 'ਕਾਲਾ' ਦਾ ਰੂਪ ਲਿੰਗ, ਵਚਨ ਦੁਹਾਂ ਅਨੁਸਾਰ ਬਦਲਿਆ ਹੈ। ਪਰ ਜਿਹੜੇ ਵਿਸ਼ੇਸ਼ਣਾਂ ਉੱਤੇ ਲਿੰਗ ਦਾ ਪ੍ਰਭਾਵ ਨਹੀ ਪੈਂਦਾ, ਉਹ ਵਚਨ ਅਨੁਸਾਰ ਵੀ ਨਹੀਂ ਬਦਲਦੇ : 'ਕਾਲਾ ਘੋੜਾ', 'ਲਾਲ ਘੋੜੇ', 'ਲਾਲ ਘੋੜੀ', ਲਾਲ ਘੋੜੀਆਂ' ਵਿੱਚ 'ਘੋੜਾ, ਘੋੜੇ, ਘੋੜੀ, ਘੋੜੀਆਂ ਚੌਹਾਂ ਰੂਪਾਂ ਨਾਲ ਵਿਸ਼ੇਸ਼ਣ ਦਾ ਇਕੋ ਰੂਪ 'ਲਾਲ' ਹੀ ਲੱਗਾ ਹੈ।

ਬੋਧ ਅਭਿਆਸ

ਨੋਟ : ਹੇਠ ਲਿਖੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖਾਲੀ ਛਡੀਆਂ ਥਾਵਾਂ ਉੱਤੇ ਦੇਣੇ ਹਨ। ਅੰਤ ਵਿੱਚ ਇਨ੍ਹਾਂ ਸਵਾਲਾਂ ਦੇ ਜਵਾਬ ਦਿੱਤੇ ਹੋਏ ਹਨ ਪਰ ਤੁਸੀ ਉੱਤਰ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਲਿੰਗ ਤੋਂ ਕੀ ਭਾਵ ਹੈ? ਪੰਜਾਬੀ ਵਿੱਚ ਕਿਹੜੇ-ਕਿਹੜੇ ਲਿੰਗ ਹਨ?

---

2 ਵਿਆਕਰਨ ਵਿੱਚ 'ਵਚਨ' ਦਾ ਕੀ ਆਧਾਰ ਹੈ? ਪੰਜਾਬੀ ਵਿੱਚ ਕਿਹੜੇ ਕਿਹੜੇ ਵਚਨ ਹਨ?

---

3 ਹੇਠ ਲਿਖਿਆਂ ਨਾਂਵਾਂ ਦੇ ਲਿੰਗ ਦੱਸੋ:
ਹੱਥ, ਅੱਖ, ਲੱਖ, ਦੁੱਖ, ਭੁੱਖ, ਕੈੜਾਪਣ, ਕੁੜਤੱਣ

2.6 ਸਾਰ

ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਧੁਨੀ ਹੈ। ਆਪਣੇ ਆਪ ਵਿੱਚ ਧੁਨੀ ਦੇ ਅਰਥ ਨਹੀਂ ਹੁੰਦੇ, ਪਰ ਧੁਨੀਆਂ ਨਾਲ ਬਣੇ ਸ਼ਬਦਾਂ ਦੇ ਅਰਥ ਹੁੰਦੇ ਹਨ। ਪੰਜਾਬੀ ਦੀ ਸ਼ਬਦ-ਰਚਨਾ ਵਿੱਚ ਮੁੱਖ ਰੂਪ ਵਿੱਚ ਪਿਛੇਤਰਾਂ ਦੀ ਵਰਤੋਂ ਹੁੰਦੀ ਹੈ, ਅਗੇਤਰ ਵੀ ਵਰਤੇ ਜਾਂਦੇ ਹਨ, ਪਰ ਪਿਛੇਤਰਾਂ ਦੀ ਬਹੁਤ ਵਰਤੋਂ ਹੁੰਦੀ ਹੈ। ਅਰਥਾਂ ਦੇ ਆਧਾਰ ਉਤੇ ਸ਼ਬਦਾਂ ਦੀਆਂ ਵਿਆਕਰਨਿਕ ਸ਼੍ਰੇਣੀਆਂ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਨਾਂਵ, ਪੜਨਾਂਵ, ਕਿਰਿਆ ਆਦਿ ਨਾਮ ਦਿੱਤੇ ਜਾਂਦੇ ਹਨ।

2.7 ਸਹਾਇਕ ਪੁਸਤਕਾਂ

1. ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ ਗੁਜਰਾਂਵਾਲੀਆ, **ਕਾਲਜ ਪੰਜਾਬੀ ਵਿਆਕਰਨ** ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ।
2. ਕਰਤਾਰ ਸਿੰਘ ਤੇ ਹੋਰ ਵਿਦਵਾਨ, **ਪੰਜਾਬੀ ਵਿਆਕਰਨ ਤੇ ਲੇਖ ਰਚਨਾ**, ਪੰਜਾਬ ਸਕੂਲ ਸਿਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ।

2.8 ਅਭਿਆਸਾਂ ਦੇ ਉੱਤਰ

ਪਹਿਲਾ ਅਭਿਆਸ

1 'ਸ਼ਬਦ' ਭਾਸ਼ਾ ਦੀ ਇਕਹਿਰੀ ਅਰਥਪੂਰਨ ਇਕਾਈ ਹੈ। ਸ਼ਬਦ ਨੂੰ 'ਧੁਨੀ-ਚਿੰਨ੍ਹ' ਵੀ ਕਿਹਾ ਜਾਂਦਾ ਹੈ, ਪਰ ਇਸ ਨਾਲ ਪੂਰਾ ਭਾਵ ਸਪਸ਼ਟ ਨਹੀਂ ਹੁੰਦਾ। ਦੱਸਣਾ ਇਹ ਹੈ ਕਿ ਸ਼ਬਦ ਭਾਸ਼ਾ ਦੀ ਇਕ ਅਰਥਪੂਰਨ ਇਕਾਈ ਹੈ, ਅਤੇ ਇਹ ਇਕਾਈ ਇਕਹਿਰੀ ਹੈ।

2 ਬਣਤਰ ਦੇ ਪੱਖ ਤੋਂ ਸ਼ਬਦ ਦੋ ਤਰ੍ਹਾਂ ਦੇ ਹੁੰਦੇ ਹਨ। ਸ਼ਬਦ ਦੇ ਮੁੱਢਲੇ ਰੂਪ ਨੂੰ 'ਮੂਲ ਸ਼ਬਦ' ਕਿਹਾ ਜਾਂਦਾ ਹੈ, ਅਤੇ ਉਸ ਵਿਚੋਂ ਬਣੇ ਹੋਰ ਰੂਪ 'ਸਾਧਿਤ ਸ਼ਬਦ' ਜਾਂ 'ਸ਼ਬਦ ਦਾ ਸਾਧਿਤ ਰੂਪ' ਕਹਾਉਂਦੇ ਹਨ।

ਦੂਜਾ ਅਭਿਆਸ

1 ਪੰਜਾਬੀ ਵਿਚ ਸ਼ਬਦ-ਰਚਨਾ, ਆਮ ਤੌਰ ਉਤੇ, ਅਗੇਤਰਾਂ, ਪਿਛੇਤਰਾਂ ਖ਼ਾਸ ਕਰਕੇ ਪਿਛੇਤਰਾਂ ਦੀ ਵਰਤੋਂ ਨਾਲ ਹੁੰਦੀ ਹੈ। ਕੁੱਝ ਹਾਲਤਾਂ ਵਿਚ ਮੂਲ ਸ਼ਬਦ ਦੇ ਵਿਚਾਲੇ ਤਬਦੀਲੀ ਕਰਕੇ ਨਵਾਂ ਸ਼ਬਦ ਸਿਰਜਿਆ ਜਾਂਦਾ ਹੈ–ਜਿਵੇਂ 'ਮੁੜ' ਤੋਂ 'ਮੋੜ'। ਕੁੱਝ ਥੋੜੇ ਜਿਹੇ ਸ਼ਬਦ ਸੰਧੀ ਦੇ ਨਿਯਮ ਅਨੁਸਾਰ ਵੀ ਬਣਾਏ ਜਾਂਦੇ ਹਨ, ਜਿਵੇਂ 'ਸੁਰ+ਇੰਦਰ' ਤੋਂ 'ਸੁਰਿੰਦਰ'।

2 ਅਗੇਤਰ ਉਸ ਭਾਸ਼ਾਈ ਅੰਸ਼ ਨੂੰ ਕਹਿੰਦੇ ਹਨ, ਜੋ ਸੁਤੰਤਰ ਸ਼ਬਦ ਨਾ ਹੋਵੇ, ਪਰ ਇਸ ਨੂੰ ਕਿਸੇ ਸ਼ਬਦ ਦੇ ਅਰੰਭ ਵਿਚ ਜੋੜ ਕੇ ਨਵਾਂ ਸ਼ਬਦ ਬਣਾਇਆ ਜਾ ਸਕੇ।

ਉਦਾਹਰਨ

ਅਣ-	ਅਣਘੋਤਾ	ਅਣਰਿੱਧਾ
ਸੁ-	ਸੁਗੰਧ,	ਸੁਚੱਜੀ
ਚੁ-	ਚੁਬਾਰਾ,	ਚੁਰਾਹਾ
ਬੇ-	ਬੇਇਜ਼ਤ,	ਬੇਸ਼ਰਮ

3 ਪਿਛੇਤਰ ਉਸ ਭਾਸ਼ਾਈ ਅੰਸ਼ ਨੂੰ ਕਹਿੰਦੇ ਹਨ ਜੋ ਸੁਤੰਤਰ ਸ਼ਬਦ ਨਾ ਹੋਵੇ ਪਰ ਇਸ ਨੂੰ ਕਿਸੇ ਸ਼ਬਦ ਦੇ ਪਿੱਛੇ ਜੋੜ ਕੇ ਨਵਾਂ ਸ਼ਬਦ ਬਣਾਇਆ ਜਾ ਸਕੇ।

ਲੱਤ :	ਲੱਤਾਂ,	ਲੱਤੋਂ
ਸਿਰ :	ਸਿਰੋਂ,	ਸਿਰੀਂ
ਕੁੱਟ :	ਕੁੱਟੇ,	ਕੁੱਟੋ
ਮਾਰ:	ਮਾਰਿਆ,	ਮਾਰਨਾ
ਵੱਡਾ:	ਵੱਡੇ,	ਵਡਿਆਈ
ਹੌਲਾ:	ਹੌਲੀ,	ਹੌਲਾਪਣ

ਤੀਜਾ ਅਭਿਆਸ

1 ਸ਼ਬਦ-ਸ਼੍ਰੇਣੀਆਂ ਦੇ ਨਾਮ : ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਕ, ਨਿਪਾਤ।

2 ਜਿਹੜੇ ਸ਼ਬਦ ਕਿਸੇ ਨਾਂਵ ਦਾ ਗੁਣ, ਲੱਛਣ, ਵਿਸ਼ੇਸ਼ਤਾ, ਆਦਿ ਦਰਸਾਉਣ ਉਨ੍ਹਾਂ ਨੂੰ ਵਿਸ਼ੇਸ਼ਣ ਕਹਿੰਦੇ ਹਾਂ। ਪੜਨਾਂਵ ਦੀ ਵਿਸ਼ੇਸ਼ਤਾ ਦਰਸਾਉਣ ਵਾਲੇ ਸ਼ਬਦ ਨੂੰ ਵੀ 'ਵਿਸ਼ੇਸ਼ਣ' ਹੀ ਕਹਿੰਦੇ ਹਨ। 'ਠੰਡਾ ਪਾਣੀ', 'ਮੈਲੇ ਕੱਪੜੇ' ਵਿਚ 'ਠੰਡਾ' ਪਾਣੀ ਦਾ ਗੁਣ ਦੱਸਦਾ ਹੈ, ਜੋ ਨਾਂਵ ਹੈ ਅਤੇ 'ਮੈਲੇ' 'ਕਪੜੇ ਨਾਂਵ ਦੀ ਵਿਸ਼ੇਸ਼ਤਾ ਜਾਂ ਦਸ਼ਾ ਦਰਸਾਉਂਦਾ ਹੈ। ਇੰਵ 'ਠੰਢਾ' ਤੇ 'ਮੈਲੇ' ਵਿਸ਼ੇਸ਼ਣ ਹਨ। 'ਉਹ ਭਲੇਮਾਣਸ' ਵਿਚ ਵਿਸ਼ੇਸ਼ਣ 'ਭਲੇਮਾਣਸ', ਪੜਨਾਂਵ 'ਉਹ' ਦਾ ਲੱਛਣ ਦੱਸਦਾ ਹੈ।

3

ਵੇਖਿਆ	-	ਕਿਰਿਆ
ਅਤੇ	-	ਯੋਜਕ
ਪਿਆਰਾ	-	ਵਿਸ਼ੇਸ਼ਣ
ਦੁਪੱਟਾ	-	ਨਾਂਵ
ਨੂੰ	-	ਸੰਬੰਧਕ
ਹੱਕੀ	-	ਵਿਸ਼ੇਸ਼ਣ
ਹੋਲੀ	-	ਵਿਸ਼ੇਸ਼ਣ ਤੇ ਕਿਰਿਆ-ਵਿਸ਼ੇਸ਼ਣ

ਚੌਥਾ ਅਭਿਆਸ

1 'ਨਰ' ਤੇ 'ਮਾਦਾ' ਦੇ ਭੇਦ ਨੂੰ ਲਿੰਗ-ਭੇਦ ਕਿਹਾ ਜਾਂਦਾ ਹੈ। 'ਨਰ' ਨਾਂਵ ਨੂੰ 'ਪੁਲਿੰਗ' ਮੰਨਿਆ ਜਾਂਦਾ ਹੈ, ਅਤੇ 'ਮਾਦਾ' ਨੂੰ ਇਸਤਰੀ ਲਿੰਗ'। ਕਈਆਂ ਭਾਸ਼ਾਵਾਂ ਵਿਚ ਇਨ੍ਹਾਂ ਤੋਂ' ਇਲਾਵਾ ਹੋਰ ਲਿੰਗ ਵੀ ਹਨ। ਪੰਜਾਬੀ ਵਿਚ ਦੋ ਹੀ ਲਿੰਗ ਹਨ–ਪੁਲਿੰਗ ਤੇ ਇਸਤਰੀ ਲਿੰਗ।

2 ਵਚਨ ਦਾ ਆਧਾਰ ਨਾਂਵਾਂ ਦੀ ਗਿਣਤੀ ਹੈ। ਪੰਜਾਬੀ ਵਿਚ ਸਿਰਫ਼ 'ਇਕ' ਅਤੇ 'ਇਕ ਤੋਂ ਵੱਧ' ਦੇ ਅੰਤਰ ਨੂੰ ਵਚਨ ਦਾ ਆਧਾਰ ਮੰਨਿਆ ਗਿਆ ਹੈ, ਅਤੇ ਇਸ ਲਈ ਪੰਜਾਬੀ ਵਿਚ ਸਿਰਫ਼ ਦੋ ਹੀ ਵਚਨ ਹਨ–'ਇਕ ਵਚਨ' ਤੇ 'ਬਹੁ ਵਚਨ'।

3

ਹੱਥ	ਪੁਲਿੰਗ
ਅੱਖ	ਇਸਤਰੀ ਲਿੰਗ
ਕੱਖ	ਪੁਲਿੰਗ
ਦੁੱਖ	ਪੁਲਿੰਗ
ਭੁੱਖ	ਇਸਤਰੀ ਲਿੰਗ
ਕੌੜਾਪਣ	ਪੁਲਿੰਗ
ਕੁੜੱਤਣ	ਇਸਤਰੀ ਲਿੰਗ

ਪਾਠ 3 ਵਾਕ-ਵਿਉਂਤ, ਅਖਾਣ ਤੇ ਮੁਹਾਵਰੇ

ਪਾਠ ਦੀ ਰੂਪ-ਰੇਖਾ

3.0 ਮਨੋਰਥ
3.1 ਭੂਮਿਕਾ
3.2 ਵਾਕੀ ਕੀ ਹੈ?
3.3 ਵਾਕ ਦੇ ਮੁੱਖ ਹਿੱਸੇ
3.4 ਉਪਵਾਕ ਤੇ ਵਾਕੰਸ਼
3.4.1 ਉਪਵਾਕ
3.4.2 ਵਾਕਾਂਸ.
3.5 ਵਾਕ ਦੀ ਸ਼੍ਰੇਣੀ-ਵੰਡ
3.5.1 ਬਣਤਰ ਦੇ ਆਧਾਰ ਉਤੇ ਵਾਕ-ਵੰਡ
3.5.2 ਅਰਥਾਂ ਦੇ ਆਧਾਰ ਉਤੇ ਵਾਕ-ਵੰਡ
3.6 ਪੰਜਾਬੀ ਵਾਕ ਦੀ ਤਰਤੀਬ
3.6.1 ਕੁੱਝ ਤਕਨੀਕੀ ਸ਼ਬਦ
3.6.2 ਵਾਕ ਦੀ ਤਰਤੀਬ
3.7 ਅਖਾਣ ਤੇ ਮੁਹਾਵਰੇ
3.7.1 ਪੰਜਾਬੀ ਅਖਾਣ
3.7.2 ਪੰਜਾਬੀ ਮੁਹਾਵਰੇ
3.8 ਸਾਰ
3.9 ਸਹਾਇਕ ਪੁਸਤਕਾਂ
3.10 ਅਭਿਆਸਾਂ ਦੇ ਉੱਤਰ

3.0 ਮਨੋਰਥ

ਬੜੇ ਲੋਕਾਂ ਨੂੰ ਇਹ ਭਰਮ ਹੁੰਦਾ ਹੈ ਕਿ ਪੰਜਾਬੀ ਸਾਡੀ ਆਪਣੀ ਭਾਸ਼ਾ ਹੈ, ਇਸ ਲਈ ਇਸ ਨੂੰ ਉਚੇਚ ਨਾਲ ਸਿੱਖਣ ਦੀ ਕੀ ਲੋੜ ਹੈ? ਇਹ ਭਾਸ਼ਾ ਤਾਂ ਸਾਨੂੰ ਆਪਣੇ ਆਪ ਆ ਜਾਣੀ ਹੈ। ਪਰ ਲਿਖਣ ਵੇਲੇ ਉਨ੍ਹਾਂ ਪਾਸੋਂ ਦੋ ਚਜ ਦੇ ਵਾਕ ਵੀ ਨਹੀਂ ਲਿਖੇ ਜਾਂਦੇ। ਫੇਰ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਸਾਧਾਰਨ ਤੋਂ ਸਾਧਾਰਨ ਖਿਆਲ ਨੂੰ ਵੀ ਵਾਕਾਂ ਵਿੱਚ ਗੁੰਦਣਾ ਕਿੰਨਾ ਔਖਾ ਹੁੰਦਾ ਹੈ।

ਵਾਕ ਹੁੰਦਾ ਕੀ ਹੈ? ਵਾਕ-ਰਚਨਾ ਦੇ ਵੱਖ ਵੱਖ ਢੰਗ ਕਿਹੜੇ ਹਨ? ਅਖਾਣਾਂ ਤੇ ਮਹਾਵਰਿਆਂ ਵਿਚ ਕੀ ਫ਼ਰਕ ਹੁੰਦਾ ਹੈ? ਇਹ ਪਾਠ ਪੜ੍ਹਨ ਪਿੱਛੋਂ ਤੁਹਾਨੂੰ ਇਸ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ ਦਾ ਵਲ ਆ ਜਾਣਾ ਚਾਹੀਦਾ ਹੈ।

3.1 ਭੂਮਿਕਾ

ਸ਼ਬਦਾਂ ਬਾਰੇ ਤੁਸੀਂ ਪਿਛਲੇ ਪਾਠ ਵਿਚ ਕਾਫ਼ੀ ਕੁਝ ਪੜ੍ਹ ਆਏ ਹੋ। ਇਸ ਪਾਠ ਵਿਚ ਤੁਹਾਨੂੰ ਇਹ ਦਸਿਆ ਜਾਵੇਗਾ ਕਿ ਵਾਕ ਕਿਸ ਤਰ੍ਹਾਂ ਵਿਉਂਤੇ ਜਾਂਦੇ ਹਨ।

ਬੰਦਾ ਤਾਸ਼ ਖੇਡਣ ਲਗਿਆਂ ਯੱਕੇ ਦੀ ਥਾਂ ਦੁੱਕੀ ਤੇ ਦੁੱਕੀ ਦੀ ਥਾਂ ਯੱਕਾ ਵਰਤ ਸਕਦਾ ਹੈ ਪਰ ਸਿਆਣਾ ਖਿਡਾਰੀ ਇੰਜ ਨਹੀਂ ਕਰਦਾ। ਤਾਸ਼ ਦੀ ਖੇਡ ਵਾਂਗ ਸ਼ਬਦਾਂ ਦੀ ਵਰਤੋਂ ਵਿਚ ਵੀ ਝੱਲਪੁਣਾ ਨਹੀਂ ਝੱਲਿਆ ਜਾ ਸਕਦਾ। ਵਾਕ-ਵਿਉਂਤ ਦੇ ਕੁੱਝ ਅਸੂਲ ਬੱਝੇ ਹੋਏ ਹਨ. ਇਨ੍ਹਾਂ ਦਾ ਸਮਝਣਾ ਜ਼ਰੂਰੀ ਹੈ। ਸਾਡੇ ਇਸ ਪਾਠ ਨੂੰ ਉਪਯੋਗੀ ਬਣਾਉਣ ਲਈ ਇਸ ਦੇ ਜਿਹੜੇ ਅੱਗੇ ਦਿੱਤੇ ਭਾਗ ਬਣਾਏ ਹਨ. ਆਸ ਹੈ ਇਨ੍ਹਾਂ ਦੇ ਪਾਠ ਉਪਰੰਤ ਤੁਹਾਨੂੰ ਵਾਕ-ਵਿਉਂਤ ਦੀ ਖ਼ਾਸੀ ਸੋਝੀ ਹੋ ਜਾਏਗੀ।

3.2 ਵਾਕ ਕੀ ਹੈ?

ਪਿਛਲੇ ਪਾਠਾਂ ਵਿਚ ਅਸਾਂ ਵੇਖਿਆ ਹੈ ਕਿ ਭਾਸ਼ਾ ਦੀ ਛੋਟੀ-ਤੋਂ-ਛੋਟੀ ਇਕਾਈ ਧੁਨੀ ਹੈ, ਪਰ ਧੁਨੀ ਦੇ ਅਰਥ ਨਹੀਂ ਹੁੰਦੇ। ਉਸ ਤੋਂ ਵੱਡੀਆਂ ਇਕਾਈਆਂ ਸ਼ਬਦ ਤੇ ਅਗੇਤਰ, ਪਿਛੇਤਰ ਹੁੰਦੇ ਹਨ, ਜਿਨ੍ਹਾਂ ਦੇ ਕੋਈ ਅਰਥ ਹੁੰਦੇ ਹਨ ਅਤੇ ਇਹ ਇਕਹਿਰੀਆਂ ਇਕਾਈਆਂ ਹੁੰਦੀਆਂ ਹਨ। ਇਨ੍ਹਾਂ ਤੋਂ ਵੱਡੀ ਭਾਸ਼ਾਈ ਇਕਾਈ 'ਵਾਕ' ਹੈ, ਜੋ ਸਾਰਥਕ ਹੁੰਦੀ ਹੈ, ਅਤੇ ਇਕਹਿਰੀ ਨਹੀਂ, ਗੰਢਵੀਂ ਇਕਾਈ ਹੁੰਦੀ ਹੈ। ਵੱਖ-ਵੱਖ ਭਾਸ਼ਾਵਾਂ ਦੀ ਵਾਕ-ਬਣਤਰ ਚੋਖੇ ਫਰਕ ਵਾਲੀ ਹੁੰਦੀ ਹੈ, ਇਸ ਲਈ ਵਿਆਕਰਨਕਾਰ ਵਾਕ-ਵਿਆਖਿਆ ਦੀ ਕੋਈ ਤਸੱਲੀਬਖਸ਼ ਵਿਧੀ ਲੱਭਣ ਵਿਚ ਸਫਲ ਨਹੀਂ ਹੋਏ। ਵਾਕ-ਵਿਸ਼ੇਸ਼ਣ ਦੀਆਂ ਕਈ ਥਿਊਰੀਆਂ ਪੇਸ਼ ਕੀਤੀਆਂ ਗਈਆਂ ਹਨ, ਪਰ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਪ੍ਰਮਾਣਿਕ ਥਿਊਰੀ ਨਹੀਂ ਮੰਨਿਆ ਗਿਆ। ਇਥੋਂ ਤਕ ਕਿ ਵਾਕ ਦੀ ਕੋਈ ਸਰਬਪ੍ਰਮਾਣਿਤ ਪਰਿਭਾਸ਼ਾ ਅਜੇ ਤਕ ਸਿਰਜੀ ਹੀ ਨਹੀਂ ਜਾ ਸਕੀ। ਅਸੀਂ ਇਨ੍ਹਾਂ ਥਿਊਰੀਆਂ ਤੇ ਪਰਿਭਾਸ਼ਾਵਾਂ ਦੇ ਵਿਸਤਾਰ ਵਿਚ ਨਹੀਂ ਉਲਝਣਾ ਚਾਹੁੰਦੇ। ਅੱਗੇ ਦਿੱਤੀ ਗਈ ਵਿਆਖਿਆ ਵਿਦਿਆਰਥੀਆਂ ਦੀ ਲੋੜ ਅਨੁਸਾਰ ਚੁਣੀ ਤੇ ਗੋਲੀ ਗਈ ਹੈ।

ਪਰਿਭਾਸ਼ਾ : ਵਿਆਕਰਨਿਕ ਵਿਸ਼ੇਸ਼ਣ ਦੇ ਪੱਖ ਤੋਂ ਭਾਸ਼ਾ ਦੀ ਸਭ ਤੋਂ ਵੱਡੀ ਸਾਰਥਿਕ ਇਕਾਈ ਨੂੰ ਵਾਕ ਕਿਹਾ ਜਾਂਦਾ ਹੈ।

ਵਾਕ ਦੀਆਂ ਕਈ ਪਰਿਭਾਸ਼ਾਵਾਂ ਦਿੱਤੀਆਂ ਜਾਂਦੀਆਂ ਹਨ, ਪਰ ਆਧੁਨਿਕ ਭਾਸ਼ਾ-ਵਿਗਿਆਨੀ ਉਪਰੋਕਤ ਪਰਿਭਾਸ਼ਾ ਨੂੰ ਵਧੇਰੇ ਤਸੱਲੀਬਖਸ਼ ਮੰਨਦੇ ਹਨ। ਭਾਵੇਂ ਇਹ ਪਰਿਭਾਸ਼ਾ ਸਰਬਪ੍ਰਵਾਨਿਤ ਨਹੀਂ ਕਹੀ ਜਾ ਸਕਦੀ, ਪਰ ਹੋਰਨਾਂ ਪਰਿਭਾਸ਼ਾਵਾਂ ਵਿਚ ਕਈ ਨੁਕਸ ਹਨ, ਇਸ ਲਈ ਅਸੀਂ ਏਹੋ ਪਰਿਭਾਸ਼ਾ ਸਵੀਕਾਰ ਕਰਾਂਗੇ।

ਇਸ ਪਰਿਭਾਸ਼ਾ ਵਿਚ ਆਏ ਕੁੱਝ ਸ਼ਬਦਾਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੈ। ਵਾਕ ਸਭ ਤੋਂ ਵੱਡੀ ਭਾਸ਼ਈ ਇਕਾਈ ਹੈ, ਇਸ ਲਈ ਇਹ ਇਕਹਿਰੀ ਇਕਾਈ ਨਹੀਂ ਹੋ ਸਕਦੀ, ਗੰਢਵੀਂ ਇਕਾਈ ਹੁੰਦੀ ਹੈ। ਇਸ ਵਿਚ ਕੋਈ ਹੋਰ ਇਕਾਈਆਂ ਆਉਣੀਆਂ ਜ਼ਰੂਰੀ ਹਨ। ਵਾਕ ਦਾ ਸਾਰਥਿਕ ਹੋਣਾ ਜ਼ਰੂਰੀ ਹੈ, ਨਿਰਾਰਥਿਕ ਸ਼ਬਦ-ਸਮੂਹ ਨੂੰ ਵਾਕ ਨਹੀਂ ਕਹਿ ਸਕਦੇ। ਵਾਕ ਨੂੰ 'ਸਭ ਤੋਂ ਵੱਡੀ' ਇਕਾਈ ਮੰਨਿਆ ਹੈ, ਪਰ ਇਸ ਦੀ ਕੋਈ ਲਮਾਈ ਨਿਸ਼ਚਿਤ ਨਹੀਂ ਕੀਤੀ ਗਈ ਇਸ ਬਾਰੇ ਹੇਠਾਂ ਵਿਚਾਰ ਕੀਤੀ ਗਈ ਹੈ। ਵਾਕ ਨੂੰ ਅਸਾਂ ਇਕ ਵਿਆਕਰਨਿਕ ਇਕਾਈ ਮੰਨਿਆ ਹੈ। ਅਰਥਾਤ ਵਾਕ ਉਹ ਇਕਾਈ ਹੈ ਜਿਸ ਦਾ ਵਿਸ਼ਲੇਸ਼ਣ 'ਵਿਆਕਰਨ' ਦੇ ਪੱਖ ਤੋਂ ਕੀਤਾ ਜਾ ਸਕੇ। ਇਸ ਆਧਾਰ ਉੱਤੇ ਪੈਰਾਗ੍ਰਾਫ਼ ਵਾਕ ਨਹੀਂ ਹੋ ਸਕਦਾ, ਭਾਵੇਂ ਇਹ ਵੀ ਭਾਸ਼ਾ ਦੀ ਵੱਡੀ ਇਕਾਈ ਹੈ। ਕਾਰਨ ਇਹ ਹੈ ਕਿ ਪੈਰਾਗ੍ਰਾਫ ਵਿਆਕਰਨਿਕ ਇਕਾਈ ਨਹੀਂ, ਸਟਾਈਲ ਅਥਵਾ ਸ਼ੈਲੀ ਦੀ ਇਕਾਈ ਹੈ।

ਵਾਕ ਦੀ ਕੋਈ ਲੰਮਾਈ ਨਿਸਚਿਤ ਨਹੀਂ ਕੀਤੀ ਜਾ ਸਕਦੀ। ਹੇਠ-ਲਿਖੇ ਵਾਕ ਵਿਚਾਰੇ ਜਾਣ :

ਮੁੰਡਾ ਕਿਤਾਬ ਲੈ ਗਿਆ ਹੈ।
ਮੁੰਡਾ ਤੁਹਾਡੀ ਕਿਤਾਬ ਲੈ ਗਿਆ ਹੈ।
ਨੀਲੀ ਪੱਗ ਵਾਲਾ ਮੁੰਡਾ, ਜਿਹੜਾ ਪਰਸੋਂ ਤੁਹਾਨੂੰ ਮਿਲਣ ਆਇਆ ਸੀ, ਤੁਹਾਡੀ ਕਿਤਾਬ ਲੈ ਗਿਆ ਹੈ।
ਨੀਲੀ ਪੱਗ ਵਾਲਾ ਮੁੰਡਾ, ਜਿਹੜਾ ਪਰਸੋਂ ਤੁਹਾਨੂੰ ਮਿਲਣ ਆਇਆ ਸੀ, ਤੁਹਾਡੀ ਉਹ ਕਿਤਾਬ ਮੈਥੋਂ ਲੈ ਗਿਆ ਹੈ, ਜਿਹੜੀ ਤੁਸਾਂ ਮੈਨੂੰ ਪੜ੍ਹਨ ਲਈ ਦਿੱਤੀ ਸੀ।

ਇਸ ਵਾਕ ਨੂੰ ਹੋਰ ਵੀ ਲੰਮਾ ਕੀਤਾ ਜਾ ਸਕਦਾ ਹੈ। ਸੋ ਵਾਕ ਕਾਫ਼ੀ ਲੰਮਾ ਹੋ ਸਕਦਾ ਹੈ, ਪਰ ਬਹੁਤ ਲੰਮੇ ਵਾਕ ਬੋਲਣ ਜਾਂ ਲਿਖਣ ਨਾਲ ਭਾਸ਼ਾ ਕੁਢੱਬੀ ਬਣ ਜਾਂਦੀ ਹੈ ਤੇ ਉਸ ਨੂੰ ਸਮਝਣਾ ਔਖਾ ਹੋ ਜਾਂਦਾ ਹੈ। ਇਸ ਲਈ ਭਾਸ਼ਾਵਾਂ ਵਿਚ, ਖਾਸ ਕਰ ਪੰਜਾਬੀ ਵਿਚ, ਬਹੁਤ ਲੰਮੇ ਵਾਕ ਘੱਟ ਵਰਤੇ ਜਾਂਦੇ ਹਨ।

ਛੋਟੇ-ਤੋਂ-ਛੋਟੇ ਵਾਕ ਸਿਰਫ਼ ਇਕ ਸ਼ਬਦ ਦੇ ਵੀ ਹੋ ਸਕਦੇ ਹਨ। ਅਜਿਹੇ ਵਾਕ ਆਗਿਆ ਬੋਧਕ ਹੁੰਦੇ ਹਨ, ਜਿਵੇਂ,'ਜਾ',, ਜਾਂ ਸਵਾਲਾਂ ਦੇ ਉੱਤਰ ਹੁੰਦੇ ਹਨ :

"ਤੂੰ ਕਦੋਂ ਜਾਵੇਂਗਾ?"
"ਪਰਸੋਂ।"

ਇਹ 'ਜਾ' ਤੇ 'ਪਰਸੋਂ' ਵਾਕ ਮੰਨੇ ਜਾਂਦੇ ਹਨ, ਪਰ ਵਿਆਕਰਣ ਦੇ ਪੱਖ ਤੋਂ ਇਹ 'ਪੂਰਨ ਵਾਕ' ਨਹੀਂ, 'ਅਧੂਰੇ ਵਾਕ' ਹਨ, ਜੋ ਕਿਸੇ ਪੂਰਨ ਵਾਕ ਦੇ ਸੰਖਿਪਤ ਰੂਪ ਵਜੋਂ ਬੋਲੇ ਗਏ ਹਨ। 'ਜਾ' ਦਾ ਪੂਰਨ ਵਾਕ ਹੈ "ਤੂੰ ਜਾ" ਅਤੇ 'ਪਰਸੋਂ' ਦਾ ਪੂਰਾ ਰੂਪ ਹੈ, 'ਮੈਂ ਪਰਸੋਂ ਜਾਵਾਂਗਾ।"

ਵੱਖ-ਵੱਖ ਭਾਸ਼ਾਵਾਂ ਵਿਚ ਵਾਕ ਦੇ ਰੂਪ ਤੇ ਉਸ ਦੀ ਬਣਤਰ ਬਾਰੇ ਵੱਖ-ਵੱਖ ਮਾਨਤਾਵਾਂ ਤੇ ਸਿੱਧਾਂਤ ਹਨ। ਪੰਜਾਬੀ, ਹਿੰਦੀ, ਅੰਗਰੇਜ਼ੀ ਦੇ ਪੂਰਨ ਵਾਕ ਵਿਚ ਇੱਕ ਨਾਂਵ (ਜਾਂ ਪੜਨਾਂਵ) ਤੇ ਇਕ ਕਿਰਿਆ ਦਾ ਹੋਣਾ ਜ਼ਰੂਰੀ ਹੈ। 'ਸਤਿੰਦਰ ਜਾਵੇਗਾ', 'ਕੋਠਾ ਡਿਗ ਪਿਆ', 'ਮੁੰਡਾ ਰੋਂਦਾ ਹੈ', 'ਮੈਂ ਆਵਾਂਗਾ' ਆਦਿ ਅਜਿਹੇ ਵਾਕਾਂ ਦੇ ਕੁੱਝ ਨਮੂਨੇ ਹਨ।

3.3 ਵਾਕ ਦੇ ਮੁੱਖ ਹਿੱਸੇ

ਵਾਕ ਦੇ ਮੁੱਖ ਹਿੱਸੇ ਦੋ ਹੁੰਦੇ ਹਨ। ਇਕ ਉਹ ਜਿਸ ਬਾਰੇ ਕੁੱਝ ਕਿਹਾ ਗਿਆ ਹੋਵੇ। ਇਸ ਨੂੰ ਵਿਆਕਰਣ ਵਿਚ ਉਦੇਸ਼ ਕਹਿੰਦੇ ਹਨ। 'ਸਤਿੰਦਰ ਜਾਵੇਗਾ', 'ਕੋਠਾ ਡਿਗ ਪਿਆ' 'ਮੈਂ ਆਵਾਂਗਾ' ਵਿਚ 'ਸਤਿੰਦਰ', 'ਕੋਠਾ', 'ਮੈਂ' ਉਦੇਸ਼ ਹਨ।

ਜੋ ਕੁੱਝ 'ਉਦੇਸ਼' ਬਾਰੇ ਕਿਹਾ ਜਾਵੇ, ਉਹ **ਵਿਧੇਅ** ਕਹਾਉਂਦਾ ਹੈ। 'ਜਾਵੇਗਾ', 'ਡਿਗ ਪਿਆ', 'ਆਵਾਂਗਾ', 'ਵਿਧੇਅ' ਹਨ। ਪਰ ਇਹ 'ਉਦੇਸ਼' ਤੇ ਵਿਧੇਅ ਦੇ ਛੋਟੇ-ਤੋਂ-ਛੋਟੇ ਉਦਾਹਰਨ ਹਨ 'ਉਦੇਸ਼', 'ਵਿਧੇਅ' ਦੋਵੇਂ ਕਾਫੀ ਲੰਮੇ ਵੀ ਹੋ ਸਕਦੇ ਹਨ। ਹੇਠਾਂ ਕੁੱਝ ਵਾਕਾਂ ਦੇ 'ਉਦੇਸ਼' ਤੇ 'ਵਿਧੇਅ' ਵੱਖ-ਵੱਖ ਕਰ ਕੇ ਵਿਖਾਏ ਗਏ ਹਨ :

ਉੱਦੇਸ਼	**ਵਿਧੇਅ**
ਤਹਾਡਾ ਭਰਾ	ਕੱਲ੍ਹ ਮੈਨੂੰ ਮਿਲਿਆ ਸੀ।
ਨੀਲੀ ਪੱਗ ਵਾਲਾ ਮੁੰਡਾ	ਤੁਹਾਡੀ ਕਿਤਾਬ ਮੈਥੋਂ ਲੈ ਗਿਆ ਹੈ।
ਇਸ ਪਿੰਡ ਦੇ ਸਾਰੇ ਲੋਕ	ਅੱਜ ਮੇਲਾ ਵੇਖਣ ਗਏ ਹੋਏ ਹਨ।
ਸਾਡੀ ਜਮਾਤ ਦੇ ਦੋਂਹ ਮੁੰਡਿਆਂ ਨੂੰ	ਇਨਾਮ ਮਿਲੇ।

ਪਹਿਲਾ ਅਭਿਆਸ

ਨੋਟ : ਹੇਠ ਲਿਖੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖਾਲੀ ਛਡੀਆਂ ਥਾਵਾਂ ਉੱਤੇ ਦੇਣੇ ਹਨ। ਸਵਾਲਾਂ ਦੇ ਜਵਾਬ ਅਖ਼ੀਰ ਵਿਚ ਦਿੱਤੇ ਹੋਏ ਹਨ ਪਰ ਤੁਸੀ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀ ਵੇਖਣਾ।

1 ਵਾਕ ਕਿਸ ਨੂੰ ਕਹਿੰਦੇ ਹਨ ?

---

2 ਹੇਠ-ਲਿਖੇ ਵਾਕਾਂ ਵਿਚੋਂ ਉੱਦੇਸ਼ ਤੇ ਵਿਧੇਅ ਵੱਖ-ਵੱਖ ਕਰੋ :
ਸਾਡੇ ਸਕੂਲ ਦੀ ਟੀਮ ਮੈਚ ਜਿੱਤ ਗਈ।
ਲੋਕ ਘਰਾਂ ਦੀਆਂ ਛੱਤਾਂ ਤੇ ਚੜ੍ਹ ਗਏ।
ਗ੍ਰਾਉਂਡ ਵਿਚ ਖੜੇ ਵਿਦਿਆਰਥੀ ਮੀਂਹ ਨਾਲ ਭਿੱਜ ਗਏ।

3.4 ਉਪਵਾਕ ਤੇ ਵਾਕਾਂਸ਼

ਵਿਆਕਰਨਿਕ ਵਿਸ਼ਲੇਸ਼ਣ ਦੇ ਪੱਖ ਤੋਂ ਅਸਾਂ ਵਾਕ ਨੂੰ ਭਾਸ਼ਾ ਦੀ ਵੱਡੀ-ਤੋਂ-ਵੱਡੀ ਇਕਾਈ ਮੰਨਿਆ ਹੈ। ਛੋਟੀਆਂ ਸਾਰਥਕ ਇਕਾਈਆਂ ਸ਼ਬਦ ਅਗੇਤਰ ਤੇ ਪਿਛੇਤਰ ਹਨ। ਵਾਕ ਤੇ ਸ਼ਬਦ ਦੇ ਵਿਚਾਲੇ ਭਾਸ਼ਾ ਦੀਆਂ ਦੋ ਹੋਰ ਸਾਰਥਕ ਇਕਾਈਆਂ ਹਨ, ਜਿਨ੍ਹਾਂ ਨੂੰ ਉਪਵਾਕ ਤੇ ਵਾਕਾਂਸ਼ ਕਿਹਾ ਜਾਂਦਾ ਹੈ। ਇਹ ਵਾਕ ਦੇ ਹਿੱਸੇ ਹੁੰਦੇ ਹਨ, ਸੁਤੰਤਰ ਵਾਕ ਨਹੀਂ ਹੁੰਦੇ, ਪਰ ਇਹ ਬੜੀਆਂ ਮਹੱਤਵਪੂਰਨ ਭਾਸ਼ਾਈ ਇਕਾਈਆਂ ਹਨ। ਅੱਗੇ ਇਨ੍ਹਾਂ ਬਾਰੇ ਸੰਖਿਪਤ ਜਾਣਕਾਰੀ ਕਰਵਾਈ ਗਈ ਹੈ।

3.4.1 ਉਪਵਾਕ

ਉਪਵਾਕ ਵਾਕ ਦਾ ਉਹ ਹਿੱਸਾ ਹੈ ਜੋ ਖੁਦ ਵਾਕ ਵਰਗਾ ਹੁੰਦਾ ਹੈ। ਜੇ ਵਾਕ ਨੂੰ ਤੋੜ ਕੇ ਇਸ ਦੇ ਹਿੱਸੇ ਵੱਖ-ਵੱਖ ਕਰਕੇ ਲਿਖੇ ਜਾਣ ਤਾਂ ਇਹ ਸੁਤੰਤਰ ਵਾਕ ਬਣ ਜਾਦੇ ਹਨ। 'ਕੱਲ੍ਹ' ਸਾਰਾ ਦਿਨ ਮੀਂਹ ਵਰ੍ਹਦਾ ਰਿਹਾ, ਇਸ ਲਈ ਮੈਂ ਕਾਲਜ ਨਾ ਜਾ ਸਕਿਆ। 'ਇਸ ਵਾਕ ਦੇ ਸਪਸ਼ਟ ਹੀ ਦੋ ਹਿੱਸੇ ਹਨ : 'ਕੱਲ੍ਹ ਸਾਰਾ ਦਿਨ ਮੀਂਹ ਵਰ੍ਹਦਾ ਰਿਹਾ' ਅਤੇ 'ਮੈਂ ਕਾਲਜ ਨਾ ਜਾ ਸਕਿਆ।' 'ਇਸ ਲਈ ' ਇਨ੍ਹਾਂ ਦੋਂਹ ਹਿੱਸਿਆਂ ਨੂੰ ਜੋੜਨ ਵਾਲਾ ਅੰਸ਼ ਹੈ। ਇਹ ਦੋਵੇਂ ਹਿੱਸੇ ਉਪਰੋਕਤ ਵਾਕ (ਕਲ੍ਹ ਸਾਰਾ ਦਿਨ ਮੀਂਹ ਵਰ੍ਹਦਾ ਰਿਹਾ, ਇਸ ਲਈ ਮੈਂ ਕਾਲਜ ਨਾ ਜਾ ਸਕਿਆ) ਦੇ **ਉਪਵਾਕ** ਹਨ; ਕਿਉਂਕਿ ਇਹ ਵਾਕ ਵਰਗੀਆਂ–ਭਾਸ਼ਾਈ ਇਕਾਈਆਂ ਹਨ ਅਥਵਾ ਇਨ੍ਹਾਂ ਨੂੰ ਵੱਖ ਕਰਕੇ ਸੁਤੰਤਰ ਵਾਕ ਬਣਾਏ ਜਾ ਸਕਦੇ ਹਨ।

ਕੁੱਝ ਹਾਲਤਾਂ ਵਿਚ ਉਪਵਾਕ ਏਨੇ ਸਪਸ਼ਟ ਨਹੀ ਹੁੰਦੇ। 'ਜਿਹੜੀ ਕਿਤਾਬ ਤੁਸਾਂ ਮੈਨੂੰ ਦਿੱਤੀ ਸੀ, ਮੈਂ ਪੜ੍ਹ ਲਈ ਹੈ', ਵਾਕ ਦਾ ਪਹਿਲਾ ਉਪਵਾਕ (ਕਿਤਾਬ ਤੁਸਾਂ ਮੈਨੂੰ ਦਿੱਤੀ ਸੀ) ਤਾਂ ਸਪਸ਼ਟ ਹੈ, ਪਰ ਦੂਜਾ ਉਪਵਾਕ (ਮੈਂ ਪੜ੍ਹ ਲਈ ਹੈ) ਪੂਰਾ ਉਪਵਾਕ ਨਹੀਂ ਜਾਪਦਾ, ਕਿਉਂਕਿ ਇਸ ਤੋਂ ਇਹ ਪਤਾ ਤਾਂ ਨਹੀਂ ਲਗਦਾ ਕਿ 'ਕੀ ਪੜ੍ਹ ਲਈ ਹੈ।' ਪੂਰਾ ਉਪਵਾਕ ਹੋਵੇਗਾ, 'ਮੈਂ ਉਹ ਕਿਤਾਬ ਪੜ੍ਹ ਲਈ ਹੈ।' ਪਰ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਕਿਸੇ ਵਾਕ ਦੇ ਸਾਰੇ ਉਪਵਾਕ ਉਸੇ ਰੂਪ ਵਿਚ ਸੁਤੰਤਰ ਵਾਕ ਨਹੀਂ ਬਣ ਸਕਦੇ; ਹਾਂ ਦਿੱਤੀ ਹੋਈ ਸਥਿਤੀ ਵਿਚ, ਉਪਵਾਕ ਦੇ ਰੂਪ ਵਿਚ ਉਨ੍ਹਾਂ ਦੇ ਅਰਥ ਸਪਸ਼ਟ ਹੁੰਦੇ ਹਨ। ਉਪਰੋਕਤ ਵਾਕ (ਜਿਹੜੀ ਕਿਤਾਬ ਤੁਸਾਂ ਮੈਨੂੰ ਦਿੱਤੀ ਸੀ, ਮੈਂ ਪੜ੍ਹ ਲਈ ਹੈ) ਦੇ ਅਰਥ ਸਮਝਣ ਵਿਚ ਕੋਈ ਦਿੱਕਤ ਨਹੀ ਹੁੰਦੀ। ਪਰ ਜੇ ਇਸ ਦੇ ਉਪਵਾਕ ਵੱਖ-ਵੱਖ ਕੀਤੇ ਜਾਣ ਤਾਂ ਕਿਸੇ ਥਾਂ ਕੁੱਝ ਜੋੜਨ ਦੀ ਲੋੜ ਪਵੇਗੀ।

ਉਪਵਾਕ ਦੇ ਦੋ ਲੱਛਣ ਯਾਦ ਰੱਖਣ ਵਾਲੇ ਹਨ। ਇਹ ਵਾਕ ਵਰਗੀ ਇਕਾਈ ਹੁੰਦੀ ਹੈ, ਅਤੇ ਇਸ ਵਿਚ 'ਉਦੇਸ਼' ਤੇ 'ਵਿਧੇਅ' ਦੋਵੇਂ ਮੌਜੂਦ ਹੁੰਦੇ ਹਨ।

3.4.2 ਵਾਕਾਂਸ਼

ਵਾਕਾਂਸ਼ ਸ਼ਬਦਾਂ ਦੇ ਅਜਿਹੇ ਸਮੂਹ ਨੂੰ ਕਿਹਾ ਜਾਂਦਾ ਹੈ ਜੋ ਵਾਕ ਨਹੀਂ, ਸਗੋਂ ਵਾਕ ਦਾ ਹਿੱਸਾ ਹੋਵੇ, ਪਰ ਇਸ ਦੇ ਸਪਸ਼ਟ ਅਰਥ ਨਿਕਲਦੇ ਹੋਣ। 'ਸਾਡੇ ਸਕੂਲ ਦੀ ਹਾਕੀ ਟੀਮ, ਕਈ ਟੂਰਨਾਮੈਂਟ ਜਿੱਤ ਚੁੱਕੀ ਹੈ' ਵਾਕ ਵਿਚ ਦੋ ਵਾਕਾਂਸ਼ ਹਨ–'ਸਾਡੇ ਸਕੂਲ ਦੀ ਹਾਕੀ ਟੀਮ', ਅਤੇ 'ਕਈ ਟੂਰਨਾਮੈਂਟ'। ਨੋਟ ਕੀਤਾ ਜਾਵੇ ਕਿ 'ਸਾਡੇ ਸਕੂਲ ਦੀ ਹਾਕੀ ਟੀਮ' ਉਪਵਾਕ ਨਹੀਂ ਹੋ ਸਕਦਾ, ਕਿਉਂਕਿ ਇਹ ਸਿਰਫ਼ 'ਉਦੇਸ਼' ਹੈ, ਇਸ ਵਿਚ 'ਵਿਧੇਅ' ਨਹੀਂ ਆਇਆ। ਉਪਵਾਕ ਵਿਚ 'ਉੱਦੇਸ਼' ਤੇ 'ਵਿਧੇਅ' ਦੋਵੇਂ ਹੁੰਦੇ ਹਨ। ਫੇਰ, ਇਸ ਵਿਚ ਕੋਈ ਕਿਰਿਆ ਨਹੀਂ। ਉਪਵਾਕ ਵਿਚ ਕਿਰਿਆ ਅਵੱਸ਼ ਹੁੰਦੀ ਹੈ। ਪਰ ਇਹ ਸਾਰਥਕ ਸ਼ਬਦ-ਸਮੂਹ ਹੈ–ਇਸ ਦੇ ਅਰਥ ਸਪਸ਼ਟ ਹਨ, ਇਸ ਲਈ ਇਹ **ਵਾਕਾਂਸ਼** ਹੈ। ਯਾਦ ਰਹੇ ਇਕ ਵਾਕਾਂਸ਼ ਵਿਚ ਦੂਜਾ ਵਾਕਾਂਸ਼ ਵੀ ਆ ਸਕਦਾ ਹੈ। ਇਸ ਵਾਕਾਂਸ਼ ਵਿਚ 'ਹਾਕੀ ਟੀਮ' ਵੀ ਵਾਕਾਂਸ਼ ਹੈ, ਅੱਤੇ ਸਕੂਲ ਦੀ ਹਾਕੀ ਟੀਮ' ਵੀ ਕਿਉਂਕਿ ਇਨ੍ਹਾਂ ਦੇ ਅਰਥ ਸਪਸ਼ਟ ਹਨ।

ਵਾਕਾਂਸ਼ ਸ਼ਬਦਾਂ ਵਰਗੀ ਭਾਸ਼ਾਈ ਇਕਾਈ ਹੁੰਦੀ ਹੈ। ਸਾਰੇ ਵਾਕਾਂਸ਼ ਦੀ ਥਾਂ ਇਕ ਸ਼ਬਦ ਰੱਖ ਦੇਈਏ ਤਾਂ ਵੀ ਵਾਕ ਪੂਰਾ ਹੋ ਜਾਂਦਾ ਹੈ। ਉਪਰੋਕਤ ਵਾਕਾਂਸ਼ ਦੀ ਥਾਂ ਜੇ ਇਕ ਸ਼ਬਦ 'ਟੀਮ' ਰੱਖ ਦੇਈਏ, ਤਾਂ ਵੀ ਵਾਕ ਮੁਕੰਮਲ ਹੋ ਜਾਂਦਾ ਹੈ–'ਟੀਮ ਕਈ ਟੂਰਨਾਮੈਂਟ ਜਿੱਤ ਚੁੱਕੀ ਹੈ।' 'ਇਸ ਪਿੰਡ ਦੇ ਸਾਰੇ ਲੋਕ ਅੱਜ ਮੇਲਾ ਵੇਖਣ ਗਏ ਹਨ' ਵਿਚ 'ਇਸ ਪਿੰਡ ਦੇ ਸਾਰੇ ਲੋਕ' ਵਾਕਾਂਸ਼ ਹੈ। ਇਸ ਸਾਰੇ ਵਾਕਾਂਸ਼ ਦੀ ਥਾਂ ਕੋਈ ਇਕ ਸ਼ਬਦ ਰੱਖ ਕੇ ਵੀ ਵਾਕ ਪੂਰਾ ਹੋ ਸਕਦਾ ਹੈ 'ਲੋਕ ਮੇਲਾ ਵੇਖਣ ਗਏ ਹਨ', 'ਮੁੰਡੇ ਮੇਲਾ ਵੇਖਣ ਗਏ ਹਨ', 'ਉਹ ਮੇਲਾ ਵੇਖਣ ਗਏ ਹਨ' ਆਦਿ ਕੁੱਝ ਉਦਾਹਰਣ ਹਨ।

ਹਰ ਸ਼ਬਦ-ਸਮੂਹ ਵਾਕਾਂਸ਼ ਨਹੀ ਹੁੰਦਾ। ਕਿਸੇ ਸ਼ਬਦ-ਸਮੂਹ ਨੂੰ ਵਾਕਾਂਸ਼ ਤਾਂ ਹੀ ਮੰਨ ਸਕਦੇ ਹਾਂ, ਜੇ ਉਹ ਸਾਰਥਕ ਹੋਵੇ, ਮੁਕੰਮਲ ਹੋਵੇ ਅਤੇ ਸੰਬੰਧਿਤ ਭਾਸ਼ਾ ਦੇ ਨਿਯਮਾਂ ਅਨੁਸਾਰ ਹੋਵੇ। 'ਇਸ ਪਿੰਡ ਦੇ ਸਾਰੇ ਲੋਕ' ਵਾਕਾਂਸ਼ ਹੈ। 'ਸਾਰੇ ਲੋਕ', 'ਪਿੰਡ ਦੇ ਸਾਰੇ ਲੋਕ', ਵੀ ਵਾਕਾਂਸ਼ ਹਨ। ਪਰ 'ਪਿੰਡ ਦੇ ਸਾਰੇ', 'ਦੇ ਸਾਰੇ ਲੋਕ' 'ਇਸ ਪਿੰਡ ਦੇ ਸਾਰੇ' ਵਾਕਾਂਸ਼ ਨਹੀਂ, ਕਿਉਂਕਿ ਇਹ ਮੁਕੰਮਲ ਨਹੀਂ ਅਤੇ ਸਪਸ਼ਟ ਅਰਥ ਨਹੀਂ ਦਰਸਾਉਂਦੇ।

ਉਪਵਾਕ ਤੇ ਵਾਕਾਂਸ਼ ਵਿਚ ਦੋ ਮੁੱਖ ਅੰਤਰ ਹਨ। ਪਹਿਲਾ, ਉਪਵਾਕ ਵਾਕ ਵਰਗੀ ਭਾਸ਼ਾਈ ਇਕਾਈ ਹੈ, ਅਤੇ ਵਾਕਾਂਸ਼ ਸ਼ਬਦ ਵਰਗੀ। ਦੂਜਾ, ਉਪਵਾਕ ਵਿਚ 'ਉੱਦੇਸ਼' ਤੇ 'ਵਿਧੇਅ' ਦੋਵੇਂ ਹੁੰਦੇ ਹਨ, ਵਾਕਾਂਸ਼ ਵਿਚ ਇਹ ਦੋਵੇਂ ਇਕੱਠੇ ਨਹੀਂ ਆਉਂਦੇ।

ਉਪਵਾਕ ਤੇ ਵਾਕਾਂਸ਼ ਦੀਆਂ ਕਈ ਸ਼੍ਰੇਣੀਆਂ ਬਣਦੀਆਂ ਹਨ, ਪਰ ਇਸ ਪਾਠ ਵਿਚ ਵਧੇਰੇ ਵਿਸਤਾਰ ਵਿਚ ਜਾਣ ਦੀ ਗੁੰਜਾਇਸ਼ ਨਹੀਂ।

ਦੂਜਾ ਅਭਿਆਸ

ਨੋਟ: ਹੇਠ-ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਦੇਣੇ ਹਨ। ਸਵਾਲਾਂ ਦੇ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਇਸ ਵਾਕ ਦੇ ਉਪਵਾਕ ਵੱਖ-ਵੱਖ ਕਰੋ :
ਤੁਹਾਡੀਆਂ ਗੱਲਾਂ ਅਸਾਂ ਸੁਣ ਲਈਆਂ ਹਨ, ਹੁਣ ਸਾਡੀ ਵੀ ਸੁਣ ਲਓ ਤੇ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੋ।

---

2 ਉਪਵਾਕ ਤੇ ਵਾਕਾਂਸ਼ ਦਾ ਅੰਤਰ ਸਪਸ਼ਟ ਕਰੋ।

3.5 ਵਾਕ ਦੀ ਸ਼੍ਰੇਣੀ-ਵੰਡ

ਵਾਕ ਦੀ ਸ਼੍ਰੇਣੀ-ਵੰਡ ਕਈ ਵਿਧੀਆਂ ਨਾਲ ਕੀਤੀ ਜਾਂਦੀ ਹੈ, ਇਨ੍ਹਾਂ ਵਿਚੋਂ ਵਿਦਿਆਰਥੀਆਂ ਦੀ ਲੋੜ ਅਨੁਸਾਰ, ਦੋ ਵਿਧੀਆਂ ਪ੍ਰਸਿੱਧ ਹਨ :

ਪਹਿਲੀ ਬਣਤਰ ਦੇ ਆਧਾਰ ਉੱਤੇ ਅਤੇ ਦੂਜੀ ਅਰਥਾਂ ਦੇ ਆਧਾਰ ਉੱਤੇ।

ਹੁਣ ਅਸੀ ਇਨ੍ਹਾਂ ਦੋਹਾਂ ਦੀਆਂ ਵੰਡਾਂ ਦਾ ਸੰਖਿਪਤ ਵੇਰਵਾ ਦਿਆਂਗੇ :

3.5.1 ਬਣਤਰ ਦੇ ਆਧਾਰ ਉੱਤੇ ਵਾਕ-ਵੰਡ

ਬਣਤਰ ਅਥਵਾ ਵਾਕ-ਸਿਰਜਣਾ ਦੇ ਪੱਖ ਤੋਂ ਵਾਕ ਦੀਆਂ ਦੋ ਮੁੱਖ ਸ਼੍ਰੇਣੀਆਂ ਹਨ। ਜਿਹੜੇ ਵਾਕ ਵਿਚ ਸਿਰਫ਼ ਉਪਵਾਕ ਹੋਵੇ ਉਸ ਨੂੰ **ਇਕਹਿਰਾ ਵਾਕ** ਜਾਂ ਸਧਾਰਨ ਵਾਕ ਕਿਹਾ ਜਾਂਦਾ ਹੈ। 'ਮੈਂ ਇਹ ਕਿਤਾਬ ਪੜ੍ਹ ਲਈ ਹੈ', 'ਤੁਸੀਂ ਕਦੋਂ ਤਕ ਵਾਪਸ ਮੁੜੋਗੇ?', 'ਸਾਡੀਆਂ ਗੱਲਾਂ ਦਾ ਤੁਹਾਡੇ ਉੱਤੇ ਕੋਈ ਅਸਰ ਨਾ ਹੋਇਆ' ਸਾਰੇ ਹੀ ਇਕਹਿਰੇ ਵਾਕ ਹਨ, ਕਿਉਂਕਿ 'ਇਨ੍ਹਾਂ ਵਿਚ ਇੱਕੋ ਹੀ ਉਪਵਾਕ ਆਇਆ ਹੈ। ਜਿਸ ਵਾਕ ਵਿਚ ਇੱਕ ਤੋਂ ਵਧੇਰੇ ਉਪਵਾਕ ਹੋਣ ਉਸ ਨੂੰ ਗੰਢਵਾਂ ਵਾਕ ਆਖਦੇ ਹਨ। ਗੰਢਵੇਂ ਵਾਕ ਦੀਆਂ ਅੱਗੇ ਦੋ ਸ਼੍ਰੇਣੀਆਂ ਹਨ। ਜੇ ਗੰਢਵੇਂ ਵਾਕ ਦੇ ਸਾਰੇ ਉਪਵਾਕ ਬਰਾਬਰ

ਦੇ ਹੋਣ, ਕੋਈ ਉਪਵਾਕ ਕਿਸੇ ਦੂਜੇ ਉਪਵਾਕ ਦੇ ਅਧੀਨ ਨਾ ਹੋਵੇ, ਉਸ ਨੂੰ ਸੰਜੁਗਤ ਵਾਕ (compound sentence) ਕਿਹਾ ਜਾਂਦਾ ਹੈ। 'ਮੀਂਹ ਵਰ੍ਹਦਾ ਰਿਹਾ, ਪਰ ਮੈਚ ਜਾਰੀ ਰਿਹਾ', 'ਕਮੇਟੀ ਦੇ ਸਾਰੇ ਮੈਂਬਰ ਸਮੇਂ ਸਿਰ ਪੁੱਜ ਗਏ ਸਨ, ਪ੍ਰਧਾਨ ਜੀ ਵੀ ਆ ਗਏ ਸਨ, ਪਰ ਮੀਟਿੰਗ ਵਾਲੇ ਕਮਰੇ ਵਿਚ ਅਜੇ ਕੁਰਸੀਆਂ ਨਹੀਂ ਸਨ ਰੱਖੀਆਂ ਗਈਆਂ।' ਇਹ ਦੋਵੇਂ ਸੰਜੁਗਤ ਵਾਕ ਹਨ। ਵੇਖਿਆ ਜਾਵੇ ਇਨ੍ਹਾਂ ਨੂੰ ਤੋੜ ਕੇ ਵੱਖ-ਵੱਖ ਹਿੱਸਿਆਂ (ਉਪਵਾਕਾਂ) ਦੇ ਸੁਤੰਤਰ ਵਾਕ ਬਣਾਏ ਜਾ ਸਕਦੇ ਹਨ : 'ਮੀਂਹ ਵਰ੍ਹਦਾ ਰਿਹਾ', 'ਮੈਚ ਜਾਰੀ ਰਿਹਾ' ਆਦਿ। ਹੁਣ ਅਗਲੇ ਵਾਕ ਨੂੰ ਵਿਚਾਰਿਆ ਜਾਵੇ : 'ਜੇ ਤੁਸੀਂ ਗਏ, ਤਾਂ ਮੈਂ ਵੀ ਜਾਵਾਂਗਾ'। ਇਸ ਵਿਚ ਆਇਆ ਉਪਵਾਕ 'ਮੈਂ ਵੀ ਜਾਵਾਂਗਾ' ਤਾਂ ਸੁਤੰਤਰ ਹੈ, ਕਿਸੇ ਹੋਰ ਉਪਵਾਕ ਉੱਤੇ ਆਧਾਰਿਤ ਨਹੀਂ, ਇਸ ਨੂੰ ਪ੍ਰਧਾਨ ਉਪਵਾਕ ਕਿਹਾ ਜਾਂਦਾ ਹੈ। ਪਰ ਦੂਜਾ ਉਪਵਾਕ 'ਜੇ ਤੁਸੀਂ ਗਏ' ਆਪਣੇ-ਆਪ ਵਿਚ ਸੁਤੰਤਰ ਨਹੀਂ, ਪ੍ਰਧਾਨ ਉਪਵਾਕ ਦੇ ਆਸਰੇ ਤੋਂ ਬਿਨਾਂ ਇਸ ਦੇ ਅਰਥ ਸਪਸ਼ਟ ਨਹੀਂ ਹੁੰਦੇ। ਅਜਿਹੇ ਉਪਵਾਕ ਨੂੰ 'ਅਧੀਨ ਉਪਵਾਕ' ਆਖਦੇ ਹਨ। ਜਿਹੜੇ ਵਾਕ ਵਿਚ ਪ੍ਰਧਾਨ ਉਪਵਾਕ ਦੇ ਨਾਲ ਇਕ ਜਾਂ ਵਧੇਰੇ ਅਧੀਨ ਉਪਵਾਕ ਆ ਜਾਣ ਉਸ ਵਾਕ ਨੂੰ ਮਿਸ਼ਰਿਤ ਵਾਕ (complex sentence) ਆਖਿਆ ਜਾਂਦਾ ਹੈ। 'ਭਾਵੇਂ ਮੀਂਹ ਵਰ੍ਹੇ, ਭਾਵੇਂ ਹਨੇਰੀ ਆਵੇ, ਅਸੀਂ ਜ਼ਰੂਰ ਪਹੁੰਚਾਂਗੇ', 'ਉਹ ਸ਼ਰਾਬ ਵੀ ਪੀਂਦਾ ਸੀ, ਅਫੀਮ ਵੀ ਖਾਂਦਾ ਸੀ। ਇਸ ਲਈ ਉਸ ਦੀ ਸਿਹਤ ਛੇਤੀ ਹੀ ਖ਼ਰਾਬ ਹੋ ਗਈ।' ਇਹ ਦੋਵੇਂ ਮਿਸ਼ਰਿਤ ਵਾਕ ਹਨ। ਪਹਿਲੇ ਵਾਕ ਵਿਚ, 'ਅਸੀਂ ਜ਼ਰੂਰ ਪਹੁੰਚਾਂਗੇ' ਪ੍ਰਧਾਨ ਉਪਵਾਕ ਹੈ, ਅਤੇ ਦੋ ਅਧੀਨ ਉਪਵਾਕ ਹਨ–'ਭਾਵੇਂ ਮੀਂਹ ਵਰ੍ਹੇ', 'ਭਾਵੇਂ ਹਨੇਰੀ ਆਵੇ।' ਦੂਜੇ ਵਾਕ ਵਿਚ ਅਧੀਨ ਉਪਵਾਕ ਹਨ ਇਕ ਹੈ - 'ਇਸ ਲਈ ਉਸ ਦੀ ਸਿਹਤ ਛੇਤੀ ਖ਼ਰਾਬ ਹੋ ਗਈ।' ਦੂਜੇ ਦੋਵੇਂ ਉਪਵਾਕ ('ਉਹ ਸ਼ਰਾਬ ਪੀਂਦਾ ਸੀ', ਅਤੇ '(ਉਹ) ਅਫੀਮ ਵੀ ਖਾਂਦਾ ਸੀ') ਬਰਾਬਰ ਦੇ ਹਨ ਤੇ ਸੁਤੰਤਰ ਹਨ। ਇਨ੍ਹਾਂ ਦੋਹਾਂ ਨੂੰ ਪ੍ਰਧਾਨ ਉਪਵਾਕ ਮੰਨਿਆ ਜਾਵੇਗਾ। ਸੋ ਕਿਸੇ ਮਿਸ਼ਰਿਤ ਵਾਕ ਵਿਚ ਇੱਕ ਤੋਂ ਵਧੇਰੇ ਅਧੀਨ ਉਪਵਾਕ ਵੀ ਹੋ ਸਕਦੇ ਹਨ, ਅਤੇ ਇੱਕ ਤੋਂ ਜ਼ਿਆਦਾ ਪ੍ਰਧਾਨ ਉਪਵਾਕ ਵੀ ਆ ਸਕਦੇ ਹਨ। ਆਮ ਤੌਰ ਉੱਤੇ ਬਣਤਰ ਦੇ ਪੱਖ ਤੋਂ ਵਾਕ ਦੀਆਂ ਤਿੰਨ ਸ਼੍ਰੇਣੀਆਂ ਹੀ ਮੰਨੀਆਂ ਜਾਂਦੀਆਂ ਹਨ - ਸਧਾਰਨ ਵਾਕ, ਸੰਜੁਗਤ ਵਾਕ, ਅਤੇ ਮਿਸ਼ਰਿਤ ਵਾਕ। ਇਕਹਿਰੇ ਤੇ ਗੁੰਝਵੇਂ ਵਾਕ ਵਾਲੀਆਂ ਸ਼੍ਰੇਣੀਆਂ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ।

3.5.2 ਅਰਥਾਂ ਦੇ ਆਧਾਰ ਉੱਤੇ ਵਾਕ-ਵੰਡ

ਅਰਥਾਂ ਦੇ ਆਧਾਰ ਉੱਤੇ ਵੀ ਵਾਕਾਂ ਦੀਆਂ ਕੁੱਝ ਸ਼੍ਰੇਣੀਆਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਦਾ ਸੰਖੇਪ ਵੇਰਵਾ ਅੱਗੇ ਦਿੱਤਾ ਗਿਆ ਹੈ।

ੳ) ਬਿਆਨਿਆ ਵਾਕ ਉਹ ਵਾਕ ਹੈ ਜਿਸ ਵਿੱਚ ਕੁੱਝ ਹੋਣ, ਕੀਤੇ ਜਾਣ ਜਾਂ ਵਾਪਰਨ ਬਾਰੇ ਦੱਸਿਆ ਗਿਆ ਹੋਵੇ:
ਰਾਮ ਸਿੰਘ ਚਲਾ ਗਿਆ ਹੈ।
ਅਸੀਂ ਇੱਥੇ ਨਹੀਂ ਸਾਂ।
ਸਭ ਲੋਕ ਖੁਸ਼ ਹਨ।

ਅ) **ਨਾਂਹਵਾਚੀ ਵਾਕ** ਵਿੱਚੋਂ ਕੁੱਝ ਨਾ ਹੋਣ, ਨਾ ਕੀਤੇ ਜਾਣ ਜਾਂ ਨਾ ਵਾਪਰਨ ਦਾ ਪਤਾ ਲੱਗਦਾ ਹੈ।
ਰਾਮ ਸਿੰਘ ਨਹੀਂ ਗਿਆ।
ਅਸੀਂ ਇਥੇ ਨਹੀਂ ਸਾਂ।
ਲੋਕ ਕੁਝ ਨਾ ਕਰ ਸਕੇ।

ੲ) **ਆਗਿਆ ਬੋਧਕ ਵਾਕ** ਅਜਿਹੇ ਵਾਕ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਕੋਈ ਹੁਕਮ ਦਿੱਤਾ ਗਿਆ ਹੋਵੇ, ਅਥਵਾ ਆਗਿਆ ਕੀਤੀ ਗਈ ਹੋਵੇ :
ਹੁਣੇ ਚਲੇ ਜਾਓ।
ਇਥੇ ਨਾ ਬੈਠੋ।
ਤੁਸੀਂ ਮੇਰੀ ਗੱਲ ਮੰਨੋ।

ਬੇਨਤੀ ਜਾਂ ਗੁਜ਼ਾਰਸ਼ ਵਾਲੇ ਵਾਕ ਵੀ ਏਸੇ ਸ਼੍ਰੇਣੀ ਵਿਚ ਆਉਂਦੇ ਹਨ :
ਸਾਨੂੰ ਇਹ ਸਵਾਲ ਸਮਝਾਉਣ ਦੀ ਕਿਰਪਾ ਕਰੋ।
ਸਾਡੀ ਬੇਨਤੀ ਪ੍ਰਵਾਨ ਕਰੋ।

ਸ) **ਪ੍ਰਸ਼ਨਵਾਚਕ** ਜਾਂ **ਪ੍ਰਸ਼ਨਬੋਧਕ ਵਾਕ** ਵਿਚ ਕੁੱਝ ਪੁੱਛਿਆ ਜਾਂਦਾ ਹੈ, ਅਥਵਾ ਕੋਈ ਸਵਾਲ ਕੀਤਾ ਜਾਂਦਾ ਹੈ :
ਤੁਸੀਂ ਕਦੋਂ ਮੁੜੋਗੇ?
ਅੱਜ ਕੀ ਦਿਨ ਹੈ?
ਤੁਹਾਡਾ ਭਰਾ ਕਿੱਥੇ ਰਹਿੰਦਾ ਹੈ?

ਕੁਝ ਵਾਕ ਅਜਿਹੇ ਹੁੰਦੇ ਹਨ ਜੋ ਉਪਰੀ ਨਜ਼ਰ ਨਾਲ ਵੇਖਿਆ ਪ੍ਰਸ਼ਨ ਬੋਧਕ ਜਾਪਦੇ ਹਨ, ਪਰ ਵਾਸਤਵ ਵਿਚ ਪ੍ਰਸ਼ਨਬੋਧਕ ਨਹੀਂ ਹੁੰਦੇ :
ਹੈਂ, ਇਹ ਕੀ ਹੋ ਗਿਆ!
ਪਰਮਾਤਮਾ ਨੇ ਸਾਨੂੰ ਇਸ ਬਿਪਤਾ ਵਿਚ ਕਿਉਂ ਪਾਇਆ!
ਰੱਬਾ, ਉਹਦੇ ਥਾਂ ਮੈਂ ਕਿਉਂ ਨਾ ਮਰ ਗਈ!

ਇਹ ਵਾਕ ਵੇਖਣ ਵਿਚ ਪ੍ਰਸ਼ਨਬੋਧਕ ਜਾਪਦੇ ਹਨ, ਪਰ ਇਹ ਸਾਰੇ ਹੀ ਹੇਠਾਂ ਦਿੱਤੀ **ਵਿਸਮਿਕ ਵਾਕ** ਵਿਚ ਆਉਂਦੇ ਹਨ।

ਪ੍ਰਸ਼ਨਵਾਚਕ ਵਾਕ ਅਜਿਹਾ ਵਾਕ ਹੁੰਦਾ ਹੈ, ਜਿਸਦੇ ਉੱਤਰ ਦੀ ਉਡੀਕ ਕੀਤੀ ਜਾਵੇ। ਜਿਸ ਵਾਕ ਦਾ ਕੋਈ ਉੱਤਰ (ਜਵਾਬ) ਨਹੀਂ ਮਿਲਨਾ, ਉਹ ਪ੍ਰਸ਼ਨਬੋਧਕ ਨਹੀਂ ਮੰਨਿਆ ਜਾਂਦਾ।

ਹ) **ਵਿਸਮਿਕ ਵਾਕ** ਉਹ ਹਨ ਜਿਨ੍ਹਾਂ ਵਿਚ ਹੈਰਾਨੀ, ਅਚੰਭਾ, ਦੁੱਖ ਜਾਂ ਅਤਿਅੰਤ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੋਵੇ;
ਹੈਂ, ਇਹ ਕੀ ਹੋ ਗਿਆ !
ਬੱਲੇ-ਬੱਲੇ, ਕੈਸੀ ਸ਼ਾਨਦਾਰ ਇਮਾਰਤ ਹੈ!
ਰੱਬਾ, ਉਹਦੇ ਥਾਂ ਮੈਂ ਕਿਉਂ ਨਾ ਮਰ ਗਈ !
ਵਾਹਵਾ,ਤੁਸੀਂ ਵੀ ਆ ਗਏ !

ਵਿਸਮਿਕ ਵਾਕਾਂ ਦੇ ਅੰਤ ਵਿਚ ਵਿਸਮਿਕ ਚਿੰਨ੍ਹ (!) ਲਾਇਆ ਜਾਂਦਾ ਹੈ।

ਕ) ਸੰਦੇਹਸੂਚਕ (ਸ਼ੱਕੀ) ਵਾਕ ਵਿਚੋਂ ਸੰਦੇਹ ਜਾਂ ਸ਼ੱਕ ਦੀ ਸੂਚਨਾ ਮਿਲਦੀ ਹੈ :
ਖ਼ਬਰੇ ਬੱਚੇ ਅਜੇ ਸਕੂਲ ਵਿਚ ਹੀ ਹੋਣ।
ਸ਼ਾਇਦ ਅਸੀਂ ਭਲਕੇ ਆਈਏ।
ਸੁਰਜੀਤ ਨੇ ਤੁਹਾਨੂੰ ਦੱਸਿਆ ਹੀ ਹੋਵੇਗਾ।

ਖ) **ਇੱਛਾਸੂਚਕ ਵਾਕ** ਉਹ ਹੁੰਦੇ ਹਨ ਜਿਨ੍ਹਾਂ ਵਿਚ ਕੋਈ ਇੱਛਾ ਖਾਹਿਸ਼, ਮਨੋਰਥ ਦਰਸਾਇਆ ਗਿਆ ਹੋਵੇ। ਅਸੀਸਾਂ, ਬਦਅਸੀਸਾਂ ਵੀ ਏਸੇ ਸ਼੍ਰੇਣੀ ਵਿਚ ਆਉਂਦੀਆ ਹਨ :
ਸਾਨੂੰ ਹੁਣੇ ਜਾਣਾ ਚਾਹੀਦਾ ਹੈ।
ਰੱਬ ਤੁਹਾਡਾ ਬੇੜਾ ਗ਼ਰਕ ਕਰੇ।
ਗੁਰੂ ਤੁਹਾਨੂੰ ਚੜ੍ਹਦੀਆਂ ਕਲਾਂ ਵਿਚ ਰੱਖੇ।

ਗ) **ਸ਼ਰਤੀਵਾਕ** ਉਹ ਵਾਕ ਹਨ ਜਿਨ੍ਹਾਂ ਵਿਚ ਕਿਸੇ ਪ੍ਰਕਾਰ ਦੀ ਸ਼ਰਤ ਦਾ ਸੰਕੇਤ ਮਿਲੇ :
ਜੇ ਉਹ ਮਿਹਨਤ ਕਰਦਾ ਤਾਂ ਪਾਸ ਹੋ ਜਾਂਦਾ।
ਸਮੇਂ ਸਿਰ ਮੀਂਹ ਵਰ੍ਹਦਾ ਤਾਂ ਜ਼ਰੂਰ ਚੰਗੀ ਫਸਲ ਹੁੰਦੀ।
ਤੁਸੀ ਸਦਦੇ ਤਾਂ ਅਸੀਂ ਆ ਜਾਂਦੇ।

ਸ਼ਰਤੀ ਵਾਕ ਇਕਹਿਰਾ ਨਹੀ ਹੁੰਦਾ, ਇਹ ਸਦਾ ਮਿਸ਼ਰਿਤ ਵਾਕ ਹੁੰਦਾ ਹੈ।

ਤੀਜਾ ਅਭਿਆਸ

ਨੋਟ: ਹੇਠ-ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖਾਲੀ-ਛਡੀਆਂ ਥਾਵਾਂ ਉੱਤੇ ਦੇਣੇ ਹਨ। ਸਵਾਲਾਂ ਦੇ ਜਵਾਬ ਅਖੀਰ ਵਿਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਬਣਤਰ ਦੇ ਆਧਾਰ ਉੱਤੇ ਹੇਠ ਲਿਖੇ ਵਾਕਾਂ ਨੂੰ ਕਿਹੜੀ-ਕਿਹੜੀ ਸ਼੍ਰੇਣੀ ਵਿਚ ਰੱਖੋਗੇ?
ਸਾਡਾ ਸਾਰਾ ਪਰਿਵਾਰ ਦਿਨ ਭਰ ਤੁਹਾਡੀ ਉਡੀਕ ਕਰਦਾ ਰਿਹਾ।
ਅਸੀ ਕਾਲਜ ਪੁੱਜੇ ਹੀ ਸਾਂ ਕਿ ਮੀਂਹ ਸ਼ੁਰੂ ਹੋ ਗਿਆ।
ਤੁਸਾਂ ਸਾਡੀ ਗੱਲ ਨਹੀ ਮੰਨਣੀ ਤੇ ਅੰਤ ਪਛਤਾਉਣਾ ਹੈ।

---

2 ਅਰਥਾਂ ਦੇ ਆਧਾਰ ਉੱਤੇ ਕੀਤੀ ਜਾਣ ਵਾਲੀ ਸ਼੍ਰੇਣੀ-ਵੰਡ ਅਨੁਸਾਰ ਹੇਠ-ਲਿਖੇ ਵਾਕ ਕਿਸ ਸ਼੍ਰੇਣੀ ਵਿਚ ਆਉਂਦੇ ਹਨ?
ਸ਼ਾਬਾਸ਼ ਤੁਸੀ ਕਮਾਲ ਕਰ ਦਿੱਤਾ!
ਉਹ ਏਨੀ ਛੇਤੀ ਕਿਉਂ ਮੁੜ ਗਿਆ ਹੈ?
ਅਜਿਹੀ ਗ਼ਲਤੀ ਫੇਰ ਨਾ ਕਰਿਓ।
ਪਰਮਾਤਮਾ ਤੁਹਾਡੀ ਰੱਖਿਆ ਕਰੇ।

3.6 ਪੰਜਾਬੀ ਵਾਕ ਦੀ ਤਰਤੀਬ

ਵਾਕ ਨੂੰ ਅਸਾਂ ਸ਼ਬਦ ਦੀਆਂ ਲੜੀਆਂ ਕਿਹਾ ਹੈ। ਇਨ੍ਹਾਂ ਲੜੀਆਂ ਅਰਥਾਤ ਵਾਕਾਂ ਵਿਚ ਸ਼ਬਦ ਐਵੇਂ ਉੱਘੜ-ਦੁੱਘੜ ਨਹੀਂ ਰੱਖੇ ਜਾਂਦੇ, ਸਗੋਂ ਕਿਸੇ ਨਿਸਚਿਤ ਤਰਤੀਬ ਨਾਲ ਪਰੋਏ ਜਾਂਦੇ ਹਨ, ਅਤੇ ਉਨ੍ਹਾਂ ਦਾ ਰੂਪ ਕਿਸੇ ਬੱਝਵੀਂ ਵਿਉਂਤ ਅਨੁਸਾਰ ਬਦਲਿਆ ਜਾਂਦਾ ਹੈ। ਹਰ ਭਾਸ਼ਾ ਦੀ ਆਪਣੀ ਤਰਤੀਬ ਹੁੰਦੀ ਹੈ, ਨਿਵੇਕਲੀ ਵਿਉਂਤ ਹੁੰਦੀ ਹੈ। ਅੱਗੇ ਅਸੀਂ ਪੰਜਾਬੀ ਵਾਕ ਦੀ ਤਰਤੀਬ ਬਾਰੇ ਸੰਖਿਪਤ ਵਿਚਾਰ ਕਰਾਂਗੇ।

3.6.1 ਕੁੱਝ ਤਕਨੀਕੀ ਸ਼ਬਦ

ਪੰਜਾਬੀ ਵਾਕ ਦੀ ਤਰਤੀਬ ਦੇ ਵੇਰਵੇ ਦੇਣ ਤੋਂ ਪਹਿਲਾਂ ਕੁੱਝ ਤਕਨੀਕੀ ਸ਼ਬਦਾਂ ਬਾਰੇ ਜਾਣਕਾਰੀ ਕਰਾਉਣੀ ਜ਼ਰੂਰੀ ਜਾਪਦੀ ਹੈ, ਕਿਉਂਕਿ ਅਜਿਹੇ ਸ਼ਬਦ ਅਸਾਂ ਬਾਰ-ਬਾਰ ਵਰਤਣੇ ਹਨ।

ਕਿਰਿਆ ਜਾਂ ਕੰਮ ਕਰਨ ਵਾਲੇ ਨੂੰ **ਕਰਤਾ** ਕਹਿੰਦੇ ਹਨ, ਅਤੇ ਨਾਂਵ ਜਾਂ ਪੜਨਾਂਵ ਉੱਤੇ ਕਿਰਿਆ ਵਾਪਰੇ, ਜਾਂ ਜਿਸ ਉੱਤੇ ਕਿਰਿਆ ਦਾ ਪ੍ਰਭਾਵ ਪਵੇ, ਉਸ ਨੂੰ **ਕਰਮ** ਆਖਿਆ ਜਾਂਦਾ ਹੈ। ''ਵਿਦਿਆਰਥੀ ਕਿਤਾਬ ਪੜ੍ਹ ਰਿਹਾ ਹੈ'' ਵਾਕ ਵਿਚ 'ਵਿਦਿਆਰਥੀ' ਕਿਰਿਆ ਕਰਨ ਵਾਲਾ ਹੈ, ਇਸ ਲਈ ਇਹ **ਕਰਤਾ** ਹੈ। ਕਿਤਾਬ ਉੱਤੇ ਕਿਰਿਆ ਵਾਪਰ ਰਹੀ ਹੈ, ਸੋ ਕਿਤਾਬ **ਕਰਮ** ਹੈ। ਕੁੱਝ ਕਿਰਿਆਵਾਂ ਐਸੀਆਂ ਹਨ, ਜਿਨਾਂ ਨਾਲ ਕਰਮ ਨਹੀ ਆਉਂਦਾ, ਅਰਥਾਤ ਕਰਮ ਦੀ ਲੋੜ ਨਹੀਂ ਹੁੰਦੀ। 'ਬੱਚਾ ਰੋਂਦਾ ਹੈ', 'ਘੋੜੇ ਦੌੜਦੇ ਸਨ' ਵਾਕਾਂ ਵਿੱਚ ਕੋਈ ਕਰਮ ਨਹੀਂ ਆਇਆ, ਸਿਰਫ ਕਰਤਾ ਹੀ ਆਇਆ ਹੈ। ਅਜਿਹੀਆਂ ਕਿਰਿਆਵਾਂ ਨੂੰ (ਜਿਨ੍ਹਾਂ ਨਾਲ ਕਰਮ ਦੀ ਲੋੜ ਨਾ ਹੋਵੇ), **ਅਕਰਮਕ ਕਿਰਿਆਵਾਂ** ਆਖਦੇ ਹਾਂ। ਰੋਣਾ, ਹੱਸਣਾ, ਦੌੜਨਾ, ਬੈਠਣਾ, ਉੱਠਣਾ, ਸੋਣਾ, ਜਾਗਣਾ, ਆਦਿ ਅਕਰਮਕ ਕਿਰਿਆਵਾਂ ਹਨ। ਇਸ ਦੇ ਉਲਟ ਜਿਹੜੀਆਂ ਕਿਰਿਆਵਾਂ ਨਾਲ ਕਰਮ ਦੀ ਲੋੜ ਹੋਵੇ ਉਨ੍ਹਾਂ ਨੂੰ **ਸਕਰਮਕ ਕਿਰਿਆਵਾਂ** ਕਿਹਾ ਜਾਂਦਾ ਹੈ। ਬਣਾਉਣਾ, ਢਾਹੁਣਾ, ਚੁੱਕਣਾ, ਸੁੱਟਣਾ, ਚੀਰਨਾ, ਬੰਨ੍ਹਣਾ, ਵੱਢਣਾ, ਛੱਡਣਾ, ਆਦਿ ਸਕਰਮਕ ਕਿਰਿਆਵਾਂ ਹਨ। ਵੇਖੋ, 'ਚਿਤਰਕਾਰ ਨੇ ਤਸਵੀਰ ਬਣਾਈ', 'ਮੈਂ ਪੱਗ ਬੰਨ੍ਹ ਰਿਹਾ ਸਾਂ। ਵਾਕਾਂ ਵਿੱਚ 'ਚਿਤਰਕਾਰ' ਤੇ ਪੜਨਾਂਵ 'ਮੈਂ' ਕਰਤਾ ਹਨ, ਅਤੇ 'ਤਸਵੀਰ' ਤੇ 'ਪੱਗ' ਕਰਮ ਹਨ।

ਹੋਰ ਵੇਖੋ : 'ਤਸਵੀਰ ਬਣਾਈ' ਵਿਚ ਕਿਰਿਆ 'ਬਣਾਈ' ਇਕੱਲਾ ਸ਼ਬਦ ਹੈ; ਪਰ ਅਗਲੇ ਵਾਕ ਵਿਚ 'ਬੰਨ੍ਹ ਰਿਹਾ ਸਾਂ' ਤਿੰਨ ਸ਼ਬਦ ਵਰਤ ਕੇ ਕਿਰਿਆ ਮੁਕੰਮਲ ਹੋਈ ਹੈ। ਇਸ ਸਾਰੇ ਸਮੂਹ (ਬੰਨ੍ਹ ਰਿਹਾ ਸਾਂ) ਨੂੰ **'ਕਿਰਿਆ-ਰੂਪ'** ਕਹਿੰਦੇ ਹਾਂ ਅਸਲ ਕਿਰਿਆ 'ਬੰਨ੍ਹ' ਹੈ ਇਸ ਨੂੰ **'ਮੁੱਖ ਕਿਰਿਆ ਜਾਂ ਮੂਲ ਕਿਰਿਆ** ਕਿਹਾ ਜਾਂਦਾ ਹੈ, ਅਤੇ 'ਰਿਹਾ ਸਾਂ' **ਸਹਾਇਕ ਕਿਰਿਆ** ਹੈ, ਅਤੇ ਇਸ ਦੇ ਅੰਤਿਮ ਸ਼ਬਦ 'ਸਾਂ' ਨੂੰ 'ਕਾਲਬੋਧਕ' ਆਖਦੇ ਹਾਂ। ਕਾਰਨ ਇਹ ਹੈ ਕਿ ਇਸ 'ਸਾਂ' ਤੋਂ ਪਤਾ ਲੱਗਦਾ ਹੈ ਕਿ ਕਿਰਿਆ ਭੂਤਕਾਲ (ਬੀਤ ਚੁੱਕੇ ਸਮੇਂ) ਵਿਚ ਵਾਪਰੀ ਹੈ। 'ਪੱਗ ਬੰਨ੍ਹ ਰਿਹਾ ਹਾਂ' ਜਾਂ 'ਬੰਨ੍ਹ ਰਿਹਾ ਹੋਵਾਂਗਾ' ਵਿਚ ਸਿਰਫ਼ ਇਹ ਅੰਤਿਮ ਸ਼ਬਦ ਬਦਲਣ ਨਾਲ ਕਾਲ ਬਦਲ ਗਿਆ ਹੈ - 'ਹਾਂ' ਵਰਤਮਾਨ ਕਾਲ (ਚਾਲੂ ਸਮੇਂ) ਦਾ ਲਖਾਇਕ ਹੈ, ਅਤੇ 'ਹੋਵਾਂਗਾ' ਭਵਿਖਤ ਕਾਲ (ਆਉਣ ਵਾਲੇ ਸਮੇਂ) ਦਾ ਬੋਧਕ ਹੈ। ਇਨ੍ਹਾਂ ਵਾਕਾਂ ਵਿਚ ਕਿਰਿਆ ਰੂਪ ਦੇ ਪਹਿਲੇ ਦੋਵੇਂ ਸ਼ਬਦ ਇੱਕੋ ਹੀ ਹਨ, ਸਿਰਫ 'ਕਾਲਬੋਧਕ' ਦਾ ਹੀ ਫਰਕ ਪਿਆ ਹੈ। 'ਹਾਂ, ਹਨ, ਹੈ, ਸਾਂ, ਸਨ, ਮੈਂ, ਹੋਵਾਂਗਾ, ਹੋਵੋਗੇ, ਹੋਣਗੇ, ਆਦਿ ਕਾਲਬੋਧਕ ਹਨ।

3.6.2 ਵਾਕ ਦੀ ਤਰਤੀਬ

ਹੁਣ ਅਸੀ ਪੰਜਾਬੀ ਵਾਕ ਦੀ ਤਰਤੀਬ ਵਿਚਾਰਦੇ ਹਾਂ। ਪੰਜਾਬੀ ਵਾਕ ਦੀ ਸਧਾਰਨ ਤਰਤੀਬ ਹੈ—ਕਰਤਾ, ਕਰਮ, ਕਿਰਿਆ। ''ਦਰਜ਼ੀ ਕਪੜੇ ਸਿਊਂ ਰਿਹਾ ਹੈ'' ਵਾਕ ਵਿਚ ਕਰਤਾ (ਦਰਜ਼ੀ) ਆਇਆ ਹੈ, ਫੇਰ ਕਰਮ (ਕਪੜੇ) ਤੇ ਅੰਤ ਵਿਚ ਕਿਰਿਆ 'ਸਿਊਂ ਰਿਹਾ ਹੈ।' (ਕਿਰਿਆ-ਰੂਪ ਨੂੰ ਸੰਖੇਪ ਵਿਚ 'ਕਿਰਿਆ' ਹੀ ਕਹਿ ਦਿੱਤਾ ਜਾਂਦਾ ਹੈ)।

ਜੇ ਕਿਰਿਆ ਅਕਰਮਕ ਹੋਵੇ ਤਾਂ ਵਾਕ ਵਿਚ ਕਰਮ ਨਹੀਂ ਆਵੇਗਾ, ਕਿਉਂਕਿ ਅਕਰਮਕ ਕਿਰਿਆ ਨਾਲ ਕਰਮ ਨਹੀਂ ਆਉਂਦਾ। ਅਜਿਹੇ ਵਾਕ ਦੀ ਤਰਤੀਬ 'ਕਰਤਾ ਤੇ ਕਿਰਿਆ ਹੋਵੇਗੀ।

ਕਿਰਿਆ-ਰੂਪ ਵਿਚੋਂ ਸਭ ਤੋਂ ਪਹਿਲਾਂ ਮੁੱਖ ਕਿਰਿਆ ਆਉਂਦੀ ਹੈ, ਫੇਰ ਸਹਾਇਕ ਕਿਰਿਆ, ਅਤੇ ਕਾਲ ਬੋਧਕ ਸਭ ਤੋਂ ਪਿੱਛੋਂ ਆਉਂਦਾ ਹੈ। ਸੰਬੰਧਕ, ਨਾਂਵਾਂ (ਜਾਂ ਪੜਨਾਂਵਾਂ) ਤੋਂ ਪਿੱਛੋਂ ਆਉਂਦੇ ਹਨ। ''ਮੁੰਡੇ ਨੇ ਕੁੜੀ ਨੂੰ ਮਾਰਿਆ'' ਵਾਕ ਵਿਚ ਸੰਬੰਧਕ 'ਨੇ' ਨਾਂਵ 'ਮੁੰਡੇ' ਤੋਂ ਪਿੱਛੋਂ ਆਇਆ ਹੈ, ਅਤੇ 'ਨੂੰ' ਨਾਂਵ 'ਕੁੜੀ' ਤੋਂ ਪਿੱਛੋਂ।

ਵਿਸ਼ੇਸ਼ਣ ਉਸ ਨਾਂਵ ਤੋਂ ਪਹਿਲਾਂ ਆਉਂਦਾ ਹੈ, ਜਿਸ ਦੀ ਵਿਸ਼ੇਸ਼ਤਾ ਉਹ ਦਰਸਾ ਰਿਹਾ ਹੋਵੇ। 'ਸੋਹਣੀ ਕਿਤਾਬ', 'ਨੀਲੀ ਪੱਗ, 'ਠੰਢਾ ਪਾਣੀ' ਵਿਚ ਵਿਸ਼ੇਸ਼ਣ 'ਸੋਹਣੀ', 'ਨੀਲੀ', 'ਠੰਢਾ' ਨਾਂਵਾਂ ਤੋਂ ਪਹਿਲਾਂ ਆਏ ਹਨ।

ਇਵੇਂ ਹੀ ਕਿਰਿਆ-ਵਿਸ਼ੇਸ਼ਣ ਉਸ ਕਿਰਿਆ ਤੋਂ ਪਹਿਲਾਂ ਆਉਂਦਾ ਹੈ, ਜਿਸ ਬਾਰੇ ਉਹ ਕੋਈ ਜਾਣਕਾਰੀ ਦਿੰਦਾ ਹੈ। 'ਹੌਲੀ ਤੁਰੋ', 'ਛੇਤੀ ਚੱਲੋ', 'ਦੂਰ ਬੈਠਾ ਸੀ' ਵਿਚ ਕਿਰਿਆ-ਵਿਸ਼ੇਸ਼ਣ 'ਹੌਲੀ', 'ਛੇਤੀ', 'ਦੂਰ' ਕਿਰਿਆ ਤੋਂ ਪਹਿਲਾਂ ਆਏ ਹਨ।

ਪ੍ਰਸ਼ਨ-ਸੂਚਕ ਸ਼ਬਦ ਕਿਉਂ', 'ਕੀ' 'ਕਿਥੇ', ਆਦਿ ਆਮ ਤੌਰ ਉੱਤੇ ਵਾਕ ਦੇ ਕਰਤਾ ਤੋਂ ਪਿੱਛੋਂ ਆਉਂਦੇ ਹਨ। ''ਸੰਤੋਖ ਕਿਉਂਨਹੀ ਆਇਆ?'' ਉਹ ਕਿੱਥੇ ਗਿਆ ਹੈ?'', ''ਤੁਸੀ ਕੀ ਚਾਹੁੰਦੇ ਹੋ?'' ਵਾਕਾਂ ਵਿਚ ਪ੍ਰਸ਼ਨ-ਸੂਚਕ ਵਾਕ ਦੇ ਕਰਤਾ 'ਸੰਤੋਖ', 'ਉਹ', 'ਤੁਸੀਂ' ਤੋਂ ਠੀਕ ਪਿੱਛੋਂ ਆਏ ਹਨ। ਜੇ ਇਨ੍ਹਾਂ ਪ੍ਰਸ਼ਨ-ਸੂਚਕ ਸ਼ਬਦਾਂ ਦੀ ਪੁਜ਼ੀਸ਼ਨ ਬਦਲ ਦਿੱਤੀ ਜਾਵੇ ਤਾਂ ਵਾਕ ਦੇ ਅਰਥਾਂ ਵਿਚ ਸੂਖਮ ਫ਼ਰਕ ਪੈ ਜਾਂਦਾ ਹੈ। ਵੇਖੋ ਇਨ੍ਹਾਂ ਸ਼ਬਦਾਂ ਦੀ ਪੁਜ਼ੀਸ਼ਨ ਬਦਲ ਕੇ ਬਣਾਏ ਵਾਕ਼ਾਂ ''ਸੰਤੋਖ ਆਇਆ ਕਿਉਂ ਨਹੀ?'', ਦੇ ਅਰਥਾਂ ਦਾ ਪਹਿਲਾਂ ਆਏ ਵਾਕਾਂ ਨਾਲੋਂ ਕੁੱਝ ਫਰਕ ਹੈ।

ਨਾਂਹਵਾਚੀ ਸ਼ਬਦ—ਨਾ, ਨਹੀਂ, ਆਦਿ—ਆਮ ਤੌਰ ਉੱਤੇ ਕਿਰਿਆ ਤੋਂ ਪਹਿਲਾਂ ਆਉਂਦੇ ਹਨ :

''ਅਸੀਂ ਘਰ ਨਹੀਂ ਗਏ', ''ਤੁਸੀਂ ਇੱਥੇ ਨਾ ਬੈਠੋ'', ''ਕਰਤਾਰ ਅੱਜ ਨਹੀਂ ਜਾਏਗਾ'' ਵਿਚ 'ਨਾ' ਤੇ 'ਨਹੀਂ' ਕਿਰਿਆ ਤੋਂ ਪਹਿਲਾਂ ਆਏ ਹਨ।

ਇਹ ਪੰਜਾਬੀ ਵਾਕ ਦੀ ਤਰਤੀਬ ਬਾਰੇ ਮੋਟੀ-ਮੋਟੀ ਜਾਣਕਾਰੀ ਹੈ। ਪੂਰੇ ਵੇਰਵੇ ਇਸ ਪਾਠ ਵਿਚ ਨਹੀਂ ਦਿੱਤੇ ਜਾ ਸਕਦੇ।

ਨੋਟ: ਹੇਠ-ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਦੇਣੇ ਹਨ। ਜਵਾਬ ਅਖ਼ੀਰ ਵਿਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਅਕਰਮਕ ਕਿਰਿਆ ਕਿਸ ਨੂੰ ਕਹਿੰਦੇ ਹਨ? ਉਦਾਹਰਣ ਦੇ ਕੇ ਸਮਝਾਓ।

---

2 ਪੰਜਾਬੀ ਵਾਕ ਦੀ ਤਰਤੀਬ ਬਾਰੇ ਸੰਖਿਪਤ ਜਾਣਕਾਰੀ ਕਰਵਾਓ।

3.7 ਅਖਾਣ ਤੇ ਮੁਹਾਵਰੇ

ਅਖਾਣ ਤੇ ਮੁਹਾਵਰੇ ਬੋਲੀ ਦਾ ਸ਼ਿੰਗਾਰ ਹੁੰਦੇ ਹਨ। ਇਨ੍ਹਾਂ ਦੀ ਵਰਤੋਂ ਨਾਲ ਭਾਸ਼ਾ ਰੋਚਿਕ ਬਣਦੀ ਹੈ, ਸਸ਼ਕਤ ਤੇ ਰਸਦਾਰ ਬਣਦੀ ਹੈ। ਸਭ ਤੋਂ ਵਧ ਇਹ ਕਿ ਅਖਾਣ ਤੇ ਮੁਹਾਵਰੇ ਭਾਸ਼ਾ ਵਿਚ ਸੰਜਮ ਤੇ ਸੰਕੋਚ ਲਿਆਉਂਦੇ ਹਨ। ਅਖਾਣ ਤੇ ਮਹਾਵਰਿਆਂ ਦੇ ਪੱਖ ਤੋਂ ਪੰਜਾਬੀ ਬੜੀ ਅਮੀਰ ਭਾਸ਼ਾ ਹੈ। ਸਾਡੀ ਭਾਸ਼ਾ ਵਿੱਚ ਅਖਾਣ ਤੇ ਮੁਹਾਵਰੇ ਹਜ਼ਾਰਾਂ ਦੀ ਗਿਣਤੀ ਵਿੱਚ ਮਿਲਦੇ ਹਨ। ਇੱਥੇ ਸਿਰਫ ਅਖਾਣਾਂ ਤੇ ਮੁਹਾਵਰਿਆਂ ਦੇ ਨਮੂਨੇ ਦੇ ਰਹੇ ਹਾਂ, ਇਨ੍ਹਾਂ ਦੀਆਂ ਮੁਕੰਮਲ ਸੂਚੀਆਂ ਤਾਂ ਬਹੁਤ ਲੰਮੀਆਂ ਹਨ, ਜੋ ਇਸ ਪਾਂ ਦੇ ਪਿੱਛੇ ਦਿੱਤੀਆਂ ਪੁਸਤਕਾਂ ਵਿੱਚੋਂ ਵੇਖੀਆਂ ਜਾ ਸਕਦੀਆਂ ਹਨ।

3.7.1 ਪੰਜਾਬੀ ਅਖਾਣ

ਸਭ ਤੋਂ ਪਹਿਲਾਂ ਇਹ ਵੇਖਣਾ ਹੈ ਕਿ ਅਖਾਣ ਹੁੰਦਾ ਕੀ ਹੈ। ਅਖਾਣ ਇਕ ਅਜਿਹਾ ਸ਼ਬਦ-ਸਮੂਹ ਹੁੰਦਾ ਹੈ ਜਿਸ ਵਿਚ ਮਨੁੱਖੀ ਤਜਰਬੇ ਦਾ ਕੋਈ ਸਾਰ ਕੋਈ ਸਚਾਈ, ਕੋਈ ਸਿਧਾਂਤ ਜਾਂ ਕੋਈ ਵਿਚਾਰ ਸੰਕੇਤਕ ਤੇ ਭਾਵਪੂਰਨ ਢੰਗ ਨਾਲ ਸੰਖਿਪਤ ਰੂਪ ਵਿਚ ਪ੍ਰਗਟਾਇਆ ਗਿਆ ਹੋਵੇ। ਅਖਾਣ ਸੂਝਵਾਨ, ਤੀਖਣ ਬੁੱਧੀ ਵਾਲੇ ਮਨੁੱਖਾਂ, ਮਹਾਪੁਰਖਾਂ ਦੇ ਮੂੰਹੋਂ ਸਹਿਜ ਸੁਭਾ ਨਿਕਲੇ ਬੋਲ ਹੁੰਦੇ ਹਨ। ਕਈ ਅਖਾਣ ਇਕ ਕਾਵਿ-ਪੰਕਤੀ ਦੇ ਰੂਪ ਵਿਚ ਹੁੰਦੇ ਤੇ ਇਨ੍ਹਾਂ ਦਾ ਤੁਕਾਂਤ ਮਿਲਦਾ ਹੁੰਦਾ ਹੈ। ਜਿਵੇਂ 'ਕੋਠਾ ਉੱਸਰਿਆ, ਤਖਾਣ ਵਿਸਰਿਆ', ਜਾਂ 'ਆਪਣਾ ਨੀਂਗਰ, ਪਰਾਇਆ ਢੀਂਗਰ'। ਪਰ ਵਧੇਰੇ ਅਖਾਣ ਤੁਕਾਂਤ ਤੋਂ ਬਿਨਾਂ ਹੁੰਦੇ ਹਨ। ਅਖਾਣ ਇਕ ਵਾਕਾਂਸ਼ ਦਾ ਵੀ ਹੋ ਸਕਦਾ ਹੈ, ਜਿਵੇਂ : 'ਖੇਤੀ ਖਸਮਾਂ ਸੇਤੀਂ', 'ਊਠ ਦੇ ਗਲ ਟੱਲੀ'। ਪਰ ਵਧੇਰੇ ਅਖਾਣ ਇਕ ਤੋਂ ਵਧੇਰੇ ਵਾਕੰਸ਼ਾਂ ਜਾਂ ਉਪਵਾਕਾਂ ਵਾਲੇ ਹੁੰਦੇ ਹਨ। 'ਆਪ ਕੁਚੱਜੀ, ਵਿਹੜੇ ਨੂੰ ਦੋਸ਼' ਦੋ ਵਾਕੰਸ਼ਾਂ ਵਾਲਾ ਅਖਾਣ ਹੈ। 'ਜਿਹੜੇ ਗੱਜਦੇ ਨੇਂ ਉਹ ਵਰ੍ਹਦੇ ਨਹੀਂ' ਵਿਚ ਦੋ ਉਪਵਾਕ ਆਏ ਹਨ।

ਅਖਾਣ ਦੀ ਵਰਤੋਂ ਕਰਦਿਆਂ ਇਸ ਦਾ ਉਹ ਰੂਪ ਕਾਇਮ ਰੱਖਿਆ ਜਾਂਦਾ ਹੈ, ਜਿਹੜਾ ਇਹ ਆਮ ਲੋਕ ਬੋਲਦੇ ਹਨ, ਅਰਥਾਤ ਲਿੰਗ, ਵਚਨ, ਕਾਲ, ਆਦਿ ਦੇ ਆਧਾਰ ਉੱਤੇ ਅਖਾਣ ਦਾ ਰੂਪ ਨਹੀਂ ਬਦਲਿਆ ਜਾ ਸਕਦਾ। ਇੱਕ ਹੋਰ ਗੱਲ ਯਾਦ ਰੱਖਣ ਵਾਲੀ ਹੈ ਕਿ ਅਖਾਣ ਦੀ ਵਰਤੋਂ ਸਿਰਫ ਇਕ ਵਾਕ ਵਿਚ ਕਰਨੀ ਕੁੱਝ ਔਖੀ ਹੁੰਦੀ ਹੈ, ਅਖਾਣ ਵਰਤਣ ਲਈ ਇੱਕ ਤੋਂ ਵਧੇਰੇ ਵਾਕ ਬਣਾਉਣੇ ਪੈਂਦੇ ਹਨ।

ਅੱਗੇ ਪੰਜਾਬੀ ਅਖਾਣਾਂ ਦੇ ਸਿਰਫ਼ ਕੁੱਝ ਨਮੂਨੇ ਦਿੱਤੇ ਗਏ ਹਨ।

'ਓਖਲੀ ਵਿਚ ਸਿਰ ਦਿੱਤਾ, ਤਾਂ ਮੋਹਲਿਆਂ ਦਾ ਕੀ ਡਰ।'

ਇਹ ਦੱਸਣ ਲਈ ਬੋਲਿਆ ਜਾਂਦਾ ਹੈ ਕਿ ਜੇ ਕੋਈ ਕਠਨ ਜ਼ੁੰਮੇਵਾਰੀ ਲੈ ਹੀ ਲਈ ਹੈ, ਜਾਂ ਕਿਸੇ ਖ਼ਤਰਨਾਕ ਰਸਤੇ ਨੂੰ ਅਪਣਾ ਹੀ ਲਿਆ ਹੈ ਤਾਂ ਪੇਸ਼ ਆਉਣ ਵਾਲੀਆਂ ਔਕੜਾਂ ਤੋਂ ਘਬਰਾਉਣਾ ਨਹੀਂ ਚਾਹੀਦਾ।

'ਅੰਨ੍ਹੇ ਅੱਗੇ ਰੋਣਾ, ਅੱਖੀਆਂ ਦਾ ਖੋਂ'

ਇਹ ਅਖਾਣ ਓਦੋਂ ਬੋਲਿਆ ਜਾਂਦਾ ਹੈ ਜਦ ਕੋਈ ਵਿਅਕਤੀ ਕਿਸੇ ਦੂਜੇ ਦੀ ਦੁੱਖ ਭਰੀ ਵਿਥਿਆ ਸੁਣ ਤੇ ਜ਼ਰਾ ਨਾ ਪਸੀਜੇ; ਅਥਵਾ ਉਸ ਦੀ ਸਹਾਇਤਾ ਲਈ ਕੁੱਝ ਨਾ ਕਰੇ।

'ਆਪ ਮੋਏ, ਜੱਗ ਪਰਲੋ'

ਇਹ ਦੱਸਣ ਲਈ ਵਰਤਿਆ ਜਾਂਦਾ ਹੈ ਕਿ ਆਪਣੀ ਮੌਤ ਪਿਛੋਂ ਪਿਛਲਿਆਂ ਨੂੰ ਮਿਲਨ ਵਾਲੇ ਸੁੱਖਾਂ ਦਾ ਸਾਨੂੰ ਕੀ ਲਾਭ।

'ਇੱਕ ਚੁੱਪ ਤੇ ਸੌ ਸੁਖ'

ਇਸ ਅਖਾਣ ਰਾਹੀਂ ਇਹ ਸਮਝਾਇਆ ਜਾਂਦਾ ਹੈ ਕਿ ਝਗੜੇ, ਝਾਂਝੇ ਵਾਲੇ ਮੁਆਮਲੇ ਵਿਚ ਚੁੱਪ ਰਹਿਣਾ ਹੀ

ਮੁਨਾਸਬ ਹੈ। ਅਥਵਾ ਇਹ ਦੱਸਿਆ ਜਾਂਦਾ ਹੈ ਕਿ ਲੋੜ ਤੋਂ ਵੱਧ ਬੋਲਣਾ ਚੰਗੀ ਆਦਤ ਨਹੀਂ, ਚੁੱਪ ਰਹਿਣਵਾਲਾ ਬੰਦਾ ਅਣਸੁਖਾਂਵੀ ਸਥਿਤੀ ਤੋਂ ਬਚਿਆ ਰਹਿੰਦਾ ਹੈ।

'ਸਾਈਆਂ ਕਿਤੇ, ਵਧਾਈਆਂ ਕਿਤੇ'

ਇਹ ਅਖਾਣ ਉਦੋਂ ਬੋਲਿਆ ਜਾਂਦਾ ਹੈ, ਜਦੋਂ ਕੋਈ ਵਿਅਕਤੀ ਲਾਰੇ ਕਿਸੇ ਹੋਰ ਨੂੰ ਲਾਉਂਦਾ ਰਹੇ, ਅਤੇ ਕੰਮ ਕਿਸੇ ਹੋਰ ਦਾ ਸਵਾਰੇ।

'ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈਂ'

ਜਦੋਂ ਕੋਈ ਵਿਅਕਤੀ ਬਿਨਾ ਸੱਦਿਆਂ, ਬੁਲਾਇਆਂ ਕਿਸੇ ਦੇ ਕੰਮ ਵਿਚ ਖ਼ਾਹ ਮੁਖ਼ਾਹ ਦਖਲ ਦੇਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

'ਹਾਥੀ ਲੰਘ ਗਿਆ, ਪੂਛ ਰਹਿ ਗਈ'

ਭਾਵ ਇਹ ਕਿ ਬਹੁਤਾ ਕੰਮ ਮੁੱਕ ਗਿਆ ਹੈ, ਹੁਣ ਤਾਂ ਸਿਰਫ਼ ਮਾਮੂਲੀ ਕਸਰ ਬਾਕੀ ਹੈ।

'ਕੰਧਾਂ ਦੇ ਵੀ ਕੰਨ ਹੁੰਦੇ ਨੇ'

ਇਹ ਸਮਝਾਉਣ ਲਈ ਬੋਲਿਆ ਜਾਂਦਾ ਹੈ ਕਿ ਭੇਦ ਵਾਲੀ ਗਲ ਕਿਸੇ ਨਾਲ ਕਰਨ ਲੱਗਿਆਂ ਵੱਧ-ਤੋਂ-ਵੱਧ ਸਾਵਧਾਨੀ ਵਰਤੋ।

'ਗੋਲੀ ਕੀਹਦੀ ਤੇ ਗਹਿਣੇ ਕੀਹਦੇ'

ਇਹ ਦਸਣ ਲਈ ਬੋਲਿਆ ਜਾਂਦਾ ਹੈ ਕਿ ਅਸੀ ਆਪ ਤੇ ਸਾਡਾ ਸਭ ਕੁਝ ਤੁਹਾਡੀ ਸੇਵਾ ਲਈ ਹਾਜ਼ਰ ਹੈ।

'ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ'

ਇਹ ਦਰਸਾਉਣ ਲਈ ਬੋਲਿਆ ਜਾਂਦਾ ਹੈ ਕਿ ਆਮ ਲੋਕ ਆਪਣੇ ਘਰ ਦੇ ਸਿਆਣੇ ਬੰਦੇ ਨੂੰ ਵੀ ਸਧਾਰਣ ਹੀ ਸਮਝਦੇ ਹਨ, ਅਤੇ ਕਿਸੇ ਓਪਰੇ ਨੂੰ ਵਧੇਰੇ ਮਹੱਤਵ ਦਿੰਦੇ ਹਨ।

'ਧੇਲੇ ਦੀ ਬੁੱਢੀ, ਟਕਾ ਸਿਰ ਮੁਨਾਈ

ਇਹ ਅਖਾਣ ਉਦੋਂ ਵਰਤਿਆ ਜਾਂਦਾ ਹੈ, ਜਦੋਂ ਕਿਸੇ ਨਿਕੰਮੀ ਜਿਹੀ ਚੀਜ਼ ਨੂੰ ਸ਼ਿੰਗਾਰਦਿਆਂ, ਸੰਵਾਰਦਿਆਂ ਬੇਲੋੜਾ ਤੇ ਬਹੁਤਾ ਖ਼ਰਚ ਕੀਤਾ ਜਾਵੇ।

'ਨਾਲੇ ਚੋਪੜੀਆਂ, ਨਾਲੇ ਦੋ-ਦੋ'

ਉਦੋਂ ਬੋਲਿਆ ਜਾਂਦਾ ਹੈ, ਜਦੋਂ ਕੋਈ ਹਰ ਪਾਸਿਓਂ ਫ਼ਾਇਦਾ ਉਠਾਣਾ ਚਾਹੇ ਜਾਂ ਨਾਜ਼ਾਇਜ਼ ਮੰਗਾਂ ਪੇਸ਼ ਕਰੇ।

'ਪਿੰਡ ਬੱਝਾ ਨਹੀਂ, ਉੱਚਕੇ ਅੱਗੇ ਹੀ ਤਿਆਰ'

ਉਦੋਂ ਬੋਲਿਆ ਜਾਂਦਾ ਹੈ, ਜਦੋਂ ਕੋਈ ਕੰਮ ਅਰੰਭ ਕਰਨ ਤੋਂ ਪਹਿਲਾਂ ਹੀ ਉਸ ਤੋਂ ਨਾਜਾਇਜ਼ ਫ਼ਾਇਦਾ ਉਠਾਉਣ ਵਾਲੇ ਆਪਣੇ ਮਨਸੂਬੇ ਬਣਾ ਰਹੇ ਹੋਣ।

'ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ'

ਅਰਥਾਤ ਭੁੱਖਾ ਬੰਦਾ ਕੁੱਝ ਕਰਨ ਜੋਗਾ ਨਹੀਂ ਹੁੰਦਾ; ਜਾਂ ਜਿਸ ਵਿਅਕਤੀ ਨੂੰ ਰੱਜ ਕੇ ਖਾਣ ਨੂੰ ਨਾ ਮਿਲੇ ਉਸ ਨੂੰ ਕੁੱਝ ਵੀ ਚੰਗਾ ਨਹੀਂ ਲੱਗਦਾ।

'ਭੁੱਖੇ ਦੀ ਧੀ ਰੱਜੀ ਤੇ ਖੇਹ ਉਡਾਉਣ ਲੱਗੀ'

ਜਦੋਂ ਕੋਈ ਬੰਦਾ ਗ਼ਰੀਬੀ ਦੀ ਹਾਲਤ ਵਿਚੋਂ ਨਿਕਲ ਕੇ ਅਮੀਰ ਹੋ ਜਾਵੇ ਅਤੇ ਆਪਣੀ ਅਮੀਰੀ ਦੀ ਆਕੜ ਵਿਚ ਕੁਚੱਜੇ ਤੇ ਘਟੀਆ ਕੰਮ ਕਰਨ ਲਗ ਪਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

'ਭਜੀਆਂ ਬਾਹੀ ਗਲ ਨੂੰ ਆਉਂਦੀਆਂ ਨੇ'

ਭਾਵ ਇਹ ਕਿ ਆਪਣੇ ਭਰਾ-ਭਾਈ, ਸੱਕੇ-ਸੋਧਰੇ ਭਾਵੇਂ ਗੁੱਸੇ-ਰਾਜ਼ੀ ਵੀ ਹੋਣ, ਫੇਰ ਵੀ ਭੀੜ ਪਈ ਉਤੇ ਉਹੋ ਹੀ ਬਹੁੜਦੇ ਹਨ।

'ਭਠ ਪਿਆ ਸੋਨਾ, ਜਿਹੜਾ ਕੰਨ ਪਾੜੇ'

ਅਰਥਾਤ ਉਹ ਸ਼ਿੰਗਾਰ, ਜਾਂ ਉਹ ਧਨ-ਮਾਲ ਜਾਂ ਵਸਤਵਲੇਵਾ ਫ਼ਜ਼ੂਲ ਹੈ ਜਿਹੜਾ ਦੁੱਖ ਜਾਂ ਕਸ਼ਟ ਦੇਵੇ।

'ਮਾਂ ਨਾਲੋਂ ਹੇਜਲੀ, ਸੋ ਫਫੇ ਕੁੱਟਣੀ'

ਬੱਚੇ ਨੂੰ ਮਾਂ ਨਾਲੋਂ ਵਧੇਰੇ ਕੋਈ ਹੋਰ ਤੀਵੀਂ ਪਿਆਰ ਨਹਾਂ ਕਰ ਸਕਦੀ, ਅਥਵਾ ਜੇ ਕੋਈ ਔਰਤ ਕਿਸੇ ਦੂਜੇ ਦੇ ਬੱਚੇ ਨੂੰ ਬਹੁਤ ਜ਼ਿਆਦਾ ਪਿਆਰ ਦਾ ਵਿਖਾਵਾ ਕਰੇ ਤਾਂ ਉਹ ਜ਼ਰੂਰ ਕੋਈ ਦਲਾਲਣ ਹੋਵੇਗੀ।

'ਰੱਸੀ ਸੜ ਗਈ ਪਰ ਵਲ ਨਾ ਗਿਆ'

ਉਸ ਵਿਅਕਤੀ ਲਈ ਬੋਲਿਆ ਜਾਂਦਾ ਹੈ ਜੋ ਮੁਸੀਬਤਾਂ ਸਹਾਰ ਕੇ ਤਬਾਹ ਹੋ ਕੇ ਵੀ ਹੈਂਕੜ ਜਾਂ ਹੇਰਾ-ਫੇਰੀਆਂ ਨਾ ਛੱਡੇ।

'ਲਿਖੇ ਮੂਸਾ, ਪੜ੍ਹੇ ਖ਼ੁਦਾ'

ਅਜਿਹੀ ਭੱਦੀ ਤੇ ਕੋਝੀ ਲਿਖਤ ਲਈ ਬੋਲਿਆ ਜਾਂਦਾ ਹੈ, ਜੋ ਪੜ੍ਹੀ ਨਾ ਜਾ ਸਕੇ।

'ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ,

ਅਰਥਾਤ ਕੰਮ ਉਹੋ ਸੋਹਦਾ ਹੈ ਜੋ ਸਮੇਂ ਸਿਰ ਕੀਤਾ ਜਾਵੇ, ਵੇਲਾ ਲੰਘਾ ਕੇ ਕੀਤਾ ਗਿਆ ਕੰਮ ਐਵੇਂ ਸਿਰ-ਖਪਾਈ ਹੀ ਹੁੰਦੀ ਹੈ।

3.7.2 ਪੰਜਾਬੀ ਮੁਹਾਵਰੇ

ਮੁਹਾਵਰਾ ਅਜਿਹੇ ਸ਼ਬਦ-ਸਮੂਹ ਨੂੰ ਕਹਿੰਦੇ ਹਨ ਜਿਸ ਦੇ ਅਰਥ ਵਾਸਤਵਿਕ, ਸਧਾਰਨ ਜਾਪਦੇ ਅਰਥਾਂ ਨਾਲੋਂ ਵੱਖਰੇ ਹੋਣ, ਅਥਵਾ ਸੰਕੇਤਕ ਅਰਥ ਹੋਣ। ਜਿਵੇਂ, 'ਸਿਰ ਖਾਣਾ' ਦਾ ਸੰਕੇਤਕ ਅਰਥ ਹੈ, ਫਜ਼ੂਲ ਗੱਲਾਂ ਕਰੀ ਜਾਣਾ; ਖਿੱਝ ਕਰਨਾ, ਤੰਗ ਕਰਨਾ। 'ਢਿਡ ਵਿਚ ਚੂਹੇ ਨੱਚਣੇ' ਦਾ ਭਾਵ ਹੈ ਬਹੁਤ ਭੁੱਖ ਲੱਗੀ ਹੋਣੀ। ਮੁਹਾਵਰੇ ਦੇ ਅੰਤ ਵਿਚ ਹਮੇਸ਼ਾ ਭਾਵਵਾਚੀ ਕਿਰਿਆ (ਅਮਿਤ ਕਿਰਿਆ) ਹੁੰਦੀ ਹੈ—ਜਾਣਾ, ਕਰਨਾ, ਖਾਣਾ, ਨੱਚਣਾ, ਲੱਗਣੀ ਆਦਿ।

ਵਾਕਾਂ ਵਿਚ ਵਰਤੋਂ ਕਰਦਿਆਂ ਮੁਹਾਵਰੇ ਦਾ ਰੂਪ ਲਿੰਗ, ਵਚਨ, ਕਾਲ, ਆਦਿ ਅਨੁਸਾਰ ਬਦਲਿਆ ਜਾਂਦਾ ਹੈ। ਜਿਵੇਂ 'ਸਿਰ ਖਾਣਾ' ਦੀ ਵਰਤੋਂ ਇੰਝ ਹੋ ਸਕਦੀ ਹੈ: 'ਮੈਂ ਤੇਰੀ ਗੱਲ ਸੁਣ ਲਈ ਹੈ, ਹੁਣ ਐਵੇਂ ਮੇਰਾ ਸਿਰ ਨਾ ਖਾ'। ਜਾਂ 'ਉਹ ਬੇਮਤਲਬ ਗੱਪਾਂ ਮਾਰ ਕੇ ਬੜਾ ਚਿਰ ਸਿਰ ਖਾਂਦਾ ਰਿਹਾ'।

ਪੰਜਾਬੀ ਭਾਸ਼ਾ ਕੋਲ ਮੁਹਾਵਰਿਆਂ ਦਾ ਅਮਿਤ ਭੰਡਾਰ ਹੈ। ਹੇਠਾਂ ਸਿਰਫ਼ ਨਮੂਨੇ ਵਜੋਂ ਥੋੜੇ ਜਿਹੇ ਮੁਹਾਵਰੇ ਦਿੱਤੇ ਗਏ ਹਨ, ਅਤੇ ਉਨ੍ਹਾਂ ਦੇ ਸੰਕੇਤਕ ਅਰਥ ਦਸ ਕੇ ਨਾਲ ਉਨ੍ਹਾਂ ਦੀ ਵਾਕਾਂ ਵਿਚ ਵਰਤੋਂ ਵੀ ਕੀਤੀ ਗਈ ਹੈ।

'ਅਸਮਾਨ ਦੇ ਤਾਰੇ ਤੋੜਨਾ' ਭਾਵ, ਬੜੀ ਚਤੁਰਾਈ ਵਿਖਾਉਣੀ; ਬੜੀਆਂ ਡੀਗਾਂ ਮਾਰਨੀਆਂ। ਜਿਵੇਂ : ਗੱਲਾਂ ਵਿਚ ਸਤਿੰਦਰ ਅਸਮਾਨ ਦੇ ਤਾਰੇ ਤੋੜਦਾ ਹੈ, ਪਰ ਹੱਥੀ ਕੁੱਝ ਵੀ ਕਰਨ ਜੋਗ੍ਹਾ ਨਹੀਂ।

'ਅੱਖ ਉੱਚੀ ਨਾ ਕਰ ਸਕਣਾ' ਕਿਸੇ ਖੁਨਾਮੀ ਜਾਂ ਮੰਦੀ ਕਰਤੂਤ ਕਥਕੇ ਸ਼ਰਮ ਦੇ ਮਾਰੇ ਸਿਰ ਨਾ ਚੁਕ ਸਕਣਾ। ਜਿਵੇਂ : ਮੇਰੇ ਸਾਹਵੇਂ ਉਹ ਅੱਖ ਉੱਚੀ ਨਹੀਂ ਕਰ ਸਕਦਾ; ਮੈਂ ਉਹਦੀਆਂ ਸਾਰੀਆਂ ਕਰਤੂਤਾਂ ਤੋਂ ਜਾਣੂ ਹਾਂ।

'ਇਕ ਮੁੱਠ ਹੋ ਜਾਣਾ' ਏਕਾ ਕਰ ਲੈਣਾ; ਇਤਫ਼ਾਕ ਬਣਾ ਲੈਣਾ। ਜਿਵੇਂ, 'ਆਪਸੀ ਮਤ-ਭੇਦ ਭੁਲਾ ਕੇ ਇਕ-ਮੁੱਠ ਹੋ ਜਾਓ।'

'ਇੱਕੋ ਡੱਗੇ ਪਿੰਡ ਮੰਗਣਾ' ਇੱਕੋ ਜਤਨ ਨਾਲ ਬਹੁਤ ਵੱਡਾ ਕੰਮ ਮੁਕਾਉਣ ਦਾ ਜਤਨ ਕਰਨਾ; ਇੱਕੋ ਵਾਰੀ ਸਭ ਕੁੱਝ ਕਰ ਲੈਣ ਦੀ ਕਾਹਲ ਕਰਨੀ। ਜਿਵੇਂ : 'ਇਸ ਕੰਮ ਨੂੰ ਕਾਫ਼ੀ ਸਮਾਂ ਲੱਗੇਗਾ, ਇੱਕੋ ਡੱਗੇ ਪਿੰਡ ਮੰਗਣ ਦੀ ਕੋਸ਼ਿਸ਼ ਨਾ ਕਰੋ।'

'ਸੱਤੀ ਕੱਪੜੀ ਅੱਗ ਲੱਗਣੀ' ਗੁੱਸੇ ਵਿਚ ਸੜ ਉੱਠਣਾ। ਜਿਵੇਂ: ਆਪਣੇ ਸਕੇ ਭਰਾ ਵਲੋਂ ਇੰਝ ਧ੍ਰੋਹ ਕਮਾਉਣ ਤੇ ਕਮਲਜੀਤ ਦੇ ਸੱਤੀ ਕੱਪੜੀ ਅੱਗ ਲੱਗ ਗਈ।

'ਸੋਹਲੇ ਗਾਉਣਾ' ਬਹੁਤ ਜ਼ਿਆਦਾ ਪ੍ਰਸ਼ੰਸਾ ਕਰਨੀ; ਹਰ ਵੇਲੇ ਕਿਸੇ ਦੀ ਸਿਫ਼ਤ ਕਰਦੇ ਰਹਿਣਾ। ਜਿਵੇਂ : ਤੁਸੀਂ ਹਰ ਵੇਲੇ ਸਤੀਸ਼ ਦੇ ਸੋਹਲੇ ਗਾਉਂਦੇ ਰਹਿੰਦੇ ਸਾਉ, ਪਰ ਭੀੜ ਬਣੀ ਤੇ ਉਸ ਨੇ ਤੁਹਾਡੀ ਕੋਈ ਮਦਦ ਨਾ ਕੀਤੀ।

'ਸਿੰਗ ਅੜਾਉਣੇ' ਕਿਸੇ ਨਾਲ ਝਗੜਾ ਕਰਨਾ; ਲੜਾਈ ਸਹੇੜਨਾ। ਜਿਵੇਂ : 'ਐਵੇਂ ਉਸ ਗੁੰਡੇ ਨਾਲ ਸਿੰਗ ਨਾ ਅੜਾ, ਤੂੰ ਉਹਦੇ ਵਾਰੇ ਨਹੀਂ ਆ ਸਕਦਾ।'

'ਹੱਥ ਪੈਰ ਮਾਰਨੇ' ਜਤਨ ਕਰਨਾ; ਕੋਸ਼ਿਸ਼ ਕਰਨੀ। ਜਿਵੇਂ : ਅਸਾਂ ਬਥੇਰੇ ਹੱਥ ਪੈਰ ਮਾਰੇ, ਪਰ ਮੁਕਦਮੇ ਵਿਚ ਉਸਦੀ ਕੋਈ ਮਦਦ ਨ ਕਰ ਸਕੇ।

'ਕੱਖ ਭੰਨ ਕੇ ਦੂਹਰਾ ਨਾ ਕਰਨਾ' ਬਿਲਕੁਲ ਨਿਕੰਮੇ ਬੈਠੇ ਰਹਿਣਾ; ਕੁਝ ਨਾ ਕਰਨਾ। ਜਿਵੇਂ: ਅਜਿਹੇ ਬੰਦੇ ਨੂੰ ਕੋਣ ਨੌਕਰ ਰੱਖੇਗਾ, ਇਹ ਤਾਂ ਨਿਰਾ ਖਾਣ, ਪੀਣ ਜਾਣਦਾ ਹੈ, ਉਂਵ ਕੱਖ ਭੰਨ ਕੇ ਦੂਹਰਾ ਨਹੀ ਕਰਦਾ।

'ਗੁੱਡੀ ਚੜ੍ਹਨੀ' ਬਹੁਤ ਬਹੁਤ ਸਫਲਤਾ ਮਿਲਨੀ; ਤੇਜ, ਪ੍ਰਤਾਪ ਵਧਣਾ। ਜਿਵੇਂ : ਅੱਜ ਕੱਲ੍ਹ ਕਿਸ਼ਨੇ ਦੀ ਗੁੱਡੀ ਚੜ੍ਹੀ ਹੋਈ ਹੈ; ਹੁਣ ਉਹ ਕਿਸੇ ਦੀ ਪਰਵਾਹ ਨਹੀਂ ਕਰਦਾ।

'ਗਲ ਪਿਆ ਢੋਲ ਵਜਾਉਣਾ' ਨਾ ਚਾਹੁੰਦਿਆਂ ਹੋਇਆਂ, ਮਜਬੂਰਨ ਕੋਈ ਕੰਮ ਕਰਨਾ ਪੈਣਾ ਅਥਵਾ ਮਜਬੂਰੀ ਦੀ ਹਾਲਤ ਵਿਚ ਕੋਈ ਜ਼ੁੰਮੇਵਾਰੀ ਨਿਭਾਉਣੀ ਪੈਣੀ। ਜਿਵੇਂ : ਅਸਾਂ ਕਿਸੇ ਭੁਲੇਖੇ ਵਿਚ ਇਹ ਧੰਧਾ ਸ਼ੁਰੂ ਕਰ ਲਿਆ ਸੀ ਅਤੇ ਹੁਣ ਸਾਨੂੰ ਇਹ ਗਲ ਪਿਆ ਢੋਲ ਵਜਾਉਣਾ ਪੈ ਰਿਹਾ ਹੈ।

'ਦਾਲ ਨਾ ਗਲਨੀ' ਕਾਮਯਾਬੀ ਨਾ ਮਿਲਨੀ; ਗੱਲ ਨਾ ਬਣਨੀ। ਜਿਵੇਂ : ਟੱਕਰਾਂ ਨਾ ਮਾਰੋ, ਏਥੇ ਤੁਹਾਡੀ ਦਾਲ ਨਹੀਂ ਗਲਨੀ।

'ਦਿਨ ਫਿਰਨੇ' ਮੰਦੇ ਹਾਲਾਂ ਤੋਂ ਪਿੱਛੋਂ ਚੰਗੀ ਹਾਲਤ ਹੋ ਜਾਣੀ; ਗਰੀਬੀ ਤੋਂ ਪਿੱਛੋਂ ਅਮੀਰੀ ਵਾਲੇ ਦਿਨ ਆ ਜਾਣੇ; ਔਖ ਤੋਂ ਪਿੱਛੋਂ ਸੌਖ ਵਾਲਾ ਸਮਾਂ ਆਉਣਾ। ਜਿਵੇਂ : ਬੜੇ ਔਖੇ ਸਮੇਂ ਵੇਖੇ ਹਨ, ਪਰ ਪਰਮਾਤਮਾ ਦੀ ਕਿਰਪਾ ਨਾਲ ਹੁਣ ਕੁੱਝ ਦਿਨ ਫਿਰੇ ਹਨ ਤੇ ਰੱਜ ਕੇ ਰੋਟੀ ਖਾਣ ਲੱਗੇ ਹਾਂ।

'ਨੱਕ ਵੱਢਣਾ' ਬੁਰੀ ਤਰ੍ਹਾਂ ਬੇਇਜ਼ਤ ਕਰਨਾ। ਜਿਵੇਂ : ਧੀ ਮਾਪਿਆਂ ਦਾ ਨੱਕ-ਵੱਢ ਕੇ, ਗੁਆਂਢੀਆਂ ਦੇ ਮੁੰਡੇ ਨਾਲ ਨਿਕਲ ਗਈ।

'ਬਾਂਹ ਫੜਨੀ' ਮਦਦ ਕਰਨੀ; ਆਸਰਾ ਦੇਣਾ। ਜਿਵੇਂ : ਮੈਂ ਤੁਹਾਡਾ ਇਹਸਾਨ ਕਦੇ ਨਹੀ ਭੁੱਲ ਸਕਦਾ; ਤੁਸਾਂ ਔਖੇ ਵੇਲੇ ਮੇਰੀ ਬਾਂਹ ਫੜੀ ਸੀ।

ਮਗਰੋਂ ਲਾਹੁਣਾ' ਕਿਸੇ ਤੋਂ ਪਿੱਛਾ ਛੁਡਾਉਣਾ, ਖਹਿੜਾ ਛੁਡਾਉਣਾ। ਜਿਵੇਂ : ਸ਼ਾਮ ਲਾਲ ਅੱਜ ਫੇਰ ਦੋ ਹਜ਼ਾਰ ਰੁਪਈਏ ਮੰਗ ਰਿਹਾ ਸੀ, ਮੈਂ ਪੰਜ ਸੌ ਦੇ ਕੇ ਮਸਾਂ ਉਸ ਨੂੰ ਮਗਰੋਂ ਲਾਹਿਆ ਹੈ।

'ਮੂੰਹ ਮੋਟਾ ਕਰਨਾ' ਰੁੱਸ ਜਾਣਾ; ਨਾਰਾਜ਼ ਹੋ ਜਾਣਾ। ਜਿਵੇਂ : ਅਸਾਂ ਤਾਂ ਉਸ ਨੂੰ ਕੁੱਝ ਨਹੀ ਕਿਹਾ; ਪਤਾ ਨਹੀ ਉਹ ਕਿਉਂ ਮੂੰਹ ਮੋਟਾ ਕਰੀ ਫਿਰਦਾ ਹੈ?

'ਵਾਹ ਲਾਉਣੀ' ਜਤਨ ਕਰਨਾ, ਕੋਸ਼ਿਸ਼ ਕਰਨੀ। ਜਿਵੇਂ : ਅਸੀ ਇਹ ਕੰਮ ਸਮੇਂ ਸਿਰ ਮੁਕਾਉਣ ਲਈ ਪੂਰੀ ਵਾਹ ਲਾ ਦਿਆਂਗੇ।

ਪੰਜਵਾਂ ਅਭਿਆਸ

ਨੋਟ : ਹੇਠ-ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖ਼ਾਲੀ ਛਡੀਆਂ ਥਾਵਾਂ ਉੱਤੇ ਦੇਣੇ ਹਨ। ਜਵਾਬ ਅਖ਼ੀਰ ਵਿਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਅਖਾਣ ਕਿਸ ਨੂੰ ਕਹਿੰਦੇ ਹਨ?

---

2 ਪੰਜਾਬੀ ਦੇ ਕੋਈ ਪੰਜ ਮੁਹਾਵਰੇ ਵਾਕਾਂ ਵਿਚ ਵਰਤ ਕੇ ਵਿਖਾਓ।

3.8 ਸਾਰ

ਵਾਕ ਸ਼ਬਦਾਂ ਦੇ ਸਮੂਹ ਹੁੰਦੇ ਹਨ ਤੇ ਸ਼ਬਦ ਵਾਕ ਵਿਚ ਨਿਸਚਿਤ ਨਿਯਮਾਂ ਅਨੁਸਾਰ ਪਰੋਏ ਜਾਂਦੇ ਹਨ। ਵਿਆਕਰਨਕਾਰ ਵਾਕਾਂ ਨੂੰ ਬਣਤਰ ਦੇ ਆਧਾਰ ਉੱਤੇ ਤੇ ਅਰਥਾਂ ਦੇ ਆਧਾਰ ਉੱਤੇ ਵੱਖ-ਵੱਖ ਸ਼੍ਰੇਣੀਆਂ ਵਿਚ ਵੰਡਦੇ ਹਨ। ਜਿਵੇਂ ਪੰਜਾਬੀ ਵਾਕ ਦੀ ਆਮ ਤਰਤੀਬ ਹੈ—ਕਰਤਾ, ਕਰਮ, ਕਿਰਿਆ, ਜਿਵੇਂ ਵਿਦਿਆਰਥੀ ਨੇ ਕਿਤਾਬ ਪੜ੍ਹੀ। ਇਸ ਦੇ ਉਲਟ ਅੰਗਰੇਜ਼ੀ ਵਾਕ ਦਾ ਕ੍ਰਮ ਹੈ। ਕਰਤਾ, ਕਿਰਿਆ ਤੇ ਕਰਮ, ਜਿਵੇਂ student read the book ਇਸੇ ਤਰ੍ਹਾਂ ਪੰਜਾਬੀ ਵਿਚ ਸਥੰਧਕ ਨਾਂਵ ਤੋਂ ਬਾਅਦ ਆਉਂਦਾ ਹੈ—ਕਿਤਾਬ ਮੇਜ਼ ਉੱਤੇ ਹੈ। ਅੰਗਰੇਜ਼ੀ ਦੇ ਸੰਬੰਧਕ ਨਾਂਵ ਤੋਂ ਪਹਿਲਾਂ ਆਉਂਦੇ ਹਨ, ਜਿਵੇਂ The book is on the table. ਹਰ ਭਾਸ਼ਾ ਵਿਚ ਅਖਾਣ ਤੇ ਮੁਹਾਵਰੇ ਵਰਤੇ ਜਾਂਦੇ ਹਨ, ਅਤੇ ਮੁਹਾਵਰਿਆਂ ਦਾ ਵਿਸ਼ਾਲ ਭੰਡਾਰ ਹੈ।

3.9 ਸਹਾਇਕ ਪੁਸਤਕਾਂ

1 ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ ਗੁਜਰਾਂਵਾਲੀਆਂ, **ਕਾਲਜ ਪੰਜਾਬੀ ਵਿਆਕਰਨ** ਪੰਜਾਬ ਸਟੇਟ ਯੂਨੀਵਰਸਿਟੀ, ਟੈਕਸਟ ਬੁਕ ਬੋਰਡ, ਚੰਡੀਗੜ੍ਹ।

2 ਕਰਤਾਰ ਸਿੰਘ ਤੇ ਹੋਰ ਵਿਦਵਾਨ, **ਪੰਜਾਬੀ ਵਿਆਕਰਨ ਤੇ ਲੇਖ-ਰਚਨਾ** ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਪੰਜਾਬ)

3.10 ਅਭਿਆਸਾਂ ਦੇ ਉੱਤਰ

ਪਹਿਲਾ ਅਭਿਆਸ

1 ਵਿਆਕਰਣਿਕ ਵਿਸ਼ਲੇਸ਼ਣ ਦੇ ਪੱਖ ਤੋਂ ਭਾਸ਼ਾ ਦੀ ਸਭ ਤੋਂ ਵੱਡੀ ਸਾਰਥਕ ਇਕਾਈ ਨੂੰ ਵਾਕ ਕਹਿੰਦੇ ਹਨ।

2

ਉੱਦੇਸ਼	**ਵਿਧੇਅ**
ਸਾਡੇ ਸਕੂਲ ਦੀ ਟੀਮ	ਮੈਚ ਜਿੱਤ ਗਈ

ਲੋਕ
ਗ੍ਰਾਉਂਡ ਵਿਚ ਖੜੇ ਵਿਦਿਆਰਥੀ

ਘਰਾਂ ਦੀਆਂ ਛੱਤਾਂ ਉੱਤੇ ਚੜ੍ਹ ਗਏ
ਮੀਂਹ ਨਾਲ ਭਿੱਜ ਗਏ

ਦੂਜਾ ਅਭਿਆਸ

1 ਤੁਹਾਡੀਆਂ ਗੱਲਾਂ ਅਸਾਂ ਸੁਣ ਲਈਆਂ ਹਨ
ਹੁਣ ਸਾਡੀ ਵੀ ਸੁਣ ਲਓ
ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੋ

2 ਉਪਵਾਕ ਵਾਕ ਵਰਗੀ ਭਾਸ਼ਾਈ ਇਕਾਈ ਹੈ, ਜਿਸ ਵਿਚ ਉੱਦੇਸ਼ ਤੇ ਵਿਧੇਅ ਦੋਵੇਂ ਮੌਜੂਦ ਹੁੰਦੇ ਹਨ। ਵਾਕੰਸ਼ ਸ਼ਬਦ ਵਰਗੀ ਇਕਾਈ ਹੈ। ਇਸ ਵਿਚ ਉੱਦੇਸ਼ ਤੇ ਵਿਧੇਅ ਦੋਵੇਂ ਇਕੱਠੇ ਨਹੀਂ ਹੁੰਦੇ, ਦੁਹਾਂ ਵਿੱਚੋਂ ਕੋਈ ਇਕ ਹੀ ਹੁੰਦਾ ਹੈ।

ਤੀਜਾ ਅਭਿਆਸ

1 ਸਾਡਾ ਸਾਰਾ ਪਰਵਾਰ... - ਮਿਸ਼ਰਿਤ (ਇਕਹਿਰਾ) ਵਾਕ
ਅਸੀਂ ਕਾਲਜ... - ਮਿਸ਼ਰਿਤ ਵਾਕ
ਤੁਸਾਂ ਸਾਡੀ ਗੱਲ... - ਸੰਜੁਗਤ ਵਾਕ

2 ਸ਼ਾਬਾਸ਼, ਤੁਸਾਂ - ਵਿਸਮਿਕ ਵਾਕ
ਉਹ ਏਨੀ ਛੇਤੀ... - ਪ੍ਰਸ਼ਨਸੂਚਕ ਵਾਕ
ਅਜਿਹੀ ਗ਼ਲਤੀ... - ਆਗਿਆਬੋਧਕ ਵਾਕ
ਪਰਮਾਤਮਾ ਤੁਹਾਡੀ... - ਇੱਛਾਸੂਚਕ ਵਾਕ

ਚੌਥਾ ਅਭਿਆਸ

1 ਜਿਹੜੀ ਕਿਰਿਆ ਨਾਲ ਕਰਮ ਦੀ ਲੋੜ ਨਹੀਂ ਹੁੰਦੀ, ਅਰਥਾਤ ਕਰਮ ਦੀ ਵਰਤੋਂ ਤੋਂ ਬਿਨਾਂ ਹੀ ਵਾਕ ਪੂਰਾ ਹੋ ਜਾਂਦਾ ਹੈ, ਉਸ ਨੂੰ ਅਕਰਮਕ ਕਿਰਿਆ ਕਹਿੰਦੇ ਹਨ :
ਘੋੜੇ ਦੌੜਦੇ ਸਨ ; ਅੰਞਾਣੇ ਰੋ ਰਹੇ ਹਨ; ਤੂੰ ਕਿਉਂ ਹੱਸਦਾ ਹੈਂ ?

ਇਨ੍ਹਾਂ ਵਾਕਾਂ ਵਿਚ ਕਰਮ ਨਹੀਂ ਆਇਆ, ਪਰ ਵਾਕ ਮੁਕੰਮਲ ਹਨ। ਇੰਞ ਕਿਰਿਆਵਾਂ ਦੌੜਨਾ, ਰੋਣਾ, ਹੱਸਣਾ, ਜੋ ਇਨ੍ਹਾਂ ਵਾਕਾਂ ਵਿਚ ਵਰਤੀਆਂ ਗਈਆਂ ਹਨ, ਅਕਰਮਕ ਕਿਰਿਆਵਾਂ ਹਨ।

2 ਪੰਜਾਬੀ ਵਾਕ ਦੀ ਮੋਟੀ ਤਰਤੀਬ ਹੈ—ਕਰਤਾ, ਕਰਮ, ਕਿਰਿਆ। ਵਿਸ਼ੇਸ਼ਣ ਉਸ ਨਾਂਵ ਤੋਂ ਪਹਿਲਾਂ ਆਉਂਦਾ ਹੈ, ਜਿਸ ਦੀ ਉਹ ਵਿਸ਼ੇਸ਼ਤਾ ਦੱਸੇ। ਇਵੇਂ ਹੀ ਕਿਰਿਆ-ਵਿਸ਼ੇਸ਼ਣ ਸੰਬੰਧਿਤ ਕਿਰਿਆ ਤੋਂ ਪਹਿਲਾਂ ਆਉਂਦਾ ਹੈ। ਕਾਲ ਬੋਧਕ ਅੰਸ਼ ਕਿਰਿਆ ਦੇ ਅੰਤ ਵਿਚ ਆਉਂਦਾ ਹੈ। ਸੰਬੰਧਕ ਨਾਵਾਂ ਤੋਂ ਪਿੱਛੋਂ ਆਉਂਦੇ ਹਨ। ਪ੍ਰਸ਼ਨ ਸੂਚਕ ਸ਼ਬਦ, ਆਮ ਤੌਰ ਉੱਤੇ, ਕਰਤਾ ਤੋਂ ਪਿੱਛੋਂ ਆਉਂਦੇ ਹਨ।

ਪੰਜਵਾਂ ਅਭਿਆਸ

1 ਅਖਾਣ ਅਜਿਹੇ ਸ਼ਬਦ ਸਮੂਹ ਨੂੰ ਆਖਿਆ ਜਾਂਦਾ ਹੈ ਜਿਸ ਵਿਚ ਕੋਈ ਸਚਾਈ, ਕੋਈ ਸਿੱਧਾਂਤ, ਕੋਈ ਵਿਚਾਰ ਅਥਵਾ ਮਨੁੱਖੀ ਤਜਰਬੇ ਦਾ ਸਾਰ ਸੰਕੇਤਕ ਢੰਗ ਨਾਲ ਸੰਖੇਪ ਕਰਕੇ ਬਿਆਨ ਕੀਤਾ ਗਿਆ ਹੋਵੇ। ਅਖਾਣ ਹਮੇਸ਼ਾ ਆਪਣੇ ਬਨ੍ਹਵੇਂ ਤੇ ਮੂਲ ਰੂਪ ਵਿਚ ਵਰਤੇ ਜਾਂਦੇ ਹਨ।

2 ਅੱਖ ਲੱਗਣੀ — ਪੜ੍ਹਦਿਆਂ, ਪੜ੍ਹਦਿਆਂ ਮੇਰੀ ਅੱਖ ਲੱਗ ਗਈ।
ਈਦ ਦਾ ਚੰਨ ਹੋਣਾ — ਤੁਸੀਂ ਤਾਂ ਹੁਣ ਈਦ ਦਾ ਚੰਨ ਹੋ ਗਏ ਹੋ, ਮਹੀਨਿਆਂ ਬੱਧੀ ਕਦੇ ਨਜ਼ਰ ਹੀ ਨਹੀਂ ਆਉਂਦੇ।
ਖੰਡ ਖੀਰ ਹੋਣਾ — ਕਦੇ ਤਾਂ ਉਹ ਦੋਵੇਂ ਇਕ ਦੂਜੇ ਨਾਲ ਗੱਲ ਨਹੀਂ ਸਨ ਕਰਦ, ਅਤੇ ਹੁਣ ਮੂਲੋਂ ਹੀ ਖੰਡ ਖੀਰ ਹੋ ਗਏ ਹਨ।
ਦੰਦ ਖੱਟੇ ਕਰਨੇ — ਸਾਡੀਆਂ ਫ਼ੌਜਾਂ ਨੇ ਦੁਸ਼ਮਨ ਦੇ ਦੰਦ ਖੱਟੇ ਕਰ ਦਿੱਤੇ।
ਲੋਈ ਲਾਹੁਣੀ — ਉਸ ਨੂੰ ਕੋਈ ਸ਼ਰਮ ਹਯਾ ਨਹੀਂ, ਮੂਲੋਂ ਹੀ ਲੋਈ ਲਾਹ ਦਿੱਤੀ ਹੈ।

ਪਾਠ 4 ਸ਼ਬਦ ਜੋੜ

ਪਾਠ ਦੀ ਰੂਪ-ਰੇਖਾ

4.0 ਮਨੋਰਥ
4.1 ਭੂਮਿਕਾ
4.2 ਸ਼ਬਦ-ਜੋੜਾਂ ਦੇ ਮੁੱਖ ਆਧਾਰ
4.3 ਸ਼ਬਦ-ਜੋੜਾਂ ਦੇ ਚੌਣਵੇਂ ਨਿਯਮ
4.4 ਕੁਝ ਫ਼ੁਟਕਲ ਜੋੜ
4.5 ਸਾਰ
4.6 ਸਹਾਇਕ ਪੁਸਤਕਾਂ
4.7 ਅਭਿਆਸਾਂ ਦੇ ਉੱਤਰ

4.0 ਮਨੋਰਥ

ਜਦੋਂ ਹੋਰ ਭਾਸ਼ਾਵਾਂ ਦੇ ਲੇਖਕ ਪੰਜਾਬੀ ਲੇਖਕਾਂ ਨੂੰ ਉਲਾਂਭਾ ਦੇਂਦੇ ਹਨ ਕਿ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜ ਅਜੇ ਤਕ ਵੀ ਇਕਸਾਰ ਨਹੀਂ ਹਨ ਤਾਂ ਪੰਜਾਬੀ ਲੇਖਕਾਂ ਨੂੰ ਸ਼ਰਮ ਨਾਲ ਸਿਰ ਨੀਵਾਂ ਕਰਨਾ ਪੈਂਦਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਕੁੱਝ ਸਾਲਾਂ ਤੋਂ ਆਪਣੀ ਭਾਸ਼ਾ ਨੂੰ ਇਸ ਉਲਾਂਭੇ ਤੋਂ ਬਚਾਉਣ ਲਈ ਬਾਕਾਇਦਾ ਉੱਦਮ ਸ਼ੁਰੂ ਕੀਤਾ ਹੋਇਆ ਹੈ। ਯੂਨੀਵਰਸਿਟੀ ਵੱਲੋਂ ਸ਼ਬਦ-ਜੋੜਾਂ ਦਾ ਇਕ ਕੋਸ਼ ਤਿਆਰ ਕਰ ਦਿੱਤਾ ਗਿਆ ਹੈ। ਇਹ ਕੋਸ਼ ਚੋਟੀ ਦੇ ਵਿਦਵਾਨ ਨੇ ਇਕੱਲਿਆਂ ਬੈਠ ਕੇ ਤਿਆਰ ਕੀਤਾ ਹੈ। ਇਸ ਪਾਠ ਵਿਚ ਇਨ੍ਹਾਂ ਵਿਦਵਾਨਾਂ ਵੱਲੋਂ ਨਿਰਧਾਰਿਤ ਨਿਯਮ ਸਮਝਾਉਣ ਦਾ ਜਤਨ ਕੀਤਾ ਜਾਵੇਗਾ।

ਆਸ ਹੈ ਇਨ੍ਹਾਂ ਨਿਯਮਾਂ ਦੇ ਅਭਿਆਸ ਉਪਰੰਤ ਤੁਸੀਂ ਸ਼ੁੱਧ ਸ਼ਬਦ ਜੋੜ ਲਿਖਣ ਦੇ ਸਮਰਥ ਹੋ ਜਾਵੋਗੇ।

4.1 ਭੂਮਿਕਾ

ਅਸੀਂ ਉੱਪਰ ਪੈਰਾ 4.0 ਵਿਚ ਇਸ਼ਾਰਾ ਕਰ ਆਏ ਹਾਂ ਕਿ ਪੰਜਾਬੀ ਦੇ ਸ਼ਬਦ-ਜੋੜਾਂ ਵਿਚ ਇਕਸਾਰਤਾ ਲਿਆਉਣ ਦਾ ਕਾਰਜ ਅਹਮ ਵੀ ਹੈ ਤੇ ਔਖਾ ਵੀ। ਇਹ ਪਾਠ ਕਿਉਂਕਿ ਇਸ ਕਾਰਜ ਨੂੰ ਸੌਖਾ ਬਣਾਉਣ ਲਈ ਲਿਖਿਆ ਗਿਆ ਹੈ। ਅਸੀਂ ਇਸ ਦੇ ਤਿੰਨ ਭਾਗ ਬਣਾਏ ਹਨ :

1 ਸ਼ਬਦ ਜੋੜਾਂ ਦੇ ਮੁੱਖ ਆਧਾਰ
2 ਪੰਜਾਬੀ ਸ਼ਬਦ ਜੋੜਾਂ ਦੇ ਉੱਘੇ ਨਿਯਮ
3 ਕੁੱਝ ਫ਼ੁਟਕਲ ਸ਼ਬਦ-ਜੋੜ

ਜੇ ਤੁਸੀਂ ਅਭਿਆਸਾਂ ਵਲ ਪੂਰਾ ਧਿਆਨ ਦਿੱਤਾ ਤਾਂ ਤੁਸੀਂ ਉਪਰੋਕਤ ਉਲਾਂਭੇ ਦੇ ਭਾਗੀ ਨਹੀਂ ਬਣ ਸਕੋਗੇ।

4.2 ਸ਼ਬਦ-ਜੋੜਾਂ ਦੇ ਮੁੱਖ ਆਧਾਰ

ਬੋਲੇ ਹੋਏ ਸ਼ਬਦਾਂ ਨੂੰ ਲਿਖਤ ਦਾ ਰੂਪ ਦੇਣ ਲਈ ਲਿਪੀ ਦੀ ਲੋੜ ਪੈਂਦੀ ਹੈ। ਆਮ ਤੌਰ ਉੱਤੇ, ਲਿਪੀ ਦਾ ਹਰ ਅੱਖਰ ਭਾਸ਼ਾ ਦੀ ਕਿਸੇ ਧੁਨੀ ਲਈ ਵਰਤਿਆ ਜਾਂਦਾ ਹੈ। ਭਾਸ਼ਾ ਵਿਗਿਆਨ ਵਿਚ ਕਿਹਾ ਜਾਂਦਾ ਹੈ ਕਿ ਲਿਪੀ ਦੇ ਅੱਖਰ ਧੁਨੀਆਂ ਨੂੰ ਦਰਸਾਉਣ ਵਾਲੇ ਚਿਨ੍ਹ ਹੁੰਦੇ ਹਨ। ਬੋਲੇ ਹੋਏ ਸ਼ਬਦ ਧੁਨੀਆਂ ਦਾ ਸਮੂਹ ਹੁੰਦੇ ਹਨ। ਲਿਖੇ ਹੋਏ ਸ਼ਬਦ ਅੱਖਰਾਂ ਜਾਂ ਵਰਨਾਂ ਦਾ ਸਮੂਹ ਹੁੰਦੇ ਹਨ। ਜਦੋਂ ਅਸੀਂ 'ਸ਼ਬਦ-ਜੋੜ' ਕਹਿੰਦੇ ਹਾਂ ਤਾਂ ਇਸ ਦਾ ਭਾਵ ਹੁੰਦਾ ਹੈ, 'ਬੋਲ ਜਾਂ ਧੁਨੀ ਅਨੁਸਾਰ ਅੱਖਰਾਂ ਦਾ ਜੋੜਨਾ। ਹਰ ਲਿਪੀ ਦੇ ਸ਼ਬਦ-ਜੋੜਾਂ ਦੇ ਆਪਣੇ ਕੁੱਝ ਨਿਯਮ ਹੁੰਦੇ ਹਨ ਜੋ ਕੁੱਝ ਆਧਾਰਾਂ ਉੱਤੇ ਨਿਰਭਰ ਹੁੰਦੇ ਹਨ। ਸਭ ਤੋਂ ਪਹਿਲਾਂ ਅਸੀਂ ਸ਼ਬਦ-ਜੋੜਾਂ ਦੇ ਆਧਾਰਾਂ ਬਾਰੇ ਵਿਚਾਰ ਕਰਾਂਗੇ।

ਉੱਤੇ ਦੱਸਿਆ ਗਿਆ ਹੈ ਕਿ ਬੋਲੇ ਹੋਏ ਸ਼ਬਦਾਂ ਨੂੰ ਲਿਖਤ ਦਾ ਰੂਪ ਦੇਣ ਲਈ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸ਼ਬਦ-ਜੋੜਾਂ ਦਾ ਮੁੱਖ ਆਧਾਰ ਉਚਾਰਨ ਹੈ—ਅਸੀਂ ਸ਼ਬਦਾਂ ਨੂੰ ਉਵੇਂ ਹੀ ਲਿਖਣ ਦਾ ਜਤਨ ਕਰਦੇ ਹਾਂ ਜਿਵੇਂ ਉਹ ਉਚਾਰੇ ਜਾਂਦੇ ਹਨ। ਪਰ ਮਸਲੇ ਨੂੰ ਜ਼ਰਾ ਗੰਭੀਰਤਾ ਨਾਲ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਕੇਵਲ ਉਚਾਰਨ ਨੂੰ ਆਧਾਰ ਮੰਨ ਕੇ ਸੁਚੱਜੇ ਸ਼ਬਦ-ਜੋੜ ਨਹੀਂ ਬਣਾਏ ਜਾ ਸਕਦੇ। 'ਅੱਜ ਦੀ ਡਾਕ ਵਿਚ ਚਾਰ ਚਿੱਠੀਆਂ ਆਈਆਂ' ਵਾਕ ਦੇ ਅੰਤਿਮ ਸ਼ਬਦ 'ਆਈਆਂ' ਦਾ ਉਚਾਰਨ ਆਮ ਪੰਜਾਬੀ 'ਆਈਆਂ' ਕਰਦੇ ਹਨ; ਅਰਥਾਤ ਸਾਧਾਰਨ ਉਚਾਰਨ ਵਿਚ ਸਾਰੇ ਸ੍ਵਰ ਨਾਸਿਕੀ ਹੋ ਜਾਂਦੇ ਹਨ। ਜੇ ਕੇਵਲ ਉਚਾਰਨ ਨੂੰ ਹੀ ਆਧਾਰ ਮੰਨਿਆ ਜਾਵੇ ਤਾਂ ਇਸ ਸ਼ਬਦ ਦੇ ਜੋੜ 'ਆਈਆਂ' ਹੋਣੇ ਚਾਹੀਦੇ ਹਨ। ਹੁਣ ਅਸੀਂ ਜ਼ਰਾ ਇਸ ਸ਼ਬਦ ਦੀ ਵਿਆਕਰਨਿਕ ਬਣਤਰ ਵਿਚਾਰੀਏ। ਕਿਰਿਆ '-ਆ' ਤੋਂ 'ਆਈ' ਇਕ ਵਚਨ, ਇਸਤਰੀ ਲਿੰਗ ਰੂਪ ਬਣਿਆ; ਇਸ ਦੇ ਪਿੱਛੇ ਬਹੁਵਚਨ ਦਾ '-ਆਂ' ਲਾ ਕੇ 'ਆਈਆਂ' ਬਣਿਆ। ਏਹੋ ਹੀ ਇਸ ਸ਼ਬਦ ਦੀ ਸਹੀ ਜੋੜ ਹਨ। ਸੋ ਸਿਰਫ਼ ਉਚਾਰਨ ਦਾ ਹੀ ਨਹੀਂ, ਵਿਆਕਰਨ ਦਾ ਵੀ ਧਿਆਨ ਰੱਖਿਆ ਗਿਆ ਹੈ।

ਹੋਰ ਵੇਖੋ—'ਧੋਬੀ', 'ਸੰਧੂਰ' ਤੇ 'ਗੰਧ' ਤਿੰਨਾਂ ਸ਼ਬਦਾਂ ਵਿਚ ਆਏ ਅੱਖਰ 'ਧ' ਦਾ ਉਚਾਰਨ ਵੱਖ-ਵੱਖ ਹੈ। ਅਜੋਕੇ ਪੰਜਾਬੀ ਉਚਾਰਨ ਵਿਚ 'ਘ', 'ਝ', 'ਢ', 'ਧ', 'ਭ' ਜੇ ਸ਼ਬਦਾਂ ਦੇ ਅਰੰਭ ਵਿਚ ਆਉਣ ਤਾਂ ਇਨ੍ਹਾਂ ਦਾ ਉਚਾਰਨ ਕੁੱਝ ਹੋਰ ਹੁੰਦਾ ਹੈ, ਸ਼ਬਦ ਦੇ ਵਿਚਾਲੇ ਕੁੱਝ ਹੋਰ ਤੇ ਅੰਤ ਵਿਚ ਕੁੱਝ ਹੋਰ। ਉੱਤੇ ਦਿੱਤੇ ਸ਼ਬਦਾਂ 'ਧੋਬੀ', 'ਸੰਧੂਰ', 'ਕੰਧ' ਨੂੰ ਜੇ ਠੀਕ ਉਚਾਰਨ ਮੁਤਾਬਕ ਲਿਖਿਆ ਜਾਵੇ ਤਾਂ ਇਨ੍ਹਾਂ ਸ਼ਬਦਾਂ ਵਿਚ ਆਏ 'ਧ' ਦੀ ਥਾਂ ਤਿੰਨ ਵੱਖ-ਵੱਖ ਅੱਖਰ ਵਰਤਣੇ ਪੈਣਗੇ। ਨਿਰਸੰਦੇਹ, ਕੋਈ ਵਿਦਵਾਨ ਅਜਿਹੇ ਸ਼ਬਦ-ਜੋੜ ਅਪਣਾਉਣ ਦੀ ਰਾਏ ਨਹੀਂ ਦੇਵੇਗਾ। ਸੋ ਇਹ ਮੰਨਣਾ ਪਏਗਾ ਕਿ ਸ਼ਬਦ-ਜੋੜਾਂ ਦਾ ਆਧਾਰ ਕੇਵਲ ਉਚਾਰਨ ਨਹੀਂ ਹੋ ਸਕਦਾ। ਹੁਣ ਅਸਾਂ ਇਹ ਵੇਖਣਾ ਹੈ ਕਿ ਉਚਾਰਨ ਤੋਂ ਇਲਾਵਾ ਸ਼ਬਦ-ਜੋੜਾਂ ਦੇ ਹੋਰ ਕਿਹੜੇ ਆਧਾਰ ਮੰਨੇ ਜਾ ਸਕਦੇ ਹਨ।

ਇੱਕ ਹੋਰ ਉਦਾਹਰਨ ਵਿਚਾਰਿਆ ਜਾਵੇ। ਸ਼ਬਦ 'ਮੰਨੇ' ਦਾ ਆਮ ਉਚਾਰਨ ਵਿਚ 'ਨ' ਨੂੰ ਲੱਗੀ ਲਾ ਬਿੰਦੀ (ਨਾਸਿਕਤਾ) ਉਚਾਰੀ ਜਾਂਦੀ ਹੈ। ਪਰ ਜੇ ਇਸ ਦੀ ਵਿਆਕਰਨਿਕ ਸਥਿਤੀ ਵੇਖੀਏ ਤਾਂ ਦੂਜੇ ਪੁਰਖ, ਇੱਕ ਵਚਨ ਦੇ ਕਿਰਿਆ ਰੂਪਾਂ ਵਿਚ ਇਹ ਬਿੰਦੀ ਅਵੱਸ਼ ਆਉਂਦੀ ਹੈ। 'ਜੇ ਤੂੰ ਲਿਖੇਂ, ਜੇ ਤੂੰ ਜਾਵੇਂ, ਵਿਚ ਕਿਰਿਆਵਾਂ 'ਲਿਖੇਂ', 'ਜਾਵੇਂ' ਵਿਚ ਬਿੰਦੀ ਲੱਗੀ ਹੋਈ ਹੈ, ਤਾਂ 'ਜੇ ਤੂੰ 'ਮੰਨੇਂ' ਵਿਚ ਵੀ ਲੱਗੇਗੀ। ਪਰ ਤੀਜੇ ਪੁਰਖ, ਇੱਕ ਵਚਨ ਦੀ ਕਿਰਿਆ ਵਿਚ ਇਹ ਬਿੰਦੀ ਨਹੀਂ ਲੱਗ ਸਕਦੀ। 'ਜੇ ਉਹ ਲਿਖੇ, ਜੇ ਉਹ ਜਾਵੇ' ਵਿਚ 'ਲਿਖੇ' ਤੇ 'ਜਾਵੇ' ਨਾਲ ਬਿੰਦੀ ਨਹੀਂ ਲੱਗੀ ਤਾਂ 'ਜੇ ਉਹ ਮੰਨੇਂ' ਵਿਚ ਵੀ ਨਹੀਂ ਲਗ ਸਕਦੀ, ਭਾਵੇਂ ਆਮ ਉਚਾਰਨ ਏਥੇ ਵੀ 'ਮੰਨੇਂ' ਹੀ ਹੈ ਪਰ ਵਿਆਕਰਨ ਦੇ ਪੱਖ ਤੋਂ ਸ਼ੁਧ ਰੂਪ 'ਮੰਨੇ' ਹੈ।

ਇਸ ਤੋਂ ਸਿੱਧ ਹੋਇਆ ਕਿ ਸ਼ਬਦ-ਜੋੜਾਂ ਦਾ ਇੱਕ ਆਧਾਰ 'ਵਿਆਕਰਨ' ਵੀ ਹੈ। ਬਹੁਤ ਸਾਰੇ ਸ਼ਬਦਾਂ ਦੇ ਜੋੜ ਨਿਸਚਿਤ ਕਰਦਿਆਂ ਵਿਆਕਰਨ ਸਾਡੀ ਸਹਾਇਤਾ ਕਰਦਾ ਹੈ। ਕਈ ਲੇਖਕ 'ਵਿਸ਼ੇਸ਼ਤਾ' ਦਾ ਬਹੁਵਚਨ ਵਿਸ਼ੇਸ਼ਤਾਈਆਂ' ਲਿਖਦੇ ਹਨ। ਜੋ ਅਸ਼ੁੱਧ ਹੈ। ਵਿਆਕਰਨ ਅਨੁਸਾਰ ਜਿਹੜੇ ਇਸਤਰੀ ਲਿੰਗ ਨਾਵਾਂ ਦੇ ਅੰਤ ਵਿਚ -ਆ (ਕੰਨਾ) ਆਵੇ ਉਨ੍ਹਾਂ ਦਾ ਬਹੁਵਚਨ '-ਵਾਂ' ਲਾ ਕੇ ਬਣਦਾ ਹੈ -'ਭਾਸ਼ਾ' ਤੋਂ 'ਭਾਸ਼ਾਵਾਂ' 'ਇੱਛਾ' ਤੋਂ 'ਇੱਛਾਵਾਂ', 'ਹਵਾ' ਤੋਂ 'ਹਵਾਵਾਂ'। ਇਸ ਨਿਯਮ ਅਨੁਸਾਰ 'ਵਿਸ਼ੇਸ਼ਤਾ' ਦਾ ਬਹੁਵਚਨ 'ਵਿਸ਼ੇਸ਼ਤਾਵਾਂ' ਹੈ।

ਵਿਆਕਰਨ ਤੋਂ ਹੀ ਪਤਾ ਲੱਗਦਾ ਹੈ ਕਿ 'ਪਤਰ-ਪ੍ਰੇਰਕ' ਨੂੰ 'ਪੱਤਰ ਪ੍ਰੇਰਕ' ਅਰਥਾਤ ਵੱਖ-ਵੱਖ ਕਰਕੇ ਲਿਖਣਾ ਗ਼ਲਤ ਹੈ, ਕਿਉਂਕਿ ਇਹ ਦੋ ਨਾਂਵ 'ਪੱਤਰ' ਤੇ 'ਪ੍ਰੇਰਕ' ਜੁੜ ਕੇ ਇੱਕ ਵੱਖਰਾ ਨਾਂਵ ਬਣਾਉਂਦੇ ਹਨ, ਇਸ ਲਈ ਇਨ੍ਹਾਂ ਦੁਹਾਂ ਵਿਚਾਲੇ ਜੋੜਨੀ ਲਾ ਕੇ ਇਸ ਨੂੰ ਇੱਕ ਨਾਂਵ ਬਣਾਉਂਦਾ ਹੈ–'ਪੱਤਰ-ਪ੍ਰੇਰਕ। ਪਰ ਇਸ ਦੇ ਨਾਲ ਮਿਲਦੇ ਜੁਲਦੇ ਸ਼ਬਦ 'ਪੱਤਰਕਾਰ' ਨੂੰ 'ਪੱਤਰ-ਕਾਰ' ਲਿਖਣਾ ਗ਼ਲਤ ਹੈ। '-ਕਾਰ' ਪਿਛੇਤਰ ਹੈ, ਅਤੇ ਅਗੇਤਰ ਤੇ ਪਿਛੇਤਰ ਸ਼ਬਦ ਨਾਲ ਜੁੜਵੇਂ ਲਿਖੇ ਜਾਂਦੇ ਹਨ। ਸੋ 'ਪੱਤਰਕਾਰ' ਸ਼ੁੱਧ ਜੋੜ ਹਨ। ਇਵੇਂ ਹੀ 'ਸ਼੍ਰੀਮਾਨ' ਤੇ 'ਸ਼੍ਰੀਮਤੀ' ਨੂੰ ਵੱਖ-ਵੱਖ ਕਰਕੇ 'ਸ਼੍ਰੀ ਮਾਨ' ਤੇ 'ਸ਼੍ਰੀ ਮਤੀ' ਲਿਖਣਾ ਅਸ਼ੁੱਧ ਹੈ। '-ਮਾਨ' ਤੇ '-ਮਤੀ' ਦੋਵੇਂ ਸੰਸਕ੍ਰਿਤ ਦੇ ਪਿਛੇਤਰ ਹਨ। ਇਹ ਮੁੱਖ ਸ਼ਬਦ 'ਸ਼੍ਰੀ' ਦੇ ਨਾਲ ਜੁੜਵੇਂ ਲਿਖੇ ਜਾਣਗੇ। ਸ਼ੁੱਧ ਜੋੜ 'ਸ਼੍ਰੀਮਾਨ' ਤੇ 'ਸ਼੍ਰੀਮਤੀ' ਹਨ।

ਸ਼ਬਦ-ਜੋੜ ਨਿਰਧਾਰਿਤ ਕਰਦਿਆਂ, ਕਈ ਵਾਰ ਵਿਉਤਪੱਤੀ (etymology) ਦਾ ਸਹਾਰਾ ਵੀ ਲਿਆ ਜਾਂਦਾ ਹੈ। ਵਿਉਤਪੱਤੀ ਤੋਂ ਭਾਵ ਹੈ 'ਮੂਲ', ਮੁੱਢਲਾ ਜਾਂ ਪੁਰਾਣਾ ਰੂਪ। ਅਰਥਾਤ ਇਹ ਵੇਖਿਆ ਜਾਂਦਾ ਹੈ ਕਿ ਕਿਸੇ ਸ਼ਬਦ ਦਾ ਮੁੱਢਲਾ ਜਾਂ ਮੂਲ ਰੂਪ ਕੀ ਸੀ। ਕਈ ਲੇਖਕ ਸ਼ਬਦ 'ਪ੍ਰਮਾਤਮਾ' ਲਿਖਦੇ ਹਨ, ਜੋ ਗ਼ਲਤ ਹੈ। ਇਹ ਸ਼ਬਦ 'ਪਰਮ-ਆਤਮਾ' ਤੋਂ ਬਣਿਆ ਹੈ, ਇਸ ਲਈ ਇਸ ਦੇ ਜੋੜ 'ਪਰਮਾਤਮਾ' ਹੋਣਗੇ, 'ਪ੍ਰਮਾਤਮਾ' ਨਹੀਂ। 'ਸਰਦਾਰ' ਨੂੰ ਕੁੱਝ ਲੋਕ ਸ੍ਰਦਾਰ' ਲਿਖਦੇ ਹਨ। ਇਹ ਅਸ਼ੁੱਧ ਹੈ। ਇਹ ਸ਼ਬਦ ਫ਼ਾਰਸੀ 'ਸਰ+ਦਾਰ' ਦਾ ਸਮਾਸ ਹੈ, ਅਤੇ ਪੰਜਾਬੀ ਵਿਚ ਇਸ ਦਾ ਸਹੀ ਰੂਪ 'ਸਰਦਾਰ' ਹੈ। ਪ੍ਰੀਖਿਆ ਨੂੰ 'ਪ੍ਰੀਖਿਆ' ਲਿਖਣ ਵਾਲੇ ਬਹੁਤ ਹਨ। ਪਰ ਇਹ ਸ਼ਬਦ ਸੰਸਕ੍ਰਿਤ 'ਪਰੀਕਸ਼ਾ' ਤੋਂ ਬਣਿਆ ਹੈ। ਵਿਉਤਪੱਤੀ ਨੂੰ ਧਿਆਨ ਵਿਚ ਰੱਖਦਿਆਂ ਇਸ ਦੇ ਸਹੀ ਜੋੜ 'ਪਰੀਖਿਆ' ਹਨ ਕਈ ਲੇਖਕ 'ਸ਼ਾਖਾ' ਨੂੰ 'ਸ਼ਾਖਾ' ਲਿਖਦੇ ਹਨ। ਇਹ ਠੀਕ ਨਹੀਂ। 'ਸ਼ਾਖ' (ਫ਼ਾਰਸੀ) ਤੇ 'ਸ਼ਾਖਾ' (ਸੰਸਕ੍ਰਿਤ), ਦੇ ਵੱਖ-ਵੱਖ ਸ਼ਬਦ ਹਨ। ਅਰਥ ਦੁਹਾਂ ਦੇ ਇੱਕੋ ਹੀ ਹਨ। ਪਰ 'ਸ਼ਾਖਾ' ਦੇ ਖੱਖੇ ਦੇ ਪੈਰ ਵਿਚ ਬਿੰਦੀ ਲਾਉਣੀ ਗਲਤ ਹੈ, ਕਿਉਂਕਿ ਇਹ ਸੰਸਕ੍ਰਿਤ ਦਾ ਸ਼ਬਦ ਹੈ, ਅਤੇ ਸੰਸਕ੍ਰਿਤ ਵਿਚ /ਖ/ ਦੀ ਧੁਨੀ ਮੌਜੂਦ ਹੀ ਨਹੀ ਹੈ। ਇਵੇਂ ਹੀ 'ਸ਼ਾਖਾ' ਨੂੰ 'ਸ਼ਾਖ' ਲਿਖਣਾ ਗਲਤ ਹੈ, ਕਿਉਂਕਿ ਇਹ ਫ਼ਾਰਸੀ ਸ਼ਬਦ ਹੈ, ਅਤੇ ਫ਼ਾਰਸੀ ਵਿਚ /ਖ/ ਦੀ ਧੁਨੀ ਨਹੀ ਉਚਾਰੀ ਜਾਂਦੀ। ਸਹੀ ਜੋੜ ਹਨ–ਸ਼ਾਖਾ' ਅਤੇ 'ਸ਼ਾਖ਼'। 'ਲੰਬਰਦਾਰ' ਨੂੰ 'ਨੰਬਰਦਾਰ' ਲਿਖਣ ਦੀ ਰੁਚੀ ਆਮ ਹੈ, ਹਾਲਾਂ ਕਿ ਭਾਸ਼ਾ ਦੀ ਸੂਝ ਰੱਖਣ ਵਾਲੇ ਵਿਦਵਾਨ ਜਾਣਦੇ ਹਨ ਕਿ ਨੰਬਰ' ਅੰਗਰੇਜ਼ੀ ਸ਼ਬਦ ਹੈ, ਅਤੇ 'ਦਾਰ' ਫ਼ਾਰਸੀ ਹੈ। 'ਅੰਗਰੇਜ਼ੀ' ਸ਼ਬਦਾਂ ਨਾਲ ਫ਼ਾਰਸੀ ਪਿਛੇਤਰ ਜਾਂ ਸਮਾਸੀ ਅੰਸ਼ ਲਾਉਣ ਦੇ ਹੋਰ ਉਦਾਹਰਣ ਨਹੀਂ ਮਿਲਦੇ, ਅਤੇ 'ਨੰਬਰਦਾਰ' ਦੇ ਕੋਈ ਅਰਥ ਹੀ ਨਹੀਂ ਬਣਦੇ। ਇਸ ਸ਼ਬਦ ਦਾ ਮੂਲ ਰੂਪ 'ਅਲਮਬਰਦਾਰ' ਹੈ, ਜਿਸਦੇ ਅਰਥ ਹਨ 'ਝੰਡਾਬਰਦਾਰ, ਮੁੱਖੀ, ਸਰਦਾਰ'। ਆਮ ਬੋਲਚਾਲ ਵਿਚ ਅਰੰਭ ਵਾਲਾ /ਅ/ ਲੋਪ ਹੋ ਗਿਆ ਹੈ ਤੇ ਬਾਕੀ ਸ਼ਬਦ 'ਲੰਬਰਦਾਰ' ਰਹਿ ਗਿਆ। ਇਹੋ ਹੀ ਇਸ ਦੇ ਠੀਕ ਜੋੜ ਹਨ।

ਸੋ ਅਸੀਂ ਵੇਖਿਆ ਕਿ ਸ਼ਬਦ-ਜੋੜਾਂ ਦਾ ਇਕ ਆਧਾਰ ਵਿਉਤਪੱਤੀ ਵੀ ਹੈ।

ਵਿਆਕਰਨ ਤੇ ਵਿਉਤਪੱਤੀ ਤੋਂ ਇਲਾਵਾ ਸ਼ਬਦ-ਜੋੜਾਂ ਦਾ ਇਕ ਹੋਰ ਆਧਾਰ ਹੈ 'ਪਰੰਪਰਾ'। ਕਈਆਂ ਸ਼ਬਦਾਂ ਦੇ ਜੋੜ ਪਰੰਪਰਾ ਤੋਂ ਚਲੇ ਆ ਰਹੇ ਹਨ, ਅਤੇ ਇਹ ਪਰੰਪਰਾ ਏਨੀ ਦ੍ਰਿੜ੍ਹ ਹੋ ਚੁੱਕੀ ਹੈ ਕਿ ਇਸ ਨੂੰ ਬਦਲਣ ਨਾਲ ਕਈ ਹੋਰ ਸਮੱਸਿਆਵਾਂ ਖੜੀਆਂ ਹੋ ਜਾਂਦੀਆਂ ਹਨ। ਅਜਿਹੇ ਪਰੰਪਰਾ ਵਿਚ ਖੁੱਭੇ ਹੋਏ ਜੋੜ ਭਾਵੇਂ ਅਜੋਕੇ ਉਚਾਰਨ ਅਨੁਸਾਰ ਨਹੀਂ, ਪਰ ਉਨ੍ਹਾਂ ਨੂੰ ਸਵੀਕਾਰ ਕਰਨਾ ਪੈਂਦਾ ਹੈ। 'ਸਤਿਸ਼੍ਰੀ ਅਕਾਲ' ਦੇ ਪਹਿਲੇ ਸ਼ਬਦ ਦਾ ਅਜੋਕਾ ਉਚਾਰਨ 'ਸਤ' ਹੈ, 'ਸ਼੍ਰੀ' ਲਿਖਣ ਦੀ ਪਰੰਪਰਾ ਕਈਆਂ ਸਦੀਆਂ ਤੋਂ ਚਲੀ ਆ ਰਹੀ ਹੈ। ਅੱਜ ਇਸ ਨੂੰ ਬਦਲਨਾ ਕਾਫ਼ੀ ਮੁਸ਼ਕਲ ਹੈ। ਇਸ ਲਈ ਪਰੰਪਰਾ ਦਾ ਆਦਰ ਕਰਦਿਆਂ 'ਸਤਿ ਸ਼੍ਰੀ ਅਕਾਲ' ਹੀ ਸਹੀ ਜੋੜ ਮੰਨੇ ਗਏ ਹਨ।

ਪਿੱਛੇ ਅਸਾਂ ਵੇਖਿਆ ਹੈ ਕਿ 'ਧੋਬੀ', 'ਸੰਧੂਰ' ਤੇ 'ਕੰਧ' ਵਿਚ 'ਧ' ਦੇ ਤਿੰਨ ਵੱਖ-ਵੱਖ ਉਚਾਰਨ ਹਨ। ਪਰ ਪਰੰਪਰਾ ਤੋਂ ਤਿੰਨੀ ਥਾਈਂ ਅੱਖਰ 'ਧੱਧਾ' ਲਿਖੀਦਾ ਆ ਰਿਹਾ ਹੈ। ਅੱਜ ਇਸ ਪਰੰਪਰਾ ਨੂੰ ਬਦਲਣ ਨਾਲ ਫ਼ਾਇਦੇ ਨਾਲੋਂ ਨੁਕਸਾਨ ਜ਼ਿਆਦਾ ਹੋਵੇਗਾ। 'ਘ, ਝ, ਢ, ਧ, ਭ' ਵਾਲੇ ਹਜ਼ਾਰਾਂ ਹੀ ਸ਼ਬਦ ਸਾਡੀ ਭਾਸ਼ਾ ਵਿਚ ਅਜਿਹੇ ਹਨ ਜਿਨ੍ਹਾਂ ਦੇ ਜੋੜ ਉਚਾਰਨ ਦੇ ਅਨੁਸਾਰ ਨਹੀਂ, ਪਰ ਪਰੰਪਰਾ ਦੇ ਆਧਾਰ ਉੱਤੇ ਇਨ੍ਹਾਂ ਸ਼ਬਦਾਂ ਦੇ ਪੁਰਾਣੇ ਜੋੜ ਹੀ ਕਾਇਮ ਰੱਖਣੇ ਪਏ। ਇਨ੍ਹਾਂ ਨੂੰ ਬਦਲਨਾ ਸੰਭਵ ਨਹੀਂ।

ਇੰਜ ਅਸਾਂ ਵੇਖਿਆ ਹੈ ਕਿ ਸ਼ਬਦ-ਜੋੜਾਂ ਦਾ ਮੁੱਖ ਆਧਾਰ ਤਾਂ ਉਚਾਰਨ ਹੀ ਹੈ, ਪਰ ਇਸ ਦੇ ਨਾਲ-ਨਾਲ ਕੁੱਝ ਹਾਲਤਾਂ ਵਿਚ, ਵਿਆਕਰਨ ਵਿਉਤਪੱਤੀ ਅਤੇ ਪਰੰਪਰਾ ਨੂੰ ਵੀ ਆਧਾਰ ਮੰਨਣਾ ਪੈਂਦਾ ਹੈ।

ਪਹਿਲਾ ਅਭਿਆਸ

ਨੋਟ: ਹੇਠ-ਦਿੱਤੇ ਸਵਾਲ ਦਾ ਸੰਖੇਪ ਉੱਤਰ ਦਿਓ, ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਦੇਣੇ ਹਨ। ਜਵਾਬ ਅਖ਼ੀਰ ਵਿਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਸ਼ਬਦ-ਜੋੜਾਂ ਦੇ ਮੁੱਖ ਆਧਾਰ ਕਿਹੜੇ-ਕਿਹੜੇ ਹਨ? ਉਦਾਹਰਨ ਦੇ ਕੇ ਸਮਝਾਓ।

4.3 ਸ਼ਬਦ-ਜੋੜਾਂ ਦੇ ਚੋਣਵੇਂ ਨਿਯਮ

ਉਤੇ ਜ਼ਿਕਰ ਕੀਤਾ ਗਿਆ ਹੈ ਕਿ ਵਿਦਵਾਨਾਂ ਦੀ ਕਨਵੇਨੱਸ਼ਨ ਨੇ ਇੱਕ 'ਸ਼ਬਦ-ਜੋੜ ਕਮੇਟੀ' ਬਣਾਈ ਸੀ। ਇਸ ਕਮੇਟੀ ਦੇ ਜ਼ੁੰਮੇ ਲਾਇਆ ਗਿਆ ਸੀ ਕਿ ਪੰਜਾਬੀ ਸ਼ਬਦ-ਜੋੜਾਂ ਦੇ ਮੁੱਖ ਨਿਯਮ ਨਿਸਚਿਤ ਕੀਤੇ ਜਾਣ। ਕਮੇਟੀ ਨੇ ਕਈਂ ਮੀਟਿੰਗਾਂ ਕਰਕੇ ਸ਼ਬਦ-ਜੋੜਾਂ ਦੇ ਨਿਯਮ ਤਿਆਰ ਕੀਤੇ, ਜਿਨ੍ਹਾਂ ਦਾ ਵੇਰਵਾ ਅੱਗੇ ਦਿੱਤਾ ਗਿਆ ਹੈ।

ਸ਼ਬਦ-ਜੋੜਾਂ ਦੀਆਂ ਸਭ ਤੋਂ ਵੱਧ ਸਮੱਸਿਆਵਾਂ ਉਨ੍ਹਾਂ ਸ਼ਬਦਾਂ ਬਾਰੇ ਹਨ ਜਿਨ੍ਹਾਂ ਵਿਚ ਅੱਖਰ 'ਹ' ਆਉਂਦਾ ਹੈ। ਕਾਰਨ ਇਹ ਹੈ ਕਿ ਅਜੋਕੇ ਪੰਜਾਬੀ ਉਚਾਰਨ ਵਿਚ ਸਿਰਫ਼ ਸ਼ਬਦਾਂ ਦੇ ਅਰੰਭ ਵਿਚ ਆਉਣ ਵਾਲਾ 'ਹ' ਹੀ ਉਚਾਰਿਆ ਜਾਂਦਾ ਹੈ, ਵਿਚਲੇ ਅਤੇ ਅੰਤ ਵਿਚ ਆਉਣ ਵਾਲਾ 'ਹ' ਉਚਾਰਨ ਵਿਚ 'ਸੁਰ' ਬਣ ਜਾਂਦਾ ਹੈ। 'ਹੋਰ', 'ਹੋਇਆ', 'ਹੋਲੀ', ਵਿਚ ਤਾਂ /ਹ/ ਦੀ ਧੁਨੀ ਉਚਾਰੀ ਜਾਂਦੀ ਹੈ। ਪਰ 'ਬਾਹਰ', 'ਸ਼ਹਿਰ', 'ਰਾਹ', 'ਪੀਹਣ' ਵਿਚ ਜਿੱਥੇ ਅੱਖਰ 'ਹ' ਲਿਖਿਆ ਹੈ, ਉੱਥੇ /ਹ/ ਧੁਨੀ ਦਾ ਉਚਾਰਨ ਨਹੀਂ ਹੁੰਦਾ, ਸਗੋਂ ਇਸ ਦੀ ਥਾਂ 'ਸੁਰ' ਉਚਾਰੀ ਜਾਂਦੀ ਹੈ। ਸਾਡੀ ਲਿਪੀ ਵਿਚ ਸੁਰ ਨੂੰ ਅੰਕਿਤ ਕਰਨ ਲਈ ਕੋਈ ਚਿੰਨ੍ਹ ਨਹੀਂ, ਇਸ ਲਈ ਸ਼ਬਦ-ਜੋੜ ਬਣਾਉਣ ਵਿਚ ਦਿੱਕਤ ਹੁੰਦੀ ਹੈ। ਸ਼ਬਦ 'ਸ਼ਹਿਰ' ਦੇ ਤਿੰਨ ਜੋੜ ਵਰਤੋਂ ਵਿਚ ਸਨ—ਸ਼ੈਹਰ, ਸ਼ਹਿਰ ਤੇ ਸ਼ਹਰ। ਅਸਲੀਅਤ ਇਹ ਹੈ ਕਿ ਇਨ੍ਹਾਂ ਵਿਚੋਂ ਕੋਈ ਵੀ ਜੋੜ ਉਚਾਰਨ ਦੇ ਅਨੁਕੂਲ ਨਹੀਂ, ਕਿਉਂਕਿ ਅਸਾਂ ਜਿੱਥੇ 'ਹ' ਲਿਖਿਆ ਹੈ, ਓਥੇ ਉਚਾਰਨ ਕੁੱਝ ਹੋਰ ਕੀਤਾ ਹੈ। ਪਰ ਸੁਰ ਨੂੰ ਅੰਕਿਤ ਕਰਨ ਦਾ ਕੋਈ ਸਾਧਨ ਸਾਡੇ ਕੋਲ ਮੌਜੂਦ ਨਹੀਂ, ਇਸ ਲਈ ਪੁਰਾਣੀ ਚਲੀ ਆ ਰਹੀ ਪਰੰਪਰਾ ਅਨੁਸਾਰ, ਅਸੀਂ ਇਥੇ 'ਹ' ਅੱਖਰ ਹੀ ਲਿਖਦੇ ਹਾਂ। ਪਰ ਇਸ ਸ਼ਬਦ ਦਾ ਪੁਰਾਣਾ ਉਚਾਰਨ ਕੁੱਝ ਹੋਰ ਸੀ, ਅਤੇ ਉਸ ਸਮੇਂ /ਹ/ ਦੀ ਧੁਨੀ ਦਾ ਉਚਾਰਨ ਠੀਕ /ਹ/ ਹੁੰਦਾ ਸੀ। ਅੱਜ ਵੀ ਮਲਵਈ, ਤੇ ਪੁਆਧੀ ਉਪਭਾਸ਼ਾਵਾਂ ਵਿਚ ਅਜਿਹੇ ਕੁੱਝ ਸ਼ਬਦਾਂ ਦੇ ਵਿਚਾਲੇ ਤੇ ਅੰਤ ਵਿਚ ਆਉਣ ਵਾਲਾ 'ਹ' ਉਚਾਰਿਆ ਜਾਂਦਾ ਹੈ।

ਇਹ ਸਭ ਕੁਝ ਲਿਖਣ ਤੋਂ ਭਾਵ ਇਹ ਹੈ ਕਿ ਇਸ ਵਰਗ ਦੇ ਪੁਰਾਣੇ ਉਚਾਰਨ ਵਿਚ ਜਿੱਥੇ /ਹ/ ਦੀ ਧੁਨੀ ਉਚਾਰੀ ਜਾਂਦੀ ਸੀ, ਅੱਜ ਓਥੇ ਸੁਰ ਉਚਾਰੀ ਜਾਂਦੀ ਹੈ। ਪਰ ਇਨ੍ਹਾਂ ਦੇ ਜੋੜ ਅਜੇ ਪੁਰਾਣੇ ਚਲੇ ਆ ਰਹੇ ਹਨ, ਕਿਉਂਕਿ ਸੁਰ ਵਾਸਤੇ ਸਾਡੀ ਲਿਪੀ ਵਿਚ ਕੋਈ ਚਿੰਨ੍ਹ ਨਹੀਂ। ਇਸ ਵਰਗ ਦੇ ਸ਼ਬਦਾਂ ਦੀਆਂ ਕੁੱਝ ਸ਼ ਣੀਆਂ ਦੇ ਕੇ ਕਮੇਟੀ ਦੁਆਰਾ ਨਿਰਧਾਰਿਤ ਕੀਤੇ ਗਏ ਉਨ੍ਹਾਂ ਦੇ ਜੋੜ ਅੱਗੇ ਦਿੱਤੇ ਜਾਂਦੇ ਹਨ :

ੳ) ਸ਼ਹਿਰ, ਕਹਿਰ, ਪਹਿਰ, ਜ਼ਹਿਰ;
ਰਹਿਣਾ, ਬਹਿੰਦਾ, ਕਹਿੰਦਾ;
ਕਹਿ, ਰਹਿ, ਸਹਿ।

ਆਦਿ ਦੇ ਇਹ ਜੋੜ ਸਵੀਕਾਰ ਕੀਤੇ ਗਏ ਹਨ। ਭਾਵ ਇਹ ਕਿ ਜਿੱਥੇ ਪਹਿਲੇ ਅਖਰ ਉਤੇ ਦੁਲਾਵਾਂ ਦਾ ਉਚਾਰਨ ਜਾਪੇ, ਅਤੇ ਦੂਜਾ ਅੱਖਰ ਹਾਹਾ ਹੋਵੇ ਤਾਂ ਪਹਿਲਾਂ ਅੱਖਰ ਮੁਕਤਾ (ਬਿਨਾਂ ਕਿਸੇ ਲਗ ਤੋਂ) ਰਹੇਗਾ, ਅਤੇ ਹਾਹੇ ਨੂੰ ਸਿਹਾਰੀ ਲੱਗੇਗੀ।

ਅ) ਕਿਹੜਾ, ਜਿਹੜਾ, ਵਿਹੜਾ;
ਫਿਹਣਾ, ਮਿਹਣਾ, ਲਿਹਣਾ;
ਇਹਦਾ, ਇਹਨਾਂ, ਇਹਥੋਂ
ਆਦਿ ਵਿਚ ਹਾਹੇ ਤੋਂ ਪਹਿਲੇ ਅੱਖਰ ਨੂੰ ਸਿਹਾਰੀ ਲੱਗੇਗੀ, ਅਤੇ ਹਾਹਾ ਮੁਕਤਾ ਰਹੇਗਾ।

ਪਰ ਖੇਹ, ਰੇਹ, ਫੇਹ, ਆਦਿ ਵਿਚ ਹਾਹੇ ਤੋਂ ਪਹਿਲੇ ਅੱਖਰ ਨੂੰ ਲਾਂ ਲੱਗੇਗੀ।

ਨਿਯਮ ਇਹ ਬਣਾਇਆ ਗਿਆ ਹੈ ਕਿ ਇਸ ਸ਼੍ਰੇਣੀ ਦੇ ਸ਼ਬਦ ਵਿਚ ਜੇ ਹਾਹਾ ਅੰਤਿਮ ਅੱਖਰ ਹੋਵੇ ਤਾਂ ਪਹਿਲੇ ਅੱਖਰ ਨੂੰ ਲਾਂ ਲੱਗੇਗੀ, ਪਰ ਜੇ ਹਾਹੇ ਤੋਂ ਪਿੱਛੋਂ ਕੋਈ ਹੋਰ ਅੱਖਰ ਆਵੇ ਤਾ ਪਹਿਲੇ ਅੱਖਰ ਨੂੰ ਸਿਹਾਰੀ ਲੱਗੇਗੀ।

'ਇਹ' ਦੇ ਜੋੜ ਈੜੀ ਨੂੰ ਸਿਹਾਰੀ ਨਾਲ ਹੀ ਠੀਕ ਮੰਨੇ ਗਏ। ਇਥੇ ਭਾਵੇਂ ਹਾਹਾ ਅਖੀਰੀ ਅੱਖਰ ਹੈ ਪਰ 'ਇਹ' ਦੇ ਸਿਹਾਰੀ ਵਾਲੇ ਜੋੜ ਪ੍ਰਚਲਿਤ ਹੋ ਚੁੱਕੇ ਹਨ, ਹੁਣ ਇਨ੍ਹਾਂ ਨੂੰ ਬਦਲਣਾ ਉਚਿਤ ਨਹੀਂ।

ੲ) ਸਹੁਰਾ, ਮਹੁਰਾ, ਬਹੁਤਾ;
ਅਹੁਰ, ਖਹੁਰ, ਟਹੁਰ;
ਕਹੁ, ਬਹੁ, ਰਹੁ;
ਅਹੁੜੀ, ਬਹੁੜੀ, ਵਹੁਟੀ ਆਦਿ ਵਿਚ, ਜਿੱਥੇ ਉਚਾਰਨ ਵਿਚ ਪਹਿਲੇ ਅੱਖਰ ਨੂੰ ਕਨੌੜਾ ਬੋਲਦਾ ਜਾਪਦਾ ਹੈ, ਪਹਿਲਾ ਅੱਖਰ ਮੁਕਤਾ ਰਹੇਗਾ, ਅਤੇ ਹਾਹੇ ਨੂੰ ਔਂਕੜ ਲੱਗੇਗਾ

ਸ) ਸੌਹਣਾ, ਮੌਹਣਾ, ਖੌਹਣਾ;
ਥੌਹਰ, ਥੌਹੜ, ਪੌਹਲੀ, ਮੌਹ਼ਲੀ;
ਖੌਹ, ਮੌਹ, ਰੌਹ, ਲੌਹ
ਆਦਿ ਵਿਚ ਹਾਹੇ ਤੋਂ ਪਹਿਲੇ ਅੱਖਰ ਨੂੰ ਹੌੜਾ ਲੱਗੇਗਾ, ਅਤੇ ਹਾਹਾ ਮੁਕਤਾ ਰਹੇਗਾ।

ਏਸੇ ਦੇ ਨਾਲ ਮਿਲਦੇ-ਜੁਲਦੇ ਉਚਾਰਨ ਵਾਲੇ ਕੁੱਝ ਸ਼ਬਦ ਅਰਬੀ ਭਾਸ਼ਾ ਵਿਚੋਂ ਅਪਣਾਏ ਗਏ ਹਨ। ਪਰ ਇਨ੍ਹਾਂ ਦਾ ਉਚਾਰਨ ਠੀਕ ਉਤੇ ਦਿੱਤੇ ਸ਼ਬਦਾਂ ਵਾਲਾ ਨਹੀਂ, ਕੁੱਝ ਫਰਕ ਹੈ, ਇਸ ਲਈ ਇਨ੍ਹਾਂ ਦੇ ਜੋੜਾਂ ਵਿਚ ਪਹਿਲੇ ਅੱਖਰ ਨੂੰ ਔਂਕੜ ਲਾਉਣਾ ਠੀਕ ਸਮਝਿਆ ਗਿਆ ਹੈ। ਇਹ ਸ਼ਬਦ ਹਨ--ਸ਼ੁਹਰਤ, ਸੁਹਬਤ, ਤੁਹਮਤ, ਮੁਹਲਤ, ਆਦਿ।

'ਉਹ' ਦੇ ਜੋੜ ਊੜੇ ਨੂੰ ਔਂਕੜ ਨਾਲ ਪ੍ਰਚਲਿਤ ਹੋ ਚੁੱਕੇ ਹਨ, ਇਸ ਲਈ ਇਹੋ ਜੋੜ (ਉਹ) ਪ੍ਰਵਾਨ ਕੀਤੇ ਗਏ ਹਨ।

ਹ) 'ਗਿਆ', 'ਲਿਆ', 'ਰਿਹਾ', ਦੇ ਪੁਰਾਣੇ ਸ਼ਬਦ-ਜੋੜ 'ਗਇਆ', 'ਲਇਆ', 'ਰਹਿਆ', ਸਨ, ਕਿਉਂਕਿ ਇਨ੍ਹਾਂ ਦਾ ਪੁਰਾਣਾ ਉਚਾਰਨ ਹੀ ਇੰਵ ਸੀ। ਪਰ ਹੁਣ ਇਸ ਸ਼੍ਰੇਣੀ ਦੇ ਸ਼ਬਦਾਂ ਦਾ ਉਚਾਰਨ ਬਦਲ ਚੁੱਕਾ ਹੈ, ਅਤੇ ਅਜੋਕੇ ਉਚਾਰਨ ਮੁਤਾਬਕ ਇਨ੍ਹਾਂ ਸ਼ਬਦਾਂ ਦੇ ਜੋੜ 'ਗਿਆ', 'ਲਿਆ', 'ਰਿਹਾ' ਠੀਕ ਮੰਨੇ ਗਏ ਹਨ।

ਕ) ਸੰਜੁਗਤ ਵਿਅੰਜਨ (ਜੁੜਵੇਂ ਵਿਅੰਜਨ) ਅੱਜ ਪੰਜਾਬੀ ਵਿਚ ਬਹੁਤ ਘੱਟ ਉਚਾਰੇ ਜਾਂਦੇ ਹਨ। ਬਹੁਤ ਸਾਰੇ ਸ਼ਬਦ ਅਜਿਹੇ ਹਨ ਜਿਨ੍ਹਾਂ ਨੂੰ ਹਿੰਦੀ ਵਿਚ ਮੂਲ ਸੰਸਕ੍ਰਿਤ ਦੇ ਉਚਾਰਨ ਅਨੁਸਾਰ ਲਿਖਿਆ ਜਾਂਦਾ ਹੈ,ਪਰ ਪੰਜਾਬੀ ਵਿਚ ਇਨ੍ਹਾਂ ਦਾ ਸੰਜੁਗਤ ਰੂਪ ਸਵੀਕਾਰ ਨਹੀਂ ਕੀਤਾ ਜਾਂਦਾ। ਕੁੱਝ ਨਮੂਨੇ ਇਹ ਹਨ। :

ਮੂਲ ਰੂਪ	ਪੰਜਾਬੀ ਵਿਚ ਠੀਕ ਮੰਨੇ ਗਏ ਜੋੜ
ਇੰਦ੍	ਇੰਦਰ
ਚੰਦ੍	ਚੰਦਰ
ਯੰਤ੍	ਜੰਤਰ ਜਾਂ ਯੰਤਰ
ਮੰਤ੍	ਮੰਤਰ
ਸ੍ਰਿਸ਼ਟਿ	ਸ੍ਰਿਸ਼ਟੀ
ਦ੍ਰਿਸ਼ਟਿ	ਦ੍ਰਿਸ਼ਟੀ
ਪੁਸ਼ਟਿ	ਪੁਸ਼ਟੀ

ਸ਼ਬਦਾਂ ਦੇ ਅਰੰਭ ਵਿਚ ਆਉਣ ਵਾਲੇ ਸੰਜੁਗਤ ਵਿਅੰਜਨਾਂ ਦੇ ਪਿੱਛੋਂ ਜੇ ਦੀਰਘ ਸੁਰ ਆਉਂਦਾ ਹੋਵੇ ਤਾਂ ਉਨ੍ਹਾਂ ਦਾ ਸੰਜੁਗਤ ਰੂਪ ਕਾਇਮ ਰੱਖਿਆ ਜਾਂਦਾ ਹੈ, ਜਿਵੇਂ ਸਵੀਕਾਰ , ਕ੍ਰੋਧ, ਟ੍ਰੇਨ, ਪ੍ਰੀਤ, ਪ੍ਰੇਮ, ਬ੍ਰੇਕ ਵਿਚ ਕ੍ਰਮਵਾਰ ਸਵ ਕ੍ਰ, ਟ੍ਰ, ਪ੍ਰ, ਬ੍ਰ ਸੰਜੁਗਤਾਂ ਦੇ ਬਾਅਦ ਦੀਰਘ ਸੁਰ ਆਉਂਦੇ ਹਨ।

ਖ) ਜੋੜਨੀ (hyphen) ਇੱਕ ਨਵਾਂ ਚਿੰਨ੍ਹ ਹੈ ਜੋ ਪੁਰਾਣੀ ਪੰਜਾਬੀ ਵਿਚ ਨਹੀਂ ਸੀ ਵਰਤਿਆ ਜਾਂਦਾ, ਪਰ ਅੱਜ ਇਸ ਦੀ ਵਰਤੋਂ ਆਮ ਹੁੰਦੀ ਹੈ। ਜੋੜਨੀ ਪਾ ਕੇ ਲਿਖੇ ਜਾਣ ਵਾਲੇ ਕੁੱਝ ਸ਼ਬਦ ਹੇਠਾਂ ਦਿੱਤੇ ਗਏ ਹਨ।

ਸਿਰ-ਸਦਕਾ, ਸਿਰ-ਖਪਾਈ, ਹੱਥ-ਘੜੀ, ਹੱਥ-ਪੱਲੇ, ਕਾਰ-ਸੇਵਾ, ਖੰਡ-ਘਿਓ, ਚਾਹ-ਪਾਣੀ, ਚੋਣ-ਹਲਕਾ, ਚੋਣ-ਪਰਚੀ, ਤੂੜੀ-ਤੰਦ, ਦਾਲ-ਮੰਡਾ, ਦਿਨੋ-ਦਿਨ, ਪੱਤਰ-ਪ੍ਰੇਰਕ, ਮੂੰਹ-ਮੱਥਾ ਆਦਿ।

ਜਦੋਂ ਇੱਕੋ ਸ਼ਬਦ ਨੂੰ ਦੁਹਰਾ ਕੇ ਬੋਲਿਆ ਜਾਵੇ ਤਾਂ ਲਿਖਤ ਵਿਚ ਜੋੜਨੀ ਵਰਤੀ ਜਾਵੇਗੀ : ਅੱਡੋ-ਅੱਡ, ਸਿਰ-ਸਿਰ, ਸਿਰੋ-ਸਿਰ, ਹੱਥ-ਹੱਥ, ਹੱਥੋ-ਹੱਥ, ਹੱਥੋ-ਹੱਥੀ, ਗਲੀਏ-ਗਲੀ, ਘਰ-ਘਰ, ਘਰੋ-ਘਰੀ, ਘਟੋ-ਘੱਟ, ਚਾਨਣੇ-ਚਾਨਣੇ, ਛਾਵੇਂ-ਛਾਵੇਂ, ਜ਼ੋਰੋ-ਜ਼ੋਰੀ ਆਦਿ।

ਜੇ ਇੱਕੋ ਅਰਥ ਵਾਲੇ ਦੋ ਸ਼ਬਦ ਵਰਤ ਕੇ ਨਵਾਂ ਰੂਪ ਬਣਾਇਆ ਜਾਵੇ ਤਾਂ ਦੁਹਾਂ ਦੇ ਵਿਚਾਲੇ ਜੋੜਨੀ ਲੱਗੇਗੀ : ਸਾਕ-ਸੰਗ, ਸਾਧ-ਸੰਤ, ਕਾਲਾ-ਸਿਆਹ, ਕੌੜਾ-ਜ਼ਹਿਰ, ਚਿੱਟਾ-ਦੁੱਧ, ਰੋਟੀ-ਟੁੱਕ, ਆਦਿ।

ਕੁੱਝ ਹਾਲਤਾਂ ਵਿਚ ਇੰਜ ਇਕੱਠੇ ਬੋਲੇ ਜਾਣ ਵਾਲੇ ਦੋਵੇਂ ਸ਼ਬਦ ਜਾਂ ਇਨ੍ਹਾਂ ਵਿਚੋਂ ਇਕ ਨਿਰਾਰਥਕ ਹੁੰਦਾ ਹੈ। ਅਜਿਹੇ ਰੂਪ ਵੀ ਜੋੜਨੀ ਪਾ ਕੇ ਲਿਖੇ ਜਾਣਗੇ : ਹੱਥ-ਪੜੱਥੀ, ਨੇੜੇ-ਤੇੜੇ, ਪਾਟਾ-ਝੀਆ, ਪਾਣੀ-ਧਾਣੀ, ਮੁੰਡੇ-ਮੁੰਡੇ, ਲਾਗੇ-ਚਾਗੇ ਆਦਿ।

ਯਾਦ ਰੱਖਿਆ ਜਾਵੇ ਕਿ ਅਗੇਤਰ ਤੇ ਪਿਛੇਤਰ ਮੂਲ ਸ਼ਬਦ ਨਾਲ ਜੁੜਵੇਂ ਲਿਖੇ ਜਾਂਦੇ ਹਨ। ਇਨ੍ਹਾਂ ਦੇ ਵਿਚਾਲੇ ਜੋੜਨੀ ਪਾਉਣੀ ਗ਼ਲਤ ਹੋਵੇਗੀ।

ਗ) ਅਜੋਕੇ ਪੰਜਾਬੀ ਉਚਾਰਨ ਵਿਚ ਜੇ ਪਹਿਲੇ ਦੋਂਹ ਦੀਰਘ ਸੁਰਾਂ ਵਾਲੇ ਸ਼ਬਦਾਂ ਦੇ ਪਿੱਛੇ ਹੋਰ ਧੁਨੀ ਜਾਂ ਉਚਾਰ ਖੰਡ ਆਵੇ ਤਾਂ ਦੋ ਦੀਰਘ ਸੁਰ ਕਾਇਮ ਨਹੀਂ ਰਹਿੰਦੇ; ਇਨ੍ਹਾਂ ਵਿਚੋਂ ਪਹਿਲਾ ਹ੍ਰਸਵ ਹੋ ਜਾਂਦਾ ਹੈ। ਉਦਾਹਰਨ ਲਈ ਸੰਸਕ੍ਰਿਤ ਸ਼ਬਦ 'ਪਾਤਾਲ' ਤੇ 'ਆਕਾਸ਼' ਅੱਜ ਪੰਜਾਬੀ ਵਿਚ 'ਪਤਾਲ' ਤੇ 'ਅਕਾਸ਼ ਬੋਲੇ ਜਾਂਦੇ ਹਨ। ਇਵੇਂ ਹੀ ਅਰਬੀ-ਫਾਰਸੀ ਮੂਲ ਦੇ ਸ਼ਬਦ 'ਈਮਾਨ' ਤੇ 'ਬਾਜ਼ਾਰ' ਦਾ ਅਜੋਕਾ ਪੰਜਾਬੀ ਉਚਾਰਨ 'ਇਮਾਨ' ਤੇ 'ਬਜ਼ਾਰ' ਹੈ। ਸ਼ਬਦ-ਜੋੜ ਕਮੇਟੀ ਨੇ ਪੰਜਾਬੀ ਉਚਾਰਨ ਵਾਲੇ ਰੂਪ ਨੂੰ ਠੀਕ ਮੰਨਿਆ ਹੈ। ਇਸ ਆਧਾਰ ਉਤੇ ਅੱਗੇ ਲਿਖੇ ਸ਼ਬਦਾਂ ਦੇ ਇਹ ਜੋੜ ਠੀਕ ਮੰਨੇ ਗਏ ਹਨ :
ਅਕਾਸ਼, ਅਰਾਮ, ਅਵਾਜ਼, ਇਮਾਨ, ਕਨੂੰਨ, ਚਲਾਕ, ਪਜਾਮਾ, ਪਤਾਲ, ਬਦਾਮ, ਨਿਲਾਮ, ਸ਼ਕੀਨ, ਸੁਗਾਤ, ਪੁਸ਼ਾਕ, ਆਦਿ।

ਪਰ ਇਸ ਨਿਯਮ ਵਿਚ ਕੁੱਝ ਛੋਟਾਂ ਰੱਖੀਆਂ ਗਈਆਂ ਹਨ, ਜਿਵੇਂ :
ਆਸਾਰ (=ਚਿੰਨ੍ਹ), ਆਕਾਰ, ਆਚਾਰ, ਆਧਾਰ
ਦੇ ਏਹੋ ਜੋੜ ਠੀਕ ਮੰਨੇ ਹਨ, ਕਿਉਂਕਿ ਏਥੇ ਮੁੱਢਲੇ 'ਆ-' ਦੀ ਥਾਂ 'ਅ-' ਲਿਖਿਆਂ ਅਰਥ ਬਦਲ ਜਾਂਦੇ ਹਨ (ਅਧਾਰ=ਧਾਰ ਰਹਿਤ)

'ਈਸਾਈਂ' ਦੇ ਏਹੋ ਜੋੜ ਠੀਕ ਮੰਨੇ ਗਏ ਹਨ, ਕਿਉਂਕਿ ਇਹ ਸ਼ਬਦ (ਈਸਾਈ), 'ਈਸਾ', ਤੋਂ ਬਣਿਆ ਹੈ। 'ਹੈਰਾਨ' ਤੇ 'ਵੈਰਾਨ' ਦੇ ਵੀ ਏਹੋ ਜੋੜ ਸ਼ੁੱਧ ਮੰਨੇ ਗਏ ਹਨ।

ਕੁੱਝ ਹੋਰ ਸ਼ਬਦ ਅਜਿਹੇ ਹਨ, ਜਿਹੜੇ ਸਿਰਫ ਪੜ੍ਹਿਆਂ-ਲਿਖਿਆਂ ਦੀ ਵਰਤੋਂ ਵਿਚ ਹੀ ਆਉਂਦੇ ਹਨ। ਇਨ੍ਹਾਂ ਵਿਚ ਅਰੰਭ ਵਿਚ ਆਉਣ ਵਾਲੇ, ਦੀਰਘ ਸੁਰ ਕਾਇਮ ਰੱਖਿਆ ਗਿਆ ਹੈ। ਇਨ੍ਹਾਂ ਦੇ ਜੋੜ ਇਵੇਂ ਹੀ ਠੀਕ ਮੰਨੇ ਹਨ—ਤਾਸੀਰ, ਤਾਲੀਮ, ਤਾਈਦ, ਆਦਿ।

ਆਧੁਨਿਕ ਪੰਜਾਬੀ ਵਿਚ ਸ਼ਬਦਾਂ ਦੇ ਅੰਤ ਵਿਚ ਹ੍ਰਸਵ ਸੁਰਾਂ /ਇ/ (ਸਿਹਾਰੀ) ਤੇ /ਉ/ (ਔਂਕੜ) ਦਾ ਉਚਾਰਨ ਨਹੀਂ ਹੁੰਦਾ। ਇਸ ਲਈ ਸੰਸਕ੍ਰਿਤ ਦੇ ਜਿਹੜੇ ਸ਼ਬਦਾਂ ਦੇ ਅੰਤ ਵਿਚ ਸਿਹਾਰੀ ਜਾਂ ਔਂਕੜ ਆਉਂਦਾ ਸੀ ਪੰਜਾਬੀ ਉਚਾਰਨ ਵਿਚ ਜਾਂ ਤਾਂ ਬਿਲਕੁਲ ਉੱਡ ਗਿਆ ਹੈ, ਜਾਂ ਦੀਰਘ ਸੁਰ ਵਿਚ ਬਦਲ ਗਿਆ ਹੈ। ਉਦਾਹਰਣ ਲਈ ਸੰਸਕ੍ਰਿਤ 'ਸਾਧੁ' ਦਾ ਪੰਜਾਬੀ ਰੂਪ 'ਸਾਧ' ਜਾਂ 'ਸਾਧੂ' ਹੋ ਗਿਆ ਹੈ। ਇਵੇਂ ਹੀ ਸੰਸਕ੍ਰਿਤ 'ਬੁਧਿ' ਦਾ 'ਬੁੱਧ' ਜਾਂ 'ਬੁੱਧੀ' ਬਣ ਗਿਆ ਹੈ। ਇਸ ਆਧਾਰ ਉਤੇ ਸੰਸਕ੍ਰਿਤ ਤੋਂ ਆਏ ਕੁੱਝ ਸ਼ਬਦਾਂ ਦੇ ਪੰਜਾਬੀ ਜੋੜ ਇੰਜ ਰੱਖੇ ਗਏ ਹਨ :
ਉਨੱਤੀ, ਕ੍ਰਾਂਤੀ, ਦ੍ਰਿਸ਼ਟੀ, ਪੁਸ਼ਟੀ, ਭਗਤੀ, ਵਿਅਕਤੀ, ਰਿਸ਼ੀ ਜਾਂ ਰਿਖੀ।
ਅਤੇ
ਸ਼ੱਤਰੂ, ਗੁਰੂ, ਪਸ਼ੂ, ਲਘੂ।

ਉਪਰੋਕਤ ਵਿਚੋਂ ਬਿਹਾਰੀ ਵਾਲੇ ਸ਼ਬਦਾਂ ਦੇ ਸੰਸਕ੍ਰਿਤ ਰੂਪ ਵਿਚ ਸਿਹਾਰੀ ਸੀ, ਅਤੇ ਦੂਲੈਂਕੜੇ ਵਾਲਿਆਂ ਵਿਚ ਔਂਕੜ ਸੀ।

ਕੁੱਝ ਸ਼ਬਦਾਂ ਦੇ ਵਿਚਾਲੇ ਆਉਣ ਵਾਲੇ ਸਿਹਾਰੀ ਤੇ ਔਂਕੜ ਵੀ ਪੰਜਾਬੀ ਵਿਚ ਉੱਡ ਗਏ ਹਨ। ਜਿਵੇਂ :

ਮੂਲ ਰੂਪ	ਪੰਜਾਬੀ ਵਿਚ ਠੀਕ ਮੰਨੇ ਗਏ ਜੋੜ
ਕਠਿਨ	ਕਠਨ
ਮੰਦਿਰ	ਮੰਦਰ
ਚਤੁਰ	ਚਤਰ
ਠਾਕੁਰ	ਠਾਕਰ

ਅਰਬੀ-ਫ਼ਾਰਸੀ ਮੂਲ ਦੇ ਜਿਨ੍ਹਾਂ ਸ਼ਬਦਾਂ ਦੇ ਅੰਤਿਮ ਤੋਂ ਪਹਿਲੇ ਅੱਖਰ ਨੂੰ ਸਿਹਾਰੀ ਲੱਗਦੀ ਸੀ, ਉਹ ਵੀ ਪੰਜਾਬੀ ਉਚਾਰਨ ਵਿਚ ਕਾਇਮ ਨਹੀਂ ਰਹੀ। ਜਿਵੇਂ 'ਸਿਫਾਰਿਸ਼' ਦਾ ਅਜੋਕਾ ਪੰਜਾਬੀ ਉਚਾਰਨ 'ਸਫਾਰਿਸ਼' ਹੈ, ਅਤੇ 'ਹਾਜ਼ਿਰ' ਨੂੰ 'ਹਾਜ਼ਰ' ਉਚਾਰਿਆ ਜਾਂਦਾ ਹੈ। ਇਸ ਆਧਾਰ ਉਤੇ ਇਸ ਸ਼੍ਰੇਣੀ ਦੇ ਕੁੱਝ ਸ਼ਬਦਾਂ ਦੇ ਇਹ ਜੋੜ ਸਵੀਕਾਰ ਕੀਤੇ ਗਏ ਹਨ :
ਸਾਲਸ, ਕਾਤਲ, ਖ਼ਾਹਸ਼, ਖਾਰਜ,
ਖਾਲਸ, ਜ਼ਾਹਰ, ਬਾਰਸ਼ ਆਦਿ।

ਨਵੀਂ ਲਿਖੀ ਜਾ ਰਹੀ ਪੰਜਾਬੀ ਵਿਚ ਸੰਸਕ੍ਰਿਤ ਦੇ ਵਿਸ਼ੇਸ਼ਣ, ਜਾਂ ਸੰਸਕ੍ਰਿਤ ਦੇ ਨਿਯਮਾਂ ਅਨੁਸਾਰ ਸਿਰਜੇ ਗਏ ਵਿਸ਼ੇਸ਼ਣ, ਕਾਫ਼ੀ ਗਿਣਤੀ ਵਿਚ ਵਰਤੇ ਜਾ ਰਹੇ ਹਨ, ਜਿਵੇਂ 'ਸਪਤਾਹ' ਤੋਂ 'ਸਪਤਾਹਿਕ' ਅਤੇ ਸ਼ਬਦ ਤੋਂ ਸ਼ਾਬਦਿਕ'।

ਇਨ੍ਹਾਂ ਵਿਸ਼ੇਸ਼ਣਾਂ ਦੇ ਅੰਤਿਮ ਤੋਂ ਪਹਿਲੇ ਅੱਖਰ ਨੂੰ ਵੀ ਸਿਹਾਰੀ ਲਗਦੀ ਹੈ। ਪੰਜਾਬੀ ਸ਼ਬਦ-ਜੋੜਾਂ ਵਿਚ ਇਹ ਸਿਹਾਰੀ ਕਾਇਮ ਰੱਖੀ ਗਈ ਹੈ। ਪਰ ਵਿਸ਼ੇਸ਼ਣ ਦੇ ਰੂਪ ਬਿਲਕੁਲ ਸੰਸਕ੍ਰਿਤ ਵਾਲੇ ਨਹੀਂ ਰੱਖੇ ਗਏ। ਉਤੇ ਦਿੱਤੇ ਗਏ ਦੋਹ ਉਦਾਹਰਨਾਂ ਨੂੰ ਫੇਰ ਨੋਟ ਕੀਤਾ ਜਾਵੇ। 'ਸਪਤਾਹ' ਤੋਂ ਤਾਂ ਸਿੱਧਾ 'ਸਪਤਾਹਿਕ ਬਣਾ ਦਿੱਤਾ ਹੈ, ਪਰ 'ਸ਼ਬਦ' ਤੋਂ 'ਸ਼ਾਬਦਿਕ' ਬਣਾਉਂਦਿਆਂ 'ਸ਼' ਨੂੰ ਵਾਧੂ ਕੰਨਾ ਲਾਇਆ ਹੈ। ਇਸ ਨੂੰ 'ਵ੍ਰਿੱਧੀ' ਕਹਿੰਦੇ ਹਨ। ਜਿਸ ਦਾ ਭਾਵ ਹੈ ਹ੍ਰਸਵ ਸੁਰ ਨੂੰ ਦੀਰਘ ਵਿਚ ਬਦਲਨਾ। ਸ਼ਬਦ-ਜੋੜ ਕਮੇਟੀ ਨੇ ਪਾਸ ਕੀਤਾ ਹੈ ਕਿ ਵ੍ਰਿੱਧੀ ਸਿਰਫ਼ ਉਨ੍ਹਾਂ ਵਿਸ਼ੇਸ਼ਣਾਂ ਵਿਚ ਰੱਖੀ ਜਾਵੇ ਜਿਨ੍ਹਾਂ ਵਿਚ ਇਹ ਪਹਿਲਾਂ ਹੀ (ਪੰਜਾਬੀ ਵਿਚ) ਪ੍ਰਚਲਿਤ ਹੈ। ਇਸ ਨਿਯਮ ਅਧੀਨ ਨਵੇਂ ਬਣਾਏ ਜਾਣ ਵਾਲੇ ਵਿਸ਼ੇਸ਼ਣਾਂ ਵਿੱਚ ਵ੍ਰਿਧੀ ਨਾ ਲਾਈ ਜਾਵੇ। ਨੋਟ ਕੀਤਾ ਜਾਵੇ ਕਿ ਸੰਸਕ੍ਰਿਤ ਅਨੁਸਾਰ ਸਹੀ ਰੂਪ 'ਸਾਪਤਾਹਿਕ' ਹੈ, ਪਰ ਪੰਜਾਬੀ ਵਿਚ 'ਸਪਤਾਹਿਕ' ਅਪਣਾਇਆ ਗਿਆ ਹੈ। ਇਸ ਨਿਯਮ ਅਨੁਸਾਰ ਹੇਠ ਲਿਖੇ ਸ਼ਬਦ-ਜੋੜ ਠੀਕ ਮੰਨੇ ਗਏ ਹਨ :

ਵ੍ਰਿੱਧੀ ਤੋਂ ਬਿਨਾ—ਇਤਿਹਾਸਿਕ, ਸਪਤਾਹਿਕ, ਸਮਾਜਿਕ, ਵਿਗਿਆਨਿਕ ਆਦਿ।

ਵ੍ਰਿੱਧੀ ਸਹਿਤ—ਆਰਥਿਕ, ਸ਼ਾਬਦਿਕ, ਦੈਨਿਕ, ਧਾਰਮਿਕ, ਬੌਧਿਕ, ਮੌਖਿਕ, ਮੌਲਿਕ, ਵਾਰਸ਼ਿਕ, ਆਦਿ।

ਚ) /ਣ/ ਦਾ ਪੰਜਾਬੀ ਉਚਾਰਣ ਵਿਚ ਵਿਸ਼ੇਸ਼ ਸਥਾਨ ਹੈ। ਬਹੁਤ ਸਾਰੇ ਸ਼ਬਦ ਅਜਿਹੇ ਹਨ ਜਿਨ੍ਹਾਂ ਵਿਚ ਹਿੰਦੀ, ਰਾਜਸਥਾਨੀ ਆਦਿ ਗੁਆਂਢੀ ਭਾਸ਼ਾਵਾਂ ਬੋਲਣ ਵਾਲੇ /ਨ/ ਉਚਾਰਦੇ ਹਨ, ਪਰ ਪੰਜਾਬੀ ਵਿਚ ਇਸ ਦੀ ਥਾਂ /ਣ/ ਉਚਾਰਿਆ ਜਾਂਦਾ ਹੈ। ਉਦਾਹਰਨ ਵੇਖੇ ਜਾਣ :

ਹਿੰਦੀ, ਰਾਜਸਥਾਨੀ ਆਦਿ	**ਪੰਜਾਬੀ ਉਚਾਰਨ**
ਪਾਨੀ	ਪਾਣੀ
ਮਾਨ	ਮਾਣ
ਥਾਨਾ	ਥਾਣਾ
ਜੀਵਨ	ਜੀਵਣ
ਖਾਨਾ	ਖਾਣਾ
ਕਾਨਾ	ਕਾਣਾ

ਅਮਿਤ ਕਿਰਿਆ (infinitive verb) ਦੇ ਅੰਤ ਵਿਚ ਜਿੱਥੇ ਹਿੰਦੀ, ਰਾਜਸਥਾਨੀ ਵਿਚ /ਨਾ/ ਉਚਾਰਿਆ ਜਾਂਦਾ ਹੈ, ਪੰਜਾਬੀ ਵਿਚ /ਣਾ/ ਆਉਂਦਾ ਹੈ, ਜਿਵੇਂ 'ਲਿਖਣਾ, ਵੇਖਣਾ, ਚੁੱਕਣਾ, ਚੱਲਣਾ, ਆਦਿ ਪੰਜਾਬੀ ਉਚਾਰਨ ਵਾਲੇ ਰੂਪ ਹਨ। ਹਿੰਦੀ, ਰਾਜਸਥਾਨੀ ਆਦਿ ਭਾਸ਼ਾਵਾਂ ਵਿਚ ਅੰਤਿਮ /ਣ/ ਦੀ ਥਾਂ /ਨਾ/ ਉਚਾਰਿਆ ਜਾਂਦਾ ਹੈ। ਪੰਜਾਬੀ ਦੇ ਸ਼ਬਦ-ਜੋੜ ਪੰਜਾਬੀ ਉਚਾਰਨ ਅਨੁਸਾਰ ਅਰਥਾਤ ਅੰਤਿਮ -ਣਾ ਨਾਲ ਠੀਕ ਮੰਨੇ ਗਏ ਹਨ।

ਪੰਜਾਬੀ ਵਿਚ /ਣ/ ਦੀ ਵਰਤੋਂ ਨਾਲ ਸੰਬੰਧਿਤ ਇਕ ਹੋਰ ਨਿਯਮ ਵੀ ਹੈ। /ਰ/, /ੜ/, /ਲ/ ਤੇ /ਣ/ ਤੋਂ ਪਿਛੋਂ 'ਣ' ਦਾ ਉਚਾਰਨ ਨਹੀ ਹੁੰਦਾ। ਅਜਿਹੀ ਸਥਿਤੀ ਵਿਚ ਆਉਣ ਵਾਲਾ /ਣ/ ਪੰਜਾਬੀ ਉਚਾਰਨ ਵਿਚ /ਨ/ ਹੋ ਜਾਂਦਾ ਹੈ। ਇਸ ਆਧਾਰ ਤੇ ਪੰਜਾਬੀ ਵਿਚ ਇਸ ਸ਼੍ਰੇਣੀ ਦੇ ਸ਼ਬਦਾਂ ਦੇ ਇਹ ਜੋੜ ਠੀਕ ਮੰਨੇ ਗਏ ਹਨ :

ਕਾਰਨ, ਸੰਪੂਰਨ, ਸਰਨ, ਸਧਾਰਨ, ਉਚਾਰਨ ਵਿਆਕਰਨ।

ਏਸੇ ਨਿਯਮ ਅਨੁਸਾਰ ਜਿਹੜੀਆਂ ਕਿਰਿਆਵਾਂ ਦੇ ਮੂਲ ਰੂਪ ਵਿਚ ਅੰਤਿਮ ਧੁਨੀ /ਰ/, /ਣ/, /ਲ/ ਜਾਂ /ੜ/ ਹੋਵੇ ਉਨ੍ਹਾਂ ਦੀ ਅਮਿਤ ਕਿਰਿਆ ਅੰਤ ਵਿਚ /-ਨਾ/ ਲਾ ਕੇ ਬਣਦੀ ਹੈ। ਜਿਵੇਂ 'ਕਰਨਾ', 'ਤੁਰਨਾ', 'ਸੁਣਨਾ', 'ਬਣਨਾ', 'ਗਲਨਾ', 'ਵਲਨਾ' 'ਚੜ੍ਹਨਾ', 'ਰਿੜ੍ਹਨਾ', ਆਦਿ।

ਏਸੇ ਨਿਯਮ ਅਨੁਸਾਰ ਸੰਸਕ੍ਰਿਤ ਤੋਂ ਹੁਣੇ-ਹੁਣੇ ਪੰਜਾਬੀ ਵਿਚ ਅਪਣਾਏ ਗਏ ਪਿਛੇਤਰ '-ਕਰਣ' ਦਾ ਪੰਜਾਬੀ ਰੂਪ '-ਕਰਨ' ਸਵੀਕਾਰ ਕੀਤਾ ਗਿਆ ਹੈ, ਅਤੇ ਇਸ ਨਾਲ ਬਣਨ ਵਾਲੇ ਕੁੱਝ ਸ਼ਬਦਾਂ ਦੇ ਜੋੜ ਇੰਵ ਠੀਕ ਮੰਨੇ ਹਨ : ਰਾਸ਼ਟਰੀਕਰਨ, ਉਦਯੋਗੀਕਰਨ, ਪੰਜਾਬੀਕਰਨ, ਆਦਿ।

ਪਰ ਸ਼ਬਦ 'ਰਣ' ਦੇ ਏਹੋ ਜੋੜ ਠੀਕ ਮੰਨੇ ਗਏ ਹਨ, ਕਿਉਂਕਿ ਉਚਾਰਨ ਵਿਚ ਇਵੇਂ ਹੀ ਪ੍ਰਚਲਿਤ ਹਨ। ਏਸੇ ਆਧਾਰ ਉਤੇ 'ਰਣਧੀਰ', 'ਰਣਬੀਰ', 'ਰਣਜੀਤ' ਆਦਿ ਨਿੱਜੀ ਨਾਵਾਂ ਦੇ ਵੀ ਏਹੋ ਜੋੜ ਸਹੀ ਮੰਨੇ ਗਏ ਹਨ।

ਛ) ਸੰਸਕ੍ਰਿਤ ਦਾ /ਯ/ ਪੁਰਾਣੀ ਪੰਜਾਬੀ ਵਿਚ /ਜ/ ਵਿਚ ਬਦਲ ਗਿਆ ਸੀ। ਏਸੇ ਕਾਰਨ 'ਯੋਗੀ' ਤੋਂ 'ਜੋਗੀ', 'ਯੁੱਧ' ਤੋਂ 'ਜੁੱਧ 'ਯਤਨ' ਤੋਂ 'ਜਤਨ' ਉਚਾਰਨ ਬਣ ਗਿਆ ਸੀ। ਸ਼ਬਦਾਂ ਦੇ ਵਿਚਾਲੇ ਆਉਣ ਵਾਲਾ /ਯ/ ਵੀ ਪੁਰਾਣੀ ਪੰਜਾਬੀ ਵਿਚ /ਜ/ ਹੋ ਗਿਆ ਸੀ, ਜਿਵੇਂ 'ਸੰਜਮ', 'ਸੰਜੁਗਤ', 'ਸੰਜੋਗ', ਆਦਿ ਸ਼ਬਦਾਂ ਵਿਚ। 'ਸੂਰਜ', 'ਕਾਰਜ', ਆਦਿ ਸ਼ਬਦਾਂ ਵਿਚ ਅੰਤਿਮ /ਸ/ ਦਾ ਉਚਾਰਨ ਵੀ /ਜ/ ਹੀ ਸੀ। ਹਿੰਦੀ, ਸੰਸਕ੍ਰਿਤ ਦੇ ਕਾਰਨ ਨਵੀਂ ਲਿਖੀ ਜਾ ਰਹੀ ਪੰਜਾਬੀ ਵਿਚ ਕੁੱਝ ਲੇਖਕ ਅਜਿਹੇ ਸ਼ਬਦਾਂ ਵਿਚ ਅੱਜ ਫੇਰ /ਜ/ ਦੀ ਥਾਂ /ਯ/ ਲਿਖਣ ਲਗ ਪਏ ਹਨ। ਸ਼ਬਦ-ਜੋੜ ਕਮੇਟੀ ਨੇ ਅਜਿਹੇ ਸ਼ਬਦਾਂ ਦਾ 'ਜ' ਵਾਲਾ ਰੂਪ ਹੀ ਠੀਕ ਮੰਨਿਆ ਹੈ। ਪਰ ਨਾਲ ਹੀ ਸਵੀਕਾਰ ਕੀਤਾ ਹੈ ਕਿ ਅਜਿਹੇ ਸ਼ਬਦਾਂ ਵਿਚ 'ਯ' ਦੀ ਵਰਤੋਂ ਵੀ ਗ਼ਲਤ ਨਹੀ ਸਮਝੀ ਜਾਏਗੀ। ਅਰਥਾਤ ਸ਼ੁੱਧ ਪੰਜਾਬੀ ਰੂਪ 'ਜੋਗੀ', 'ਜੁੱਧ', 'ਜਤਨ', 'ਸੰਜਮ', 'ਸੰਜੋਗ' ਹੀ ਹਨ, ਪਰ ਜੇ ਕੋਈ ਲੇਖਕ 'ਯੋਗੀ', 'ਯੁੱਧ', 'ਯਤਨ', ਸੰਯਮ', ਸੰਯੋਗ' ਲਿਖਦਾ ਹੈ ਤਾਂ ਇਹ ਵੀ ਬਰਦਾਸ਼ਤ ਕੀਤਾ ਜਾਵੇਗਾ। ਤੁਸੀ ਜਤਨ ਕਰਨਾ ਹੈ ਕਿ 'ਜ' ਹੀ ਵਰਤਿਆ ਜਾਵੇ।

ਪਰ ਸੰਸਕ੍ਰਿਤ ਦੇ ਕੁੱਝ ਸ਼ਬਦ ਅਜਿਹੇ ਵੀ ਹਨ, ਜਿਨ੍ਹਾਂ ਦਾ ਅੰਤਿਮ /ਯ/ ਪੰਜਾਬੀ ਉਚਾਰਨ ਵਿਚ ਬਿਲਕੁਲ ਉੱਡ ਗਿਆ ਹੈ, ਜਾਂ ਸੁਰ ਵਿਚ ਬਦਲ ਗਿਆ ਹੈ, ਜਿਵੇਂ 'ਉਪਾਯ' ਤੋਂ 'ਉਪਾ', 'ਮੂਲਯ' ਤੋਂ 'ਮੁੱਲ', 'ਭਾਰਤੀਯ' ਤੋਂ 'ਭਾਰਤੀ' ਹੋ ਗਿਆ ਹੈ। ਜਾਂ 'ਭਯ' ਤੋਂ 'ਭੈ', 'ਜਯ' ਤੋਂ 'ਜੈ' 'ਵਿਸ਼ਯ' ਤੋਂ 'ਵਿਸ਼ਾ ਬਣ ਗਿਆ ਹੈ।

ਇਸ ਸ਼੍ਰੇਣੀ ਵਾਲੇ ਸ਼ਬਦਾਂ ਦਾ ਪੰਜਾਬੀ ਰੂਪ ਹੀ ਠੀਕ ਮੰਨਿਆ ਗਿਆ ਹੈ। ਇਸ ਆਧਾਰ ਉਤੇ ਇਹ ਜੋੜ ਠੀਕ ਮੰਨੇ ਗਏ ਹਨ : ਉਪਾ, ਆਰੀਆ, ਹਿਮਾਲਾ, ਤੁੱਲ, ਮੁੱਲ, ਭੈ ਜਾਂ ਭਉ, ਭਾਰਤੀ, ਰਾਸ਼ਟਰੀ, ਮੁੱਧ, ਮੰਤਰਾਲਾ, ਵਿਸ਼ਾ, ਵਿਜੈ।

ਕੁੱਝ ਹੋਰ ਸ਼ਬਦ ਅਜਿਹੇ ਹਨ, ਜਿਨ੍ਹਾਂ ਦੇ ਸੰਸਕ੍ਰਿਤ ਰੂਪ ਵਿਚ ਵਿਚਾਲੇ /ਯ/ ਆਉਂਦਾ ਸੀ; ਪਰ ਪੰਜਾਬੀ ਵਿਚ ਇਹ /ਯ/ ਸੁਰ ਵਿਚ ਬਦਲ ਗਿਆ ਹੈ। ਇਸ ਸ਼੍ਰੇਣੀ ਦੇ ਸ਼ਬਦਾਂ ਦਾ ਪੰਜਾਬੀ ਰੂਪ ਠੀਕ ਮੰਨ ਕੇ ਇਨ੍ਹਾਂ ਦੇ ਇਹ ਜੋੜ ਸਵੀਕਾਰ ਕੀਤੇ ਗਏ ਹਨ : ਅਭਿਆਸ, ਸਭਿਅਤਾ, ਦਇਆ, ਬਿਆਜ, ਵਿਅੰਜਨ, ਵਪਾਰ, ਆਦਿ

ਜ) ਸੰਸਕ੍ਰਿਤ ਦੇ ਕੁੱਝ ਸ਼ਬਦਾਂ ਵਿਚ ਜਿੱਥੇ /ਵ/ ਦੀ ਧੁਨੀ ਆਉਂਦੀ ਸੀ, ਉਹ ਪੰਜਾਬੀ ਵਿਚ /ਬ/ ਵਾਲਾ ਰੂਪ ਹੀ ਸਵੀਕਾਰ ਕੀਤਾ ਗਿਆ ਹੈ, ਅਤੇ ਅਜਿਹੇ ਸ਼ਬਦਾਂ ਦੇ 'ਬ' ਵਾਲੇ ਜੋੜ ਹੀ ਠੀਕ ਮੰਨੇ ਗਏ ਹਨ। ਇਸ ਸ਼੍ਰੇਣੀ ਦੇ ਕੁੱਝ ਸ਼ਬਦ ਹਨ : ਬਣ (ਜੰਗਲ), ਬਸੰਤ, ਬਜੱਰ, ਬਿਆਸ, ਬਾਣੀ।

ਸ਼ਬਦਾਂ ਦੇ ਵਿਚਾਲੇ ਆਉਣ ਵਾਲਾ 'ਵ' ਪੰਜਾਬੀ ਦੇ ਕਈਆਂ ਸ਼ਬਦਾਂ ਵਿਚ ਸੁਰ ਵਿਚ ਬਦਲ ਗਿਆ ਹੈ। ਉਦਾਹਰਨ ਲਈ 'ਸਾਵ੍ਹਮਿ' ਦਾ ਉਚਾਰਨ 'ਸੁਆਮੀ' ਹੋ ਗਿਆ ਹੈ, 'ਸਵਾਦ' ਦਾ ਸੁਆਦ' ਅਤੇ 'ਦਵਾਰਾ' ਨੂੰ 'ਦੁਆਰਾ' ਉਚਾਰਿਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦੇ ਜੋੜ ਪੰਜਾਬੀ ਉਚਾਰਨ ਵਾਲੇ, ਅਰਥਾਤ 'ਸੁਆਮੀ', 'ਸੁਆਦ', 'ਦੁਆਰਾ' ਠੀਕ ਮੰਨੇ ਗਏ ਹਨ।

'ਗੁਰਦਵਾਰਾ' ਦੇ ਏਹੋ ਜੋੜ ਠੀਕ ਮੰਨੇ ਗਏ ਹਨ, ਕਿਉਂਕਿ ਇਹ ਪ੍ਰਚਲਿਤ ਹੋ ਚੁੱਕੇ ਹਨ।

ਝ) ਸੰਸਕ੍ਰਿਤ ਮੂਲ ਵਾਲੇ ਕੁੱਝ ਅਗੇਤਰ ਅਜਿਹੇ ਹਨ, ਜਿਨ੍ਹਾਂ ਦਾ ਉਚਾਰਨ ਪੰਜਾਬੀ ਵਿਚ ਠੀਕ ਸੰਸਕ੍ਰਿਤ ਵਾਂਗ ਨਹੀਂ ਹੁੰਦਾ, ਸਗੋਂ ਇਸ ਵਿਚ ਕੁੱਝ ਫ਼ਰਕ ਪੈ ਗਿਆ ਹੈ। ਉਦਾਹਰਨ ਵਜੋਂ 'ਅਨੁਸਾਰ', 'ਅਨੁਕੂਲ', ਦਾ ਪੰਜਾਬੀ ਉਚਾਰ 'ਅਨਸਾਰ', 'ਅਨਕੂਲ' ਹੈ, ਅਤੇ 'ਪ੍ਰਸ਼ੰਸਾ', 'ਪ੍ਰਦੇਸ਼' ਦਾ ਉਚਾਰਨ ਅੱਜ 'ਪਰਸੰਸਾ' ਤੇ 'ਪਰਦੇਸ' ਹੈ। ਪਰ ਵਿਉਤਪੱਤੀ ਦੇ ਪੱਖ ਤੋਂ 'ਅਨਸਾਰ' ਦਾ ਅਰਥ ਹੈ, 'ਜਿਹੜਾ ਸਾਰ, ਜਾਂ ਯੋਗ ਨਹੀਂ'। ਇਵੇਂ ਹੀ 'ਪਰਦੇਸ' ਦਾ ਅਰਥ 'ਪਰਾਇਆ ਦੇਸ' ਬਣਦਾ ਹੈ। ਇਸ ਕਾਰਨ ਸਵੀਕਾਰ ਕੀਤਾ ਗਿਆ ਹੈ ਕਿ ਅੱਗੇ ਦਿੱਤੇ ਅਗੇਤਰਾਂ ਦਾ ਸੰਸਕ੍ਰਿਤ ਵਾਲਾ ਰੂਪ ਕਾਇਮ ਰੱਖਿਆ ਜਾਵੇ, ਭਾਵੇਂ ਇਹ ਅਜੋਕੇ ਪੰਜਾਬੀ ਉਚਾਰਨ ਅਨੁਸਾਰ ਨਹੀਂ ਹਨ। ਇਹ ਅਗੇਤਰ ਹਨ :
ਅਨੁ - ਜਿਵੇਂ : ਅਨੁਸਾਰ, ਅਨੁਕੂਲ, ਅਨੁਭਵ ਵਿਚ।
ਅਧਿ - ਜਿਵੇਂ : ਅਧਿਕਾਰ, ਅਧਿਨਾਇਕ, ਅਧਿਨਿਯਮ ਵਿਚ।
ਪ੍ਰਤਿ - ਜਿਵੇਂ : ਪ੍ਰਤਿਨਿਧ, ਪ੍ਰਤਿਕੂਲ, ਪ੍ਰਤਿ ਕਿਰਿਆ ਵਿਚ।
ਪਰਿ - ਜਿਵੇਂ : ਪਰਿਣਾਮ, ਪਰਿਭਾਸ਼ਾ, ਪਰਿਪੂਰਨ ਵਿਚ।
ਪ੍ਰ - ਜਿਵੇਂ : ਪ੍ਰਤੱਖ, ਪ੍ਰਸ਼ਾਸਕ, ਪ੍ਰਸ਼ੰਸਾ ਵਿਚ।
ਸੰ - ਜਿਵੇਂ : ਸੰਬੰਧ, ਸੰਪੂਰਨ, ਸੰਸ਼ੋਧਨ ਵਿਚ।
ਪਰ - 'ਪਰਕਰਮਾ' ਤੇ 'ਪਰਵਾਰ' ਦੇ ਇਹ ਜੋੜ ਠੀਕ ਮੰਨੇ ਗਏ ਹਨ।

ਞ) ਅੱਜ ਪੰਜਾਬੀ ਉਚਾਰਨ ਵਿਚ ਬੇਲੋੜੀ ਨਾਸਿਕਤਾ ਬਹੁਤ ਵਧ ਗਈ ਹੈ। ਨਾਸਿਕੀ ਵਿਅੰਜਨਾਂ /ਙ, ਞ, ਣ, ਨ, ਮ /ਤੋਂ ਪਹਿਲਾਂ ਆਉਣ ਵਾਲਾ ਸੁਰ ਉਚਾਰਨ ਵਿਚ ਆਪਣੇ-ਆਪ ਹੀ ਨਾਸਿਕੀ ਹੋ ਜਾਂਦਾ ਹੈ, ਭਾਵੇਂ ਵਿਉਤਪੱਤੀ ਜਾਂ ਵਿਆਕਰਣ ਦੇ ਪੱਖ ਤੋਂ ਨਾਸਿਕਤਾ ਦੀ ਲੋੜ ਨਾ ਹੋਵੇ। ਉਦਾਹਰਣ ਲਈ, ਪ੍ਰਸਿੱਧ ਨਾਂਵ 'ਰਾਮ' ਹੀ ਵੇਖਿਆ ਜਾਵੇ। ਇਹ ਸਾਡੇ ਦੇਸ਼ ਦੇ ਇਕ ਮਹਾਨ ਅਵਤਾਰ ਦਾ ਨਾਮ ਹੈ, ਅਤੇ ਹਰ ਪੰਜਾਬੀ ਇਸ ਨਾਮ ਤੋਂ ਵਾਕਿਫ਼ ਹੈ। ਪਰ ਅੱਜ ਇਸ ਸ਼ਬਦ ਦਾ ਪੰਜਾਬੀ ਉਚਾਰਨ 'ਰਾਮ' ਹੈ। ਭਾਵੇਂ ਗੁਰਮੁਖੀ, ਦੇਵਨਾਗਰੀ, ਫ਼ਾਰਸੀ, ਰੋਮਨ ਕਿਸੇ ਵੀ ਲਿਪੀ ਵਿਚ /ਰ/ ਤੋਂ ਪਿੱਛੋਂ ਆਉਣ ਵਾਲੇ /ਆ/ (ਕੰਨੇ) ਦੀ ਨਾਸਿਕਤਾ ਅੰਕਿਤ ਨਹੀਂ ਕੀਤੀ ਜਾਂਦੀ, ਪਰ ਹਰ ਪੰਜਾਬੀ ਇਸ ਦਾ ਉਚਾਰਨ 'ਰਾਮ' ਕਰਦਾ ਹੈ। ਇਵੇਂ ਹੀ 'ਦੇਂਣ' ਦੀ ਆਮ ਉਚਾਰਨ 'ਦੇਣ' ਹੈ, ਅਤੇ 'ਖਾਣਾ' ਨੂੰ 'ਖਾਣਾਂ', ਉਚਾਰਿਆ ਜਾਂਦਾ ਹੈ।

ਇਨ੍ਹਾਂ ਪੰਜਾ ਨਾਸਿਕੀ ਵਿਅੰਜਨਾਂ ਤੋਂ ਪਿੱਛੋਂ ਆਉਣ ਵਾਲੇ ਸੁਰ ਵੀ ਵਧੇਰੇ ਹਾਲਤਾਂ ਵਿਚ ਨਾਸਿਕੀ ਹੋ ਜਾਂਦੇ ਹਨ। 'ਪਾਣੀਂ' ਦਾ ਉਚਾਰਨ 'ਪਾਂਣੀਂ' ਹੈ, 'ਕਾਨਾਂ' ਨੂੰ 'ਕਾਂਨਾਂ' ਉਚਾਰਿਆ ਜਾਂਦਾ ਹੈ। ਅਜਿਹੀ ਬੇਲੋੜੀ ਨਾਸਿਕਤਾ ਉਚਾਰਨ ਵਿਚ ਅੱਜ ਵੀ ਵਧ ਰਹੀ ਹੈ। ਪਰ ਇਸ ਨੂੰ ਸ਼ਬਦ-ਜੋੜਾਂ ਵਿਚ ਅੰਕਿਤ ਕਰਨਾ ਠੀਕ ਨਹੀਂ। ਅਜਿਹੇ ਸ਼ਬਦਾਂ ਦੇ ਜੋੜ ਨਿਸਚਿਤ ਕਰਦਿਆਂ ਵਿਉਤਪੱਤੀ ਅਤੇ ਵਿਆਕਰਣ ਦਾ ਧਿਆਨ ਰੱਖਿਆ ਗਿਆ ਹੈ। ਕੁੱਝ ਉਦਾਹਰਨ ਵੇਖੇ ਜਾਣ :

'ਕਿੰਨਾ', 'ਜਿੰਨਾ', 'ਲੰਮਾਂ', 'ਲੰਙਾ', ਸੁੰਞਾ' ਆਦਿ ਵਿਸ਼ੇਸ਼ਣਾ ਦੇ ਅੰਤਿਮ ਕੰਨਿਆਨੂੰ ਬਿੰਦੀ ਨਹੀ ਲੱਗੇਗੀ, (ਭਾਵੇਂ ਉਚਾਰਨ ਵਿਚ ਇਹ ਕੰਨਾ ਨਾਸਿਕੀ ਹੈ)।

ਜੇ ਤੂੰ ਸੁਣੇਂ, ਜੇ ਤੂੰ ਮੰਨੇਂ, ਜੇ ਤੂੰ ਚੁੰਮੇਂ ਵਿਚ 'ਸੁਣੇਂ', 'ਮੰਨੇਂ', 'ਚੁੰਮੇਂ' ਦੀ ਅੰਤਿਮ ਲਾਂ ਨਾਲ ਬਿੰਦੀ ਲੱਗੇਗੀ, ਕਿਉਂਕਿ 'ਜੇ ਤੂੰ ਲਿਖੇਂ, ਜੇ ਤੂੰ ਕਰੇਂ' ਵਿਚ ਕਿਰਿਆ ਦੀ ਅੰਤਿਮ ਲਾਂ ਨਾਲ ਬਿੰਦੀ ਲੱਗੀ ਹੈ। ਪਰੰਤੂ 'ਜੇ ਉਹ ਸੁਣੇ, ਜੇ ਉਹ ਮੰਨੇ, ਜੇ ਉਹ ਚੁੰਮੇਂ, ਵਿਚ 'ਸੁਣੇਂ', 'ਮੰਨੇਂ', 'ਚੁੰਮੇਂ' ਦੀ ਅੰਤਿਮ ਲਾਂ ਨੂੰ ਬਿੰਦੀ ਨਹੀਂ ਲੱਗੇਗੀ, ਕਿਉਂਕਿ 'ਜੇ ਉਹ ਲਿਖੇ, ਜੇ ਉਹ ਕਰੇ' ਵਿਚ ਕਿਰਿਆ ਦੀ ਲਾਂ ਬਿੰਦੀ ਨਹੀ ਆਈ।

ਕਾਣਾ, ਦਾਣਾ, ਤਾਣਾ, ਪਾਣੀ, ਢਾਣੀ, ਕੰਨਾ, ਛੰਨਾ, ਮਾਮਾ, ਨਾਨਾ, ਮਾਮੀ, ਨਾਨੀ, ਮਾਮੇ, ਨਾਨੇ, ਗਾਨੇ, ਉਲਾਹਮੇ, ਆਦਿ ਸ਼ਬਦਾਂ ਵਿਚ ਕਿਸੇ ਵੀ ਕੰਨੇ, ਬਿਹਾਰੀ ਜਾਂ ਲਾਂ ਨਾਲ ਬਿੰਦੀ ਨਹੀ ਲੱਗੇਗੀ, ਕਿਉਂਕਿ ਵਿਆਕਰਣ ਤੇ ਵਿਉਤਪੱਤੀ ਅਨੁਸਾਰ ਇਸ ਦੀ ਲੋੜ ਨਹੀਂ, ਭਾਵੇਂ ਉਚਾਰਨ ਵਿਚ ਨਾਸਿਕਤਾ ਆ ਗਈ ਹੈ।

ਆਉਣਾ, ਜਾਣਾ, ਕਰਨਾ, ਤਰਨਾ, ਪੜ੍ਹਨਾ, ਵੇਖਣਾ, ਰੋਣਾ, ਸੌਣਾ, ਆਦਿ ਕਿਰਿਆਵਾਂ ਵਿਚ ਵੀ ਕਿਤੇ ਬਿੰਦੀ ਨਹੀਂ ਆਏਗੀ, ਕਿਉਂਕਿ ਵਿਆਕਰਣ ਦੇ ਪੱਖ ਤੋਂ ਇਹ ਨਹੀ ਲੱਗ ਸਕਦੀ।

ਅਜੋਕੇ ਪੰਜਾਬੀ ਉਚਾਰਨ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਜਿਸ ਸ਼ਬਦ ਵਿਚ ਇਕ ਤੋਂ ਵਧੇਰੇ ਸੁਰ ਇਕੱਠੇ ਆਉਣ, ਜੇ ਉਨ੍ਹਾਂ ਵਿਚੋਂ ਕੋਈ ਇਕ ਨਾਸਿਕੀ ਹੋਵੇ, ਤਾਂ ਉਚਾਰਨ ਵਿਚ ਸਾਰੇ ਸੁਰ ਨਾਸਿਕੀ ਹੋ ਜਾਂਦੇ ਹਨ। ਸ਼ਬਦ 'ਆਈਆਂ' ਉਦਾਹਰਣ ਪਿੱਛੇ ਦਿੱਤਾ ਗਿਆ ਹੈ। ਇਸ ਦਾ ਆਮ ਉਚਾਰਨ 'ਆਈਆਂ' ਹੈ। ਇਥੇ ਵਿਆਕਰਣ ਦੇ ਆਧਾਰ ਉਤੇ ਸਿਰਫ਼ ਅੰਤਿਮ /-ਆਂ/ ਨਾਸਿਕੀ ਹੋਣਾ ਚਾਹੀਦਾ ਸੀ। ਪਰ ਇਸ ਦੇ ਪ੍ਰਭਾਵ ਨਾਲ ਪਹਿਲੇ ਸੁਰ ਵੀ ਨਾਸਕੀ ਹੋ ਗਏ ਹਨ। ਇਸ ਸ਼ਬਦ ਦੇ ਜੋੜ, ਵਿਆਕਰਨ ਨੂੰ ਧਿਆਨ ਵਿਚ ਰੱਖ ਕੇ, 'ਆਈਆਂ' ਹੀ ਰੱਖੇ ਗਏ ਹਨ। ਏਸੇ ਤਰ੍ਹਾਂ 'ਖੁਆਈਆਂ', 'ਧੁਆਈਆਂ', 'ਗੁਆਈਆਂ', 'ਸੁਣਾਈਆਂ ਆਦਿ ਵਿਚ ਵੀ ਸਿਰਫ ਅੰਤਮ '-ਆਂ' ਨਾਲ ਹੀ ਬਿੰਦੀ ਲੱਗੇਗੀ।

ਕੰਮ, ਚੰਮ, ਕੰਨ, ਲੰਮਾ, ਕੰਨੀ, ਥੰਮੀ ਵਰਗੇ ਸ਼ਬਦਾਂ ਵਿਚ ਜਿੱਥੇ ਟਿੱਪੀ ਲੱਗੀ ਹੈ, ਓਥੇ ਅੱਧਕ ਲਾਉਣ ਨਾਲ ਵੀ ਜੋੜ ਠੀਕ ਬਣਦੇ ਹਨ। ਪਰ ਜੋੜਾਂ ਵਿਚ ਇਕਸਾਰਤਾ ਰੱਖਣ ਲਈ ਅਜਿਹੇ ਸ਼ਬਦਾਂ ਦੇ ਜੋੜਾ ਵਿਚ ਟਿੱਪੀ ਲਾਉਣੀ ਸਵੀਕਾਰ ਕੀਤੀ ਗਈ ਹੈ।

4.4 ਕੁੱਝ ਫੁਟਕਲ ਸ਼ਬਦ-ਜੋੜ

ੳ) ਸੰਸਕ੍ਰਿਤ 'ਸਵ-' ਦਾ ਪੰਜਾਬੀ ਰੂਪ 'ਸਵੈ-' ਮੰਨਿਆ ਗਿਆ ਹੈ, ਅਤੇ 'ਸਵੈਮਾਣ', 'ਸਵੈਸਿੱਧ', 'ਸਵੈਰੱਖਿਆ' ਠੀਕ ਜੋੜ ਸਵੀਕਾਰ ਕੀਤੇ ਗਏ ਹਨ।

ਅ) ਸੰਸਕ੍ਰਿਤ -ਤਵ ਦਾ ਪੰਜਾਬੀ ਰੂਪ -ਤਵ ਸਵੀਕਾਰ ਕੀਤਾ ਗਿਆ ਹੈ, ਅਤੇ 'ਮਹੱਤਵ', 'ਅਸਤਿੱਤਵ', 'ਵਿਅਕਤਿੱਤਵ' ਠੀਕ ਜੋੜ ਮੰਨੇ ਗਏ ਹਨ।

ੲ) ਸੰਸਕ੍ਰਿਤ 'ਹੀਨ' ਪੰਜਾਬੀ ਰੂਪ 'ਹੀਣ' ਹੈ, ਇਸ ਆਧਾਰ ਉਤੇ 'ਅੰਗਹੀਣ', 'ਗੁਣਹੀਣ', 'ਰਸਹੀਣ' ਸ਼ੁੱਧ ਜੋੜ ਹਨ।

ਸ) ਅੰਗਰੇਜ਼ੀ ਸ਼ਬਦਾਂ set, net, inspector, project 'ਸੈੱਟ', 'ਨੈੱਟ', 'ਇੰਸਪੈੱਕਟਰ', 'ਪ੍ਰਾਜੈੱਕਟ' (ਅਰਥਾਤ ਦੁਲਾਵਾਂ ਨਾਲ ਅਧਕ ਲਾ ਕੇ) ਲਿਖਣਾ ਠੀਕ ਮੰਨਿਆ ਗਿਆ ਹੈ।

ਹ) ਕੁੱਝ ਹੋਰ ਸ਼ਬਦਾਂ ਦੇ ਜੋੜ ਇਹ ਮੰਨੇ ਗਏ ਹਨ :
ਸ਼ਿਅਰ (ਕਾਵਿ ਪੰਕਤੀ), ਸ਼ੇਅਰ (share), ਦਾਹਵਾ, ਵਾਇਦਾ, ਬਾਅਦ, ਵਜ੍ਹਾ, ਜਗਾ੍ਹ, ਸ਼ੁਬ੍ਹਾ, ਸਤਿਕਾਰ, ਸਮੁਦਾਇ, ਨਾ (ਨਾਮ), ਨਾ (ਜਿਵੇਂ : ਤੂੰ ਨਾ ਜਾ), ਨਾਹ (ਉਸ ਨੇ ਨਾਹ ਕਰ ਦਿੱਤੀ)।

ਦੂਜਾ ਅਭਿਆਸ

ਨੋਟ : ਹੇਠ ਲਿਖੇ ਸਵਾਲਾਂ ਦੇ ਉੱਤਰ ਦਿੱਤੇ ਜਾਣੇ ਹਨ। ਪਹਿਲੇ ਸਵਾਲਾਂ ਵਿਚ ਠੀਕ ਜੋੜ ਉਤੇ ਕੇਵਲ (✓) ਨਿਸ਼ਾਨ ਲਾਉਣਾ ਹੈ। ਦੂਜੇ ਤੇ ਤੀਜੇ ਸਵਾਲਾਂ ਦੇ ਜਵਾਬ ਖ਼ਾਲੀ ਛੱਡੀਆਂ ਥਾਵਾਂ ਉਤੇ ਦੇਣੇ ਹਨ। ਜਵਾਬ ਅਖ਼ੀਰ ਵਿਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀ ਵੇਖਣਾ।

1 ਇਨ੍ਹਾਂ ਵਿਚੋਂ ਕਿਹੜੇ ਜੋੜ ਠੀਕ ਹਨ :
ਸ਼ੈਹਰ/ਸ਼ਹਿਰ, ਕੇਹੜਾ/ਕਿਹੜਾ, ਸਹੁਰਾ/ਸੋਹਰਾ, ਗਿਆ/ਗਇਆ, ਮੰਤ੍ਰ/ਮੰਤਰ, ਮੰਦਰ/ਮੰਦਿਰ, ਗੁਰ/ਗੁਰੂ, ਠਾਕੁਰ/ਠਾਕਰ, ਅਧਕਾਰ/ਅਧਿਕਾਰ

2 ਹੇਠਾਂ ਦਿੱਤੇ ਸ਼ਬਦਾਂ ਦੇ ਜੋੜ ਠੀਕ ਕਰਕੇ ਲਿਖੋ :
ਖਿਹ, ਵੇਹੜਾ, ਸੁਹਣਾ, ਪਾਨੀ, ਕਾਰਣ, ਵਾਣੀ, ਲਿਖਨਾ, ਜਯ, ਰਾਸ਼ਟਰੀਯ, ਸਵਾਦ, ਲੱਸੀ, ਨਾਨੀ।
---

3 ਇਨ੍ਹਾਂ ਵਿੱਚੋਂ ਜਿਹੜੇ ਸ਼ਬਦਾਂ ਦੇ ਜੋੜ ਗ਼ਲਤ ਹਨ ਉਹ ਠੀਕ ਕਰਕੇ ਲਿਖੋ :
ਸਵੈਮਾਣ, ਮਹੱਤਵ, ਰਸਹੀਨ, ਨੈਟ, ਬਾਹਦ, ਸਤਿਕਾਰ।

4.5 ਸਾਰ

ਸ਼ਬਦ ਜੋੜਾਂ ਦਾ ਮੁਖ ਆਧਾਰ ਉਚਾਰਨ ਹੈ ਪਰ ਨਾਲ-ਨਾਲ ਵਿਆਕਰਨ, ਵਿਉਤਪੱਤੀ ਤੇ ਪਰੰਪਰਾ ਦਾ ਵੀ ਧਿਆਨ ਰਖਣਾ ਪੈਂਦਾ ਹੈ। ਉਪਰੋਕਤ ਪਾਠ ਵਿਚ ਇਨ੍ਹਾਂ ਦੀ ਵਿਸਤ੍ਰਿਤ ਚਰਚਾ ਕਰਕੇ ਸ਼ਬਦ-ਜੋੜਾਂ ਦੇ ਕੁੱਝ ਤੱਤ ਕਢੇ ਗਏ

ਹਨ। ਉਚਾਰਨ ਲਈ 'ਸ਼ਹਿਰ', 'ਕਹਿਰ', 'ਪਹਿਰ' ਆਦਿ ਸ਼ਬਦਾਂ ਦੇ ਜੋੜ ਹਾਹੇ ਨੂੰ ਸਿਹਾਰੀ ਲਾ ਕੇ ਠੀਕ ਮੰਨੇ ਗਏ ਹਨ। 'ਗਿਆ', 'ਰਿਹਾ' ਆਦਿ ਦੇ ਜੋੜ ਵੀ ਏਥੇ ਦਿੱਤੇ ਠੀਕ ਹਨ, ਇਨ੍ਹਾਂ ਨੂੰ 'ਗਇਆ', 'ਰਹਿਆ' ਆਦਿ ਲਿਖਣਾ ਠੀਕ ਨਹੀਂ।

4.6 ਸਹਾਇਕ ਪੁਸਤਕਾਂ

'ਪੰਜਾਬੀ ਸ਼ਬਦ-ਜੋੜਾਂ ਦੇ ਚੋਣਵੇਂ ਨਿਯਮ' (ਪੈਂਫਲਿਟ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਇਹ ਪੈਂਫਲਿਟ 'ਸ਼ਬਦ-ਜੋੜ ਕੋਸ਼ ਸੈੱਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਮੁਫਤ ਮਿਲਦਾ ਹੈ।)

4.7 ਅਭਿਆਸਾਂ ਦੇ ਉੱਤਰ

ਪਹਿਲਾ ਅਭਿਆਸ

1 ਸ਼ਬਦ-ਜੋੜਾਂ ਦਾ ਪ੍ਰਮੁੱਖ ਆਧਾਰ ਉਚਾਰਨ ਹੈ, ਕਿਉਂਕਿ ਉਚਾਰੀ ਹੋਈ ਭਾਸ਼ਾ ਨੂੰ ਲਿਖਤ ਵਿਚ ਦਰਸਾਉਣ ਲਈ ਹੀ ਸ਼ਬਦ-ਜੋੜ ਬਣਾਏ ਜਾਂਦੇ ਹਨ। ਪਰ ਉਚਾਰਨ ਤੋਂ ਇਲਾਵਾ ਹੇਠ ਲਿਖੇ ਕੁੱਝ ਹੋਰ ਆਧਾਰ ਵੀ ਹਨ :

ਇਕ ਆਧਾਰ ਵਿਆਕਰਨ ਹੈ। ਉਚਾਰਨ ਦੇ ਪੱਖ ਤੋਂ 'ਚਾਰ ਚਿੱਠੀਆਂ ਆਈਆਂ' ਦੇ ਅੰਤਿਮ ਸ਼ਬਦ ਨੂੰ 'ਆਂਈਆਂ' ਲਿਖਣਾ ਚਾਹੀਦਾ ਹੈ। ਪਰ ਵਿਆਕਰਨ ਦੇ ਆਧਾਰ ਉਤੇ ਇਸ ਦੇ ਜੋੜ 'ਆਈਆਂ' ਮੰਨੇ ਗਏ ਹਨ।

ਇਕ ਹੋਰ ਆਧਾਰ ਵਿਉਤਪੱਤੀ ਹੈ। ਵਿਉਤਪੱਤੀ ਦੇ ਆਧਾਰ ਉਤੇ ਹੀ ਅਸੀਂ 'ਪਰੀਖਿਆ' ਦੇ ਇਹ ਜੋੜ ਸਵੀਕਾਰ ਕਰਦੇ ਹਾਂ, ਭਾਵੇਂ ਇਸ ਸ਼ਬਦ ਦਾ ਉਚਾਰਨ 'ਪ੍ਰੀਖਿਆ' ਹੈ।

'ਪਰੰਪਰਾ' ਨੂੰ ਵੀ ਕੁੱਝ ਹਾਲਤਾਂ ਵਿਚ ਸ਼ਬਦ-ਜੋੜਾਂ ਦਾ ਆਧਾਰ ਮੰਨਿਆ ਜਾਂਦਾ ਹੈ। 'ਸਤਿ ਸ਼੍ਰੀ ਅਕਾਲ' ਦਾ ਅਜੋਕਾ ਉਚਾਰਨ 'ਸਤ ਸਿਰੀ ਅਕਾਲ' ਹੈ। ਪਰ ਬਣ ਚੁੱਕੀ ਪਰੰਪਰਾ ਨੂੰ ਧਿਆਨ ਵਿਚ ਰੱਖਦਿਆਂ 'ਸਤਿ ਸ਼੍ਰੀ ਅਕਾਲ' ਲਿਖਿਆ ਜਾਂਦਾ ਹੈ।

ਦੂਜਾ ਅਭਿਆਸ

1 ਇਹ ਜੋੜ ਠੀਕ ਹਨ : ਸ਼ਹਿਰ, ਕਿਹੜਾ, ਸਹੁਰਾ, ਗਿਆ, ਮੰਤਰ, ਮੰਦਰ, ਗੁਰੂ, ਠਾਕਰ, ਅਧਿਕਾਰ।

2 ਸ਼ੁੱਧ ਜੋੜ ਇਹ ਹਨ : ਖੇਹ, ਵਿਹੜਾ, ਸੋਹਣਾ, ਪਾਣੀ, ਕਾਰਨ, ਬਾਣੀ, ਲਿਖਣਾ, ਜੈ, ਰਾਸ਼ਟਰੀ, ਲੰਮੀ, ਨਾਨੀ।

3 ਸਵੇਮਾਣ, ਰਸਹੀਨ, ਨੈਟ, ਬਾਹਦ ਗਲਤ ਹਨ। ਇਨ੍ਹਾਂ ਦੇ ਸ਼ੁੱਧ ਜੋੜ ਹਨ : ਸਵੈਮਾਣ, ਰਸਹੀਨ, ਨੈੱਟ, ਬਾਅਦ।

ਪਾਠ 5. ਗੁਰਮੁੱਖੀ ਲਿਪੀ

ਪਾਠ ਦੀ ਰੂਪ-ਰੇਖਾ

5.0 ਮਨੋਰਥ
5.1 ਭੂਮਿਕਾ
5.2 ਲਿਪੀ ਕੀ ਹੁੰਦੀ ਹੈ
5.3 ਅਸ਼ੋਕ ਦੇ ਵੇਲੇ ਦੇ ਅੱਖਰ
  5.3.1 ਬ੍ਰਹਿਮੀ ਤੇ ਖ਼ਰੋਸ਼ਟੀ
  5.3.2 ਬ੍ਰਹਿਮੀ ਲਿਪੀ
  5.3.3 ਬ੍ਰਹਿਮੀ ਲਿਪੀ ਦੇ ਲੱਛਣ
5.4 ਬ੍ਰਹਿਮੀ ਤੇ ਗੁਰਮੁੱਖੀ
5.5 ਗੁਰਮੁੱਖੀ ਅੱਖਰ ਕਿਸੇ ਵਿਅਕਤੀ ਦੇ ਬਣਾਏ ਹੋਏ ਨਹੀ ਹਨ
5.6 ਸ਼ੁੰਗ, ਕੁਸ਼ਣ ਤੇ ਗੁਪਤ ਕਾਲ ਦੀਆਂ ਲਿਪੀਆਂ
5.7 ਕੁਟਿਲ ਲਿਪੀ
5.8 ਰੂਪਕ ਤਬਦੀਲੀਆਂ ਦੇ ਕਾਰਨ
5.9 ਕੁਟਿਲ ਤੇ ਗੁਰਮੁੱਖੀ
5.10 ਸ਼ਾਰਦਾ
5.11 ਗੁਰਮੁੱਖੀ ਲਿਪੀ ਕਿਵੇਂ ਬਣੀ
  5.11.1 ਗੁਰੂ ਨਾਨਕ ਸਾਹਿਬ ਤੇ ਗੁਰਮੁੱਖੀ
  5.11.2 ਪੁਰਾਣੀ ਗੁਰਮੁੱਖੀ ਦੇ ਵਿਸ਼ੇਸ਼ ਲੱਛਣ
  5.11.3 ਪੁਰਾਣੀ ਗੁਰਮੁੱਖੀ ਤੇ ਅਜੋਕੀ ਗੁਰਮੁੱਖੀ ਦੇ ਅੱਖਰਾਂ ਵਿਚ ਫਰਕ
  5.11.4 ਅਜ ਦੀ ਗੁਰਮੁੱਖੀ ਵਿਚ ਨਵੇਂ ਵਾਧੇ
  5.11.5 ਗੁਰਮੁੱਖੀ ਵਿਚ ਸੁਧਾਰ
5.12 ਸਾਰ
5.13 ਸਹਾਇਕ ਪੁਸਤਕਾਂ
5.14 ਅਭਿਆਸਾਂ ਦੇ ਉੱਤਰ

5.0 ਮਨੋਰਥ

ਪੰਜਾਬੀ ਇਕ ਭਾਸ਼ਾ ਹੈ। ਇਹ ਭਾਸ਼ਾ ਗੁਰਮੁੱਖੀ ਲਿਪੀ ਵਿਚ ਲਿਖੀ ਜਾਂਦੀ ਹੈ। ਇਸ ਪਾਠ ਦਾ ਮਨੋਰਥ ਤੁਹਾਨੂੰ ਗੁਰਮੁੱਖੀ ਲਿਪੀ ਦੇ ਜਨਮ ਤੇ ਵਿਕਾਸ ਬਾਰੇ ਜਾਣਕਾਰੀ ਦੇਣਾ ਹੈ। ਛਾਪੇ ਦੇ ਪ੍ਰਵੇਸ਼ ਤੋਂ ਪਹਿਲਾਂ, ਅੱਖਰਾਂ ਦੀਆਂ ਸ਼ਕਲਾਂ ਵਿਚ ਤਬਦੀਲੀਆਂ ਵਧੇਰੇ ਪਾਵਰਦੀਆਂ ਸਨ। ਇਨ੍ਹਾਂ ਤਬਦੀਲੀਆਂ ਕਰਕੇ, ਆਮ ਤੌਰ ਉਤੇ, ਪੁਰਾਣੇ ਅੱਖਰ ਪਛਾਣਨੇ ਔਖੇ ਹੁੰਦੇ ਹਨ, ਪਰ ਜੇ ਇਨ੍ਹਾਂ ਹੀ ਅੱਖਰਾਂ ਨੂੰ ਇਤਿਹਾਸਿਕ ਕ੍ਰਮ ਵਿਚ ਆਪਣੇ ਸਾਹਮਣੇ ਰੱਖ ਕੇ ਵੇਖੀਏ ਤਾਂ ਇਨ੍ਹਾਂ ਦੇ ਵਿਕਾਸ ਦੀ ਝੱਟ ਸਮਝ ਆ ਜਾਂਦੀ ਹੈ।

ਇਸ ਪਾਠ ਵਿਚ ਦੱਸਿਆ ਜਾਵੇਗਾ ਕਿ ਗੁਰਮੁੱਖੀ ਲਿਪੀ ਦੇ ਅੱਖਰ, ਵਿਕਾਸ ਦੇ ਕਿਹੜੇ-ਕਿਹੜੇ ਪੜਾਵਾਂ ਵਿਚੋਂ ਲੰਘ ਕੇ ਹੁਣ ਵਾਲੀ ਹਾਲਤ ਵਿਚ ਪਹੁੰਚੇ ਹਨ। ਇਹੀ ਨਹੀਂ, ਇਸ ਨਾਲ ਤੁਹਾਡੇ ਆਪਣੇ ਮਨ ਵਿਚੋਂ, ਗੁਰਮੁੱਖੀ ਬਾਰੇ ਕਈ ਤਰ੍ਹਾਂ ਦੇ ਭੁਲੇਖੇ ਦੂਰ ਹੋਣ ਦੀ ਪ੍ਰਤੱਖ ਸੰਭਾਵਨਾ ਹੈ।

5.1 ਭੂਮਿਕਾ

ਅਧਿਆਪਕਾਂ ਦਾ ਤਜਰਬਾ ਹੈ ਕਿ ਆਮ ਵਿਦਿਆਰਥੀਆਂ ਨੂੰ ਲਿਪੀ ਬਾਰੇ ਬਹੁਤ ਘਟ ਜਾਣਕਾਰੀ ਹੁੰਦੀ ਹੈ। ਇਥੋਂ ਤਕ ਕਿ ਲਿਪੀ ਦੀ ਗੱਲ ਕਰਦਿਆਂ ਕਰਦਿਆਂ ਉਹ ਭਾਸ਼ਾ ਦੀ ਗੱਲ ਕਰਨ ਲਗ ਪੈਂਦੇ ਹਨ ਇਸ ਪਾਠ ਵਿਚ ਇਹ ਸਪਸ਼ਟ ਕਰਨ ਦਾ ਜਤਨ ਕੀਤਾ ਗਿਆ ਹੈ ਕਿ ਲਿਪੀ ਕੀ ਹੁੰਦੀ ਹੈ ਤੇ ਇਸ ਦਾ ਤੇ ਭਾਸ਼ਾ ਦਾ ਕੀ ਫਰਕ ਹੁੰਦਾ ਹੈ। ਗੁਰਮੁੱਖੀ ਲਿਪੀ ਨੂੰ ਸਮਝਣ ਲਈ ਭਾਰਤ ਦੀਆਂ ਪਹਿਲੀਆਂ ਲਿਪੀਆਂ ਬਾਰੇ ਕੁਝ ਜਾਣਨਾ ਜ਼ਰੂਰੀ ਸੀ। ਸੋ ਮਹਾਰਾਜ ਅਸ਼ੋਕ ਦੇ ਵੇਲੇ ਤੋਂ ਲੈ ਕੇ ਗੁਰਮੁੱਖੀ ਲਿਪੀ ਦੇ ਅੱਖਰਾਂ ਤਕ ਦਾ ਵਿਕਾਸ ਦਰਸਾਇਆ ਗਿਆ ਹੈ। ਇਸ ਤਰ੍ਹਾਂ ਇਸ ਪਾਠ ਦੇ ਹੇਠ ਲਿਖੇ ਭਾਗ ਬਣਾਏ ਗਏ ਹਨ :

1 ਲਿਪੀ ਕੀ ਹੁੰਦੀ ਹੈ?
2 ਅਸ਼ੋਕ ਦੇ ਵੇਲੇ ਦੇ ਅੱਖਰ : ਬ੍ਰਾਹਮੀ ਤੇ ਖ਼ਰੋਸ਼ਠੀ
3 ਬ੍ਰਹਿਮੀ ਲਿਪੀ
4 ਅਸ਼ੋਕ ਤੋਂ ਪਿੱਛੋਂ ਦੀਆਂ ਲਿਪੀਆਂ : ਸ਼ੁੰਗ, ਕੁਸ਼ਣ, ਗੁਪਤ, ਕੁਟਿਲ ਸ਼ਾਰਦਾ ਆਦਿ
5 ਪੁਰਾਣੀ ਗੁਰਮੁੱਖੀ
6 ਵਰਤਮਾਨ ਗੁਰਮੁੱਖੀ

5.2 ਲਿਪੀ ਕੀ ਹੁੰਦੀ ਹੈ

ਬੋਲੀ ਦਾ ਸੰਬੰਧ ਬੋਲ ਨਾਲ ਹੁੰਦਾ ਹੈ, ਲਿਪੀ ਦਾ ਬੋਲ ਦੀ ਲਿਖਤ ਨਾਲ। ਬੋਲ ਤਾਂ ਬੁਲਾਰੇ ਦੇ ਬੋਲਦੇ ਸਾਰ ਮੁੱਕ ਜਾਂਦਾ ਹੈ, ਪਰ ਜਦੋਂ ਬੋਲ ਨੂੰ ਲਿਪੀ ਦੇ ਕੱਪੜੇ ਪੈ ਜਾਣ ਤਾਂ ਬੋਲ ਮੁੱਕਦਾ ਨਹੀਂ, ਬਲਕਿ ਜੀਉਂਦਾ ਰਹਿੰਦਾ ਹੈ ਕਿਉਂਕਿ ਕੋਈ ਵੀ ਲਿਪੀ ਦਾ ਜਾਣਕਾਰ, ਜਦੋਂ ਚਾਹੇ ਉਸ ਨੂੰ ਪੜ੍ਹ ਸਕਦਾ ਹੈ।। ਲਿਪੀ ਕੁੱਝ ਚਿੰਨ੍ਹਾਂ ਜਾਂ ਅੱਖਰਾਂ ਦਾ ਸਮੂਹ ਹੁੰਦੀ ਹੈ। ਇਹ ਚਿੰਨ੍ਹ ਜਾਂ ਅੱਖਰ ਧੁਨੀਆਂ ਦੇ ਸੂਚਕ ਹੁੰਦੇ ਹਨ। ਅਸੀ ਮਿੱਥ ਲੈਂਦੇ ਹਾਂ ਕਿ ਸਾਡੀ ਲਿਪੀ ਵਿਚ ਫ਼ਲਾਣੀ ਸ਼ਕਲ ਦਾ ਚਿੰਨ੍ਹ ਫ਼ਲਾਣੀ ਧੁਨੀ ਦਾ ਸੂਚਕ ਹੋਵੇਗਾ। ਜੇ ਅਸੀ ਸਾਰੇ ਅੱਜ ਇਹ ਫ਼ੈਸਲਾ ਕਰ ਲਈਏ ਕਿ ਅੱਗੋਂ ਲਈ 'ਕੱਕੇ' ਦੀ ਅਵਾਜ਼ ਲਈ 'ਊੜੇ' ਦੀ ਵਰਤੋਂ ਕਰਿਆ ਕਰਾਂਗੇ ਤਾਂ ਨਾ 'ਕੱਕਾ' ਇਤਰਾਜ਼ ਕਰ ਸਕਦਾ ਹੈ, ਨਾ 'ਊੜਾ'। ਅੱਖਰਾਂ ਦੀ ਆਪਣੀ ਅਵਾਜ਼ ਕੋਈ ਨਹੀ ਹੁੰਦੀ। ਉਨ੍ਹਾਂ ਦੀਆਂ ਆਵਾਜ਼ਾਂ ਉਹੀ ਹੁੰਦੀਆਂ ਹਨ, ਜੋ ਅਸੀ ਉਨ੍ਹਾਂ ਨੂੰ ਦਿੱਤੀਆਂ ਹੁੰਦੀਆਂ ਹਨ। ਇਸ ਲਈ ਸੰਭਵ ਹੈ ਕਿ ਜਿਹੜਾ ਅੱਖਰ ਜਾਂ ਚਿੰਨ੍ਹ ਇਕ ਲਿਪੀ ਵਿਚ ਇਕ ਧੁਨੀ ਦਾ ਸੂਚਕ ਹੈ, ਉਹੀ ਕਿਸੇ ਦੂਜੀ ਲਿਪੀ ਵਿਚ ਕਿਸੇ ਹੋਰ ਧੁਨੀ ਦਾ ਸੂਚਕ ਹੋਵੇ, ਜਿਵੇਂ 'ਸ' ਚਿੰਨ੍ਹ ਗੁਰਮੁੱਖੀ ਵਿਚ /ਸ/ ਦੀ ਅਵਾਜ਼ ਦੇਂਦਾ ਹੈ, ਪਰ ਇਹੀ ਚਿੰਨ੍ਹ ਦੇਵ ਨਾਗਰੀ ਵਿਚ /ਮ/ ਦੀ ਅਵਾਜ਼ ਦੇਈ ਜਾਂਦਾ ਹੈ। ਜ਼ਰਾ ਸੋਚੋ ਕਿ ਜਦੋਂ ਅਜੇ ਲਿਪੀਆਂ ਦੀ ਕਾਢ ਨਹੀਂ ਸੀ ਹੋਈ, ਓਦੋਂ ਹਰ ਬੰਦੇ ਨੂੰ ਹਰ ਨਿੱਕੀ-ਮੋਟੀ ਗੱਲ ਆਪਣੇ ਚੇਤੇ ਵਿਚ ਹੀ ਰੱਖਣੀ ਪੈਂਦੀ ਸੀ ਤੇ ਮਰਨ ਨਾਲ ਉਹ ਹਰ ਗੱਲ ਆਪਣੇ ਨਾਲ ਹੀ ਲੈ ਜਾਂਦਾ ਸੀ, ਪਰ ਜਦੋਂ ਮਨੁੱਖ ਨੂੰ ਇਹ ਅਕਲ ਆਈ ਕਿ ਵੱਖ-ਵੱਖ ਅਵਾਜ਼ਾਂ ਲਈ ਵੱਖਰੇ-ਵੱਖਰੇ ਚਿੰਨ੍ਹ ਨਿਸਚਿਤ ਹੋ ਸਕਦੇ ਹਨ, ਤਾਂ ਬੋਲੀ ਨੂੰ ਅੱਗੋਂ ਲਈ ਸਾਂਭ ਕੇ ਰੱਖਣ ਦਾ ਪ੍ਰਬੰਧ ਹੋ ਗਿਆ। ਇਸ ਕਾਢ ਉਤੇ ਮਨੁੱਖ ਨੂੰ ਕਿੰਨੀ ਭਾਰੀ ਖੁਸ਼ੀ ਤੇ ਸਹੂਲਤ ਹੋਈ ਹੋਵੇਗੀ! ਲਿਪੀ ਪੈਦਾ ਹੋਈ ਤਾਂ ਸਮਝੋ ਸਭਿਅਤਾ ਦਾ ਪਹੁ-ਫੁਟਾਲਾ ਸ਼ੁਰੂ ਹੋ ਗਿਆ, ਕਿਉਂਕਿ ਇਸ ਨਾਲ ਪਿਛਲੀ ਪੀੜ੍ਹੀ ਆਪਣੀ ਵਿਦਿਆ, ਹੁਨਰ ਜਾਂ ਤਜਰਬੇ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦੇ ਸਮਰੱਥ ਹੋ ਗਈ।

5.3 ਅਸ਼ੋਕ ਦੇ ਵੇਲੇ ਦੇ ਅੱਖਰ

ਤੁਸੀ ਮਹਾਰਾਜਾ ਅਸ਼ੋਕ ਦਾ ਨਾਂ ਤਾਂ ਸੁਣਿਆ ਹੀ ਹੋਇਆ ਹੈ। ਤੁਹਾਨੂੰ ਇਹ ਵੀ ਪਤਾ ਹੈ ਕਿ ਕਾਲਿੰਗ ਦੀ ਲੜਾਈ ਦੇ ਪਿੱਛੋਂ ਉਸ ਨੇ ਬੁੱਧ ਧਰਮ ਧਾਰਨ ਕਰ ਲਿਆ ਸੀ। ਉਸ ਨੂੰ ਆਪਣੇ ਨਵੇਂ ਧਰਮ ਦੇ ਪ੍ਰਚਾਰ ਦਾ ਏਨਾ ਸ਼ੌਕ ਸੀ ਕਿ ਜਿੱਥੇ ਕਿਤੇ ਵੀ ਉਸ ਨੂੰ ਲੋਕਾਂ ਦੇ ਆਮ ਲਾਂਘੇ-ਟਾਪੇ ਦੀ ਥਾਂ ਲੱਭਦੀ, ਉਚ ਓਥੇ ਹੀ ਮਹਾਤਮਾ ਬੁੱਧ ਦੀ ਸਿੱਖਿਆ, ਪੱਥਰ ਦੀਆਂ ਸਿਲਾਂ, ਚਟਾਨਾਂ ਤੇ ਲਾਠਾਂ ਉਤੇ ਉੱਕਰਵਾ ਦੇਂਦਾ ਸੀ। ਉਸ ਦਾ ਇਹ ਅਨੁਭਵ ਬਿਲਕੁਲ ਠੀਕ ਸਾਬਤ ਹੋਇਆ ਹੈ, ਕਿਉਂਕਿ ਉਸ ਦੇ ਵੇਲੇ ਦੀਆਂ ਬਹੁਤ ਸਾਰੀਆਂ ਲਿਖਤਾਂ, ਜੋ ਮੁਹਰਾਂ ਤੇ ਠੱਪਿਆਂ ਦੀ ਸ਼ਕਲ ਵਿਚ. ਅਸ਼ੋਕ ਤੋਂ ਪਹਿਲਾਂ ਦੇ ਕੁੱਝ ਥੇਹਾਂ ਵਿਚੋਂ ਲੱਭੀਆਂ ਹਨ, ਜਿਵੇਂ ਮੋਇਓ-ਜੋ-ਦੜੋ, ਹੜਪਾ ਤੇ ਰੋਪੜ ਵਿਚੋਂ, ਉਹ ਅਜੇ ਪੜ੍ਹੀਆਂ ਨਹੀਂ ਜਾ ਸਕੀਆਂ। ਸੋ ਭਾਰਤ ਵਿਚ ਪੜ੍ਹੇ-ਜਾ-ਚੁੱਕੇ ਅੱਖਰਾਂ ਦੇ ਸਭ ਤੋਂ ਪੁਰਾਣੇ ਨਮੂਨੇ, ਅਸ਼ੋਕ ਦੀਆਂ ਉੱਕਰੀਆਂ ਹੋਈਆਂ ਲਿਖਤਾਂ ਵਾਲੇ ਹੀ ਮੰਨੇ ਜਾਂਦੇ ਹਨ।

5.3.1 ਬ੍ਰਾਹਮੀ ਤੇ ਖਰੋਸ਼ਠੀ

ਮਹਾਰਾਜ ਅਸ਼ੋਕ ਦਾ ਝੰਡਾ ਅਫਗਾਨਿਸਤਾਨ ਤੋਂ ਲੈ ਕੇ ਦੱਖਣ ਤਕ, ਭਾਰਤ ਦੇ ਬਹੁਤ ਸਾਰੇ ਇਲਾਕੇ ਉਤੇ ਝੁੱਲਦਾ ਸੀ। ਉਸ ਦੀ ਪਰਜਾ ਵਿਚ, ਵੱਖ-ਵੱਖ ਬੋਲੀਆਂ ਬੋਲਣ ਤੇ ਪੜ-ਲਿਖ ਸਕਣ ਵਾਲੇ ਵੱਖ-ਵੱਖ ਕਬੀਲਿਆਂ ਤੇ ਜਾਤੀਆਂ ਦੇ ਲੋਕ ਵੱਸਦੇ ਸਨ, ਇਨ੍ਹਾਂ ਲੋਕਾਂ ਦੀ ਸਹੂਲਤ ਲਈ ਉਸ ਨੇ ਆਪਣੇ ਲੇਖ ਉਸ ਵੇਲੇ ਦੀਆਂ ਵੱਖ-ਵੱਖ ਲਿਪੀਆਂ ਵਿਚ ਉੱਕਰਵਾਏ ਸਨ। ਇਨ੍ਹਾਂ ਦੇ ਨਾਮ ਹਨ : 'ਬ੍ਰਾਹਮੀ', ਤੇ 'ਖਰੋਸ਼ਠੀ'। ਬ੍ਰਾਹਮੀ' ਦਾ ਮਤਲਬ ਹੈ 'ਬ੍ਰਾਹਮ' ਨਾਲ ਸੰਬੰਧ ਰੱਖਣ ਵਾਲੀ' 'ਬ੍ਰਹਮ ਦੀ' ਜਾਂ 'ਦੈਵੀ'। ਇਸ ਦੇ ਉਲਟ 'ਖਰੋਸ਼ਠੀ' ਦੋ ਸ਼ਬਦਾਂ ਦਾ ਜੋੜ ਦੱਸੀ ਜਾਂਦੀ ਹੈ - ਖ਼ਰ—ਖੋਤਾ, ਤੇ ਓਸ਼ਟ—ਹੋਠ। ਮਤਲਬ ਇਹ ਕਿ ਇਹ ਅੱਖਰ ਕਾਹਦੇ ਹਨ, ਇਹ ਤਾਂ ਊਠ ਤੇ ਖੋਤੇ ਇਕੱਠੇ ਕੀਤੇ ਹੋਏ ਹਨ। ਇਕ ਹੋਰ ਅਰਥ ਹਨ : ਖਰ—ਖੋਤਾ ਤੇ ਓਸ਼ਠ—ਹੋਠ ਜਾਂ ਬੁੱਲ। ਅਰਥਾਤ ਇਹ ਅੱਖਰ ਨਹੀ, ਨਿਰੇ ਖੋਤੇ ਦੇ ਬੁੱਲ੍ਹ ਹਨ। ਲਗਦਾ ਹੈ ਕਿ 'ਖਰੋਸ਼ਠੀ' ਜਾਂ 'ਬ੍ਰਾਹਮੀ' ਲਿਪੀ ਵਰਤਣ ਵਾਲਿਆਂ ਨੇ, ਖਰੋਸ਼ਠੀ ਵਰਤਣ ਵਾਲਿਆਂ ਦੀ ਹੇਠੀ ਕਰਨ ਲਈ ਹੀ ਰੱਖਿਆ ਹੋਵੇਗਾ।

5.3.2 ਬ੍ਰਾਹਮੀ ਲਿਪੀ

ਅਸ਼ੋਕ ਦੇ ਸਿਲਾ-ਲੇਖਾਂ ਦੀ ਗਿਣਤੀ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਉਸ ਵੇਲੇ ਦੇ ਭਾਰਤ ਵਿਚ ਲੋਕਾਂ ਦੀ ਬਹੁ

ਗਿਣਤੀ 'ਬ੍ਰਾਹਮੀ' ਲਿਪੀ ਵਰਤਦੀ ਹੋਵੇਗੀ ਤੇ 'ਖਰੋਸ਼ਠੀ' ਵਰਤਣ ਵਾਲੇ ਲੋਕ, ਬਹੁਤ ਕਰਕੇ, ਅਫ਼ਗਾਨਿਸਤਾਨ ਤੋਂ ਗੁਰਦਾਸਪੁਰ ਤਕ ਦੇ ਇਲਾਕੇ ਵਿਚ ਹੀ ਮਿਲਦੇ ਸਨ। ਗੁਰਮੁੱਖੀ ਲਿਪੀ ਦਾ, ਜਿਵੇਂ ਕਿ ਅਸੀ ਅੱਗੇ ਚੱਲ ਕੇ ਦੱਸਾਂਗੇ, ਖਰੋਸ਼ਠੀ ਨਾਲ ਨਹੀਂ ਬਲਕਿ ਬ੍ਰਾਹਮੀ ਲਿਪੀ ਨਾਲ ਕਾਫ਼ੀ ਕੁੱਝ ਮਿਲਦਾ ਹੈ, ਜਿਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਬ੍ਰਾਹਮੀ ਲਿਪੀ ਹੀ ਗੁਰਮੁੱਖੀ ਦੀ ਪੜ-ਨਕੜ-ਦਾਦੀ ਹੋਵੇਗੀ। ਅਸਲ ਗੱਲ ਇਹ ਹੈ ਕਿ ਅੱਖਰ ਮੇਲ ਕੇ ਵੇਖੀਹੇ ਤਾਂ ਬ੍ਰਾਹਮੀ, ਗੁਰਮੁੱਖੀ ਦੀ ਹੀ ਨਹੀਂ ਦੇਵ ਨਾਗਰੀ (ਹਿੰਦੀ ਸੰਸਕ੍ਰਿਤ) ਦੀ ਵੀ ਪਨ-ਨਕੜ-ਦਾਦੀ ਸਾਬਤ ਹੁੰਦੀ ਹੈ। ਬਲਕਿ, ਜੇ ਸੱਚ ਪੁੱਛੋ, ਤਾਂ ਉਰਦੂ, ਫ਼ਾਰਸੀ ਤੇ ਅਰਬੀ ਵਾਲੀ ਲਿਪੀ ਜਾਂ ਰੋਮਨ ਲਿਪੀ (ਅੰਗਰੇਜ਼ੀ) ਨੂੰ ਛੱਡ ਕੇ, ਬਾਕੀ ਸਾਰੇ ਭਾਰਤੀ ਰਾਜਾਂ ਦੀਆਂ ਸਾਰੀਆਂ ਦੇਸੀ ਲਿਪੀਆਂ ਤਮਿਲ, ਤੇਲਗੂ ਤੇ ਮਲਿਆਲਮ ਵਰਗੀਆਂ ਦੱਖਣੀ ਲਿਪੀਆਂ ਸਮੇਤ, ਬ੍ਰਾਹਮੀ ਲਿਪੀ ਦੀਆਂ ਹੀ ਬੱਚੀਆਂ-ਬਚੂੰਗੜੀਆਂ ਹਨ। ਹੋਰ, ਭਾਰਤ ਤੋਂ ਬਾਹਰ ਸ਼੍ਰੀ ਲੰਕਾ, ਬਰਮਾ ਤੇ ਥਾਈਲੈਂਡ ਦੀਆਂ ਲਿਪੀਆਂ ਵੀ ਬ੍ਰਾਹਮੀ ਤੋਂ ਹੀ ਉਪਜੀਆਂ ਹਨ।

5.3.3 ਬ੍ਰਾਹਮੀ ਲਿਪੀ ਦੇ ਲੱਛਣ

ਸਾਡੇ ਪਾਸ ਅਸ਼ੋਕ ਦੇ ਵੇਲੇ ਦੀ ਜਿਸ ਬ੍ਰਾਹਮੀ ਲਿਪੀ ਦੇ ਨਮੂਨੇ ਪ੍ਰਾਪਤ ਹਨ, ਉਹ ਅਸ਼ੋਕ ਦੀ ਆਪਣੀ ਜਾਂ ਅਸ਼ੋਕ ਦੇ ਕਿਸੇ ਵਿਦਵਾਨ ਪਾਂਧੇ ਦੀ ਬਣਾਈ ਹੋਈ ਨਹੀਂ ਸੀ। ਇਹ ਹਰ ਹਾਲਤ ਵਿਚ ਉਸ ਤੋਂ ਪਹਿਲਾਂ ਮੌਜੂਦ ਸੀ। ਅਸ਼ੋਕ ਦਾ ਸਮਾਂ ਅੱਜ ਤੋਂ ਕਈ ਸਵਾ ਦੋ ਜਾਂ ਢਾਈ ਹਜ਼ਾਰ ਵਰ੍ਹੇ ਪਹਿਲਾਂ ਦਾ ਹੈ। ਇਸ ਹਿਸਾਬ ਨਾਲ ਬ੍ਰਾਹਮੀ ਇਸ ਤੋਂ ਵੀ ਲਮੇਰੀ ਉਮਰ ਦੀ ਬਣਦੀ ਹੈ। ਕੀ ਇਹ ਹੈਰਾਨੀ ਦੀ ਗੱਲ ਨਹੀ ਕਿ ਏਨਾ ਲੰਮਾ ਸਮਾਂ ਲੰਘ ਜਾਣ ਦੇ ਬਾਵਜੂਦ, ਉਸ ਵੇਲੇ ਦੇ ਬ੍ਰਾਹਮੀ ਦੇ ਕੁੱਝ ਲੱਛਣ, ਗੁਰਮੁੱਖੀ ਲਿਪੀ ਤੇ ਅੱਜ ਦੀਆਂ ਕਈ ਹੋਰ ਲਿਪੀਆਂ ਵਿਚ, ਜਿਉਂ ਦੇ ਤਿਉਂ ਮਿਲ ਜਾਂਦੇ ਹਨ? ਮਿਸਾਲ ਵਜੋਂ :

ਬ੍ਰਾਹਮੀ ਵਿਚ ਇਕ ਅਵਾਜ਼ ਲਈ ਇੱਕੋ ਅੱਖਰ ਨਿਸਚਿਤ ਸੀ। ਇਸ ਪ੍ਰਬੰਧ ਨਾਲ ਪੜ੍ਹਨ ਵਾਲੇ ਨੂੰ ਬੜੀ ਸੋਖ ਹੁੰਦੀ ਹੈ। ਉਦਾਹਰਨ ਵਜੋਂ, ਕੱਕੇ ਦੀ ਅਵਾਜ਼, ਗੁਰਮੁੱਖੀ ਲਿਖਤ ਰਾਹੀਂ ਪੈਦਾ ਕਰਨੀ ਹੋਵੇ ਤਾਂ ਸਾਡੇ ਦਿਮਾਗ ਵਿਚ ਝੱਟ 'ਕ' ਅੱਖਰ ਦੀ ਸ਼ਕਲ ਉੱਘੜਦੀ ਹੈ। ਗੁਰਮੁੱਖੀ ਲਿਪੀ ਦਾ ਕੋਈ ਹੋਰ ਅੱਖਰ 'ਕੱਕੇ' ਦੀ ਅਵਾਜ਼ ਲਈ ਦਿਮਾਗ ਵਿਚ ਨਹੀਂ ਉੱਘੜਦਾ। ਇਹੀ ਗੁਣ ਬ੍ਰਾਹਮੀ ਲਿਪੀ ਵਿਚ ਸੀ। ਇਹ ਗੁਣ ਦੁਨੀਆਂ ਦੀਆਂ ਸਾਰੀਆਂ ਲਿਪੀਆਂ ਵਿਚ ਨਹੀਂ ਮਿਲਦਾ। ਮਸਲਨ, ਉਰਦੂ ਦੀ ਲਿਪੀ ਵਿਚ 'ਜ਼ਜ਼ੇ' ਦੀ ਧੁਨੀ ਲਈ ਚਾਰ ਅੱਖਰ ਹਨ : ਜ਼ਾਲ (ﺫ) ਜ਼ੇ (ﺯ), ਜ਼ੁਆਦ (ﻅ) ਤੇ ਜ਼ੋਏ (ﻇ) 'ਸੱਸੇ' ਦੀ ਧੁਨੀ ਲਈ ਤਿੰਨ ਅੱਖਰ - 'ਸੇ' (ﺱ), 'ਸੀਨ' (ﺲ) ਤੇ 'ਸੁਆਦ' (ﺺ) ਤੱਤੇ ਦੀ ਧੁਨੀ ਲਈ ਦੋ ਅੱਖਰ - 'ਤੇ' (ﺕ) ਤੇ 'ਤੋਇ' (ﻁ) ਅਤੇ 'ਹੇ' ਲਈ ਵੀ ਦੋ ਅੱਖਰ ਹਨ - 'ਹਾਇ ਹੁੱਤੀ (ﺡ) ਤੇ 'ਹਾਇ ਹੌਜ਼ (ﻩ) ਪੜ੍ਹਨ ਤੇ ਲਿਖਣ ਵਾਲੇ ਨੂੰ ਹਰ ਉਸ ਸ਼ਬਦ ਦੇ ਅੱਖਰ-ਜੋੜ ਯਾਦ ਕਰਨ ਵਿਚ ਕਾਫ਼ੀ ਔਖ ਪੇਸ਼ ਆਉਂਦੀ ਹੈ, ਜਿਨ੍ਹਾਂ ਵਿਚ ਇਹ ਧੁਨੀਆਂ ਆਉਂਦੀਆਂ ਹਨ। ਕਿੱਥੇ 'ਤੇ' ਵਰਤੀ ਜਾਂਦੀ ਹੈ ਤੇ ਕਿੱਥੇ 'ਤੋਇ' ਦੀ ਵਰਤੋਂ ਹੋਵੇਗੀ? ਕਿੱਥੇ 'ਸੇ' ਵਰਤਣੀ ਹੈ ਤੇ ਕਿਥੇ 'ਸੀਨ' ਜਾਂ 'ਸੁਆਦ'? ਬ੍ਰਾਹਮੀ ਵਿਚ ਇਹੋ ਜਿਹੀ ਕੋਈ ਔਕੜ ਪੇਸ਼ ਨਹੀ ਸੀ ਆਉਂਦੀ। ਇਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਗੁਰਮੁੱਖੀ ਵਿਚ ਲਿਖਣ ਵੇਲੇ ਵੀ ਸਾਨੂੰ ਇਸ ਤਰ੍ਹਾਂ ਦੀ ਕੋਈ ਤਕਲੀਫ ਪੇਸ਼ ਨਹੀ ਆਉਂਦੀ, ਪਰ ਅੰਗਰੇਜ਼ੀ ਦੇ ਅੱਖਰ-ਜੋੜ (spellings) ਯਾਦ ਰੱਖਣ ਲਈ ਤੁਹਾਨੂੰ ਕਾਫ਼ੀ ਮੁਸੀਬਤ ਦਾ ਸਾਹਮਣਾ ਕਰਨਾ ਪਿਆ ਹੋਵੇਗਾ। ਕਿ ਨਹੀਂ? ਇਕੱਲੇ 'ਕੱਕੇ' ਦੀ ਧੁਨੀ ਲਈ 'ਸੀ' (cat) 'ਕੇ' K (kite),' ਸੀ-ਐੱਚ ch (chemistry) ਤੇ 'ਕਿਯੂ' q (quote), ਘਟੋ-ਘਟ ਇਨ੍ਹਾਂ ਚਾਰ ਅੱਖਰਾਂ ਦੀ ਵਰਤੋਂ ਤਾਂ ਹੁੰਦੀ ਹੀ ਹੈ, ਸੋ ਮੁਸੀਬਤ ਤਾਂ ਆਪੇ ਹੀ ਬਣਨੀ ਹੋਈ।

ਅ) ਹੁਣੇ ਅਸੀ ਦੱਸਿਆ ਹੈ ਕਿ ਕਈ ਲਿਪੀਆਂ ਵਿਚ ਇੱਕੋ ਅਵਾਜ਼ ਲਈ ਅੱਖਰਾਂ ਦੀ ਵਰਤੋਂ ਹੁੰਦੀ ਹੈ। ਇਸ ਦੇ ਉਲਟ ਕਈ ਲਿਪੀਆਂ ਵਿਚ ਇੱਕੋ ਅੱਖਰ ਕਈ ਕਈ ਧੁਨੀਆਂ ਦਾ ਸੂਚਕ ਵੀ ਹੁੰਦਾ ਹੈ। ਮਿਸਾਲ ਵਜੋਂ, ਵੇਖੋ ਅੰਗਰੇਜ਼ੀ ਵਿਚ 'ਯੂ' (u) ਦੀਆਂ ਆਵਾਜ਼ਾਂ -, put ਵਿਚ 'ਉ', but ਵਿਚ 'ਅ' (ਬਟ), guy ਵਿਚ 'ਕੰਨਾ' (ਗਾਏ) busy ਵਿਚ 'ਇ' (ਬਿਜ਼ੀ) ਤੇ bury ਵਿਚ 'ਐ' (ਬੈਰੀ), ਆਦਿ। ਅੱਖਰ ਇੱਕੋ ਹੈ, ਪਰ ਇਸ ਦੀਆਂ ਅਵਾਜ਼ਾਂ ਕਈ ਹਨ। ਬ੍ਰਾਹਮੀ ਵਿਚ ਇਹੋ ਜਿਹਾ ਕੋਈ ਮਸਲਾ ਨਹੀਂ ਸੀ, ਕਿਉਂਕਿ ਉਸ ਵਿਚ ਇੱਕੋ ਅੱਖਰ ਲਈ ਧੁਨੀ ਨਿਸਚਿਤ ਹੁੰਦੀ ਸੀ। ਤੁਹਾਨੂੰ ਦੱਸਣ ਦੀ ਲੋੜ ਨਹੀਂ ਕਿ ਬ੍ਰਾਹਮੀ ਵਾਂਗ, ਗੁਰਮੁੱਖੀ ਵਿਚ ਵੀ, ਇਕ ਅੱਖਰ ਦੀ ਇੱਕੋ ਧੁਨੀ ਮਿੱਥੀ ਹੁੰਦੀ ਹੈ।

ੲ) ਬ੍ਰਾਹਮੀ ਵਿਚ, ਵਿਅੰਜਨਾਂ ਦੀ ਤਰ੍ਹਾਂ ਵੱਖ ਵੱਖ ਸੁਰਾਂ ਲਈ ਵੀ ਵੱਖ-ਵੱਖ ਚਿੰਨ੍ਹ ਜਾਂ ਅੱਖਰ ਬਣੇ ਹੋਏ ਸਨ (ਜਿਵੇਂ ਗੁਰਮੁੱਖੀ ਵਿਚ ੳ, ਅ, ਤੇ ੲ ਹਨ) ਅਤੇ ਵਿਅੰਜਨਾਂ ਦੇ ਨਾਲ ਲਾਉਣ ਲਈ ਜਾਂ ਹ੍ਰਸਵ ਸੁਰਾਂ ਨੂੰ ਦੀਰਘ ਬਣਾਉਣ ਵਾਸਤੇ ਇਨ੍ਹਾਂ ਸੁਰਾਂ-ਅੱਖਰਾਂ ਦੇ, ਅੱਗੋਂ ਛੋਟੇ ਰੂਪ ਬਣੇ ਹੋਏ ਸਨ। ਇਨ੍ਹਾਂ ਛੋਟੇ ਰੂਪਾਂ ਨੂੰ ਲਗਾਂ ਜਾਂ ਮਾਤ੍ਰਾਵਾਂ ਕਿਹਾ ਜਾਂਦਾ ਹੈ, ਜਿਵੇਂ ਗੁਰਮੁੱਖੀ ਵਿਚ ਵਿਅੰਜਨਾਂ ਨੂੰ ਲਾਉਣ ਵਾਲੀਆਂ ਮਾਤ੍ਰਵਾਂ ਹਨ ਾ, ਿ, ੀ, ੁ ੂ, ੇ ,ੈ ,ੋ ,ੌ,। ਹੋਰ ਵੇਖੋ : 'ਅ' ਹ੍ਰਸਵ ਸੁਰ ਹੈ। ਇਸ ਨੂੰ ਦੀਰਘ ਬਣਾਉਣ ਲਈ ਇਸ ਦੇ ਨਾਲ ਕੰਨੇ ਦੀ ਮਾਤਰਾ ਲਾਈ ਜਾਂਦੀ ਸੀ। ਪਾਠ ਦੇ ਇਸ ਭਾਗ ਵਿੱਚ ਅਸੀਂ ਗੁਰਮੁੱਖੀ ਵਾਲੀਆਂ ਲਗਾਂ ਕੇਵਲ ਆਪਣੀ ਗੱਲ ਸਮਝਾਉਣ ਵਾਸਤੇ ਹੀ ਵਰਤੀਆਂ ਹਨ। ਉਂਜ, ਬ੍ਰਾਹਮੀ ਦੀਆਂ ਲਗਾਂ ਦਾ ਰੂਪ ਵੱਖਰੇ ਸਨ। ਤੁਸੀਂ ਏਥੇ ਨੋਟ ਇਹ ਕਰਨਾ ਹੈ ਕਿ ਸੁਰ-ਅੱਖਰਾਂ ਤੇ ਉਨ੍ਹਾਂ ਦੇ ਲਗਾਂ ਵਾਲੇ ਛੋਟੇ ਰੂਪ ਵਾਲਾ ਪ੍ਰਬੰਧ, ਥੋੜੇ ਬਹੁਤ ਫਰਕ ਨਾਲ, ਬ੍ਰਾਹਮੀ ਤੇ ਗੁਰਮੁੱਖੀ ਦਾ ਸਾਂਝਾ ਹੈ।

ਸ) ਬ੍ਰਾਹਮੀ ਦਾ ਇਕ ਹੋਰ ਲੱਛਣ ਅਜਿਹਾ ਹੈ ਕਿ ਇਸ ਦਾ ਮੁਕਾਬਲਾ ਅਜੇ ਤਕ ਦੁਨੀਆਂ ਦੀ ਕੋਈ ਹੋਰ ਲਿਪੀ ਨਹੀਂ ਕਰ ਸਕੀ। ਇਹ ਲੱਛਣ ਹੈ, ਅੱਖਰਾਂ ਦੀ ਤਰਤੀਬ ਦਾ। ਬ੍ਰਾਹਮੀ ਦੇ ਘਾੜਿਆਂ ਨੇ ਵਰਨ-ਮਾਲਾ ਵਿਚ ਮਨੁੱਖੀ ਸੰਘ ਤੋਂ ਲੈ ਕੇ ਬੁੱਲ੍ਹਾਂ ਤਕ ਪੈਦਾ ਹੋਣ ਵਾਲੀਆਂ ਧੁਨੀਆਂ ਦੀ ਅੱਖਰਾਂ ਨੂੰ ਉਚਾਰਨ-ਸਥਾਨ ਅਨੁਸਾਰ ਟਿਕਾਉਣ ਦਾ ਜਤਨ ਕੀਤਾ ਸੀ। ਜਿਵੇਂ 'ਕ', 'ਖ', 'ਗ', 'ਘ' ਤੇ ਨੱਕ ਵਿੱਚੋਂ ਨਿਕਲਣ ਵਾਲਾ 'ਙ' ਪੰਜੇ ਸੰਘ ਤੋਂ ਨਿਕਲਣ ਵਾਲੀਆਂ ਧੁਨੀਆਂ ਹਨ, ਪਰ 'ਪ', 'ਫ', 'ਬ', 'ਭ' ਤੇ 'ਮ' ਬੁਲ੍ਹਾਂ ਤੋ ਵਜਣ ਵਾਲੀਆਂ ਧੁਨੀਆਂ ਦੇ ਉਪਜ-ਸਥਾਨਾਂ ਦਾ ਵੇਰਵਾ ਤੁਸੀ ਅੱਗੇ ਇਕ ਪਾਠ ਵਿਚ ਪੜ੍ਹ ਆਏ ਹੋ। ਅਸੀ ਏਥੇ ਕੇਵਲ ਇਹ ਦੱਸਣਾ ਹੈ ਕਿ ਬ੍ਰਾਹਮੀ, ਦੁਨੀਆਂ ਦੀ

ਇੱਕੋ-ਇੱਕ ਪੁਰਾਣੀ ਲਿਪੀ ਹੈ, ਜਿਸ ਵਿਚ ਅੱਖਰਾਂ ਦੀ ਤਰਤੀਬ ਧੁਨੀਆਂ ਦੀ ਉਪਜ-ਸਥਾਨਾਂ ਅਨੁਸਾਰ ਕਾਇਮ ਕੀਤੀ ਹੋਈ ਮਿਲਦੀ ਹੈ। ਇਹ ਲੱਛਣ, ਬਹੁਤ ਹਦ ਤਕ, ਗੁਰਮੁੱਖੀ ਵਿਚ ਵੀ ਮੌਜੂਦ ਹਨ।

ਪਹਿਲਾ ਅਭਿਆਸ

ਨੋਟ : ਹੇਠ-ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਜਵਾਬ ਖਾਲੀ ਛੱਡੀਆਂ ਥਾਵਾਂ ਉਤੇ ਦੇਣੇ ਹਨ। ਜਵਾਬ ਅਖ਼ੀਰ ਵਿਚ ਦਿੱਤੇ ਹੋਏ ਹਨ। ਪਰ ਤੁਸੀ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਬੋਲੀ ਤੇ ਲਿਪੀ ਦਾ ਕੀ ਸੰਬੰਧ ਹੈ? ਸੰਖੇਪ ਕਰਕੇ ਲਿਖੋ।

---

2 ਬ੍ਰਾਹਮੀ ਲਿਪੀ ਦੇ ਮੋਟੇ-ਮੋਟੇ ਲੱਛਣ ਲਿਖੋ।

5.4 ਬ੍ਰਾਹਮੀ ਤੇ ਗੁਰਮੁੱਖੀ

ਤੁਹਾਨੂੰ 'ਬ੍ਰਾਹਮੀ' ਤੇ 'ਗੁਰਮੁੱਖੀ' ਦੇ ਕੁੱਝ ਸਾਂਝੇ ਲੱਛਣਾਂ ਦਾ ਪਤਾ ਲੱਗ ਚੁੱਕਾ ਹੈ। ਹੁਣ ਵੇਖੋ ਬ੍ਰਾਹਮੀ ਲਿਪੀ ਦੇ ਕੁੱਝ ਅੱਖਰ, ਜੋ ਢਾਈ ਹਜ਼ਾਰ ਵਰ੍ਹੇ ਪੁਰਾਣੇ ਹੋਣ ਉਤੇ ਵੀ, ਆਪਣੀਆਂ ਸ਼ਕਲਾਂ ਤੋਂ, ਅੱਜ ਦੀ ਗੁਰਮੁੱਖੀ ਦੇ ਵੱਡੇ-ਵਡੇਰੇ ਲਗਦੇ ਹਨ। ਭਲਾ, ਚੰਗੀ ਤਰ੍ਹਾਂ ਵੇਖ ਕੇ ਦੱਸੋ, ਲਗਦੇ ਵੀ ਹਨ ਕਿ ਨੰਹੀ?

ਕ੍ਰਮ-ਅੰਕ	ਬ੍ਰਾਹਮੀ	ਗੁਰਮੁਖੀ
1	𑀓	ਗ
2	𑀖	ਘ
3	𑀘	ਚ
4	𑀙	ਛ
5	𑀝	ਟ
6	𑀞	ਠ
7	𑀢	ਤ
8	𑀣	ਥ
9	𑀤	ਧ
10	𑀦	ਨ
11	𑀭	ਰ

ਬ੍ਰਾਹਮੀ ਦੇ ਸਾਰੇ ਅੱਖਰ ਸਿਰੋਂ ਨੰਗੇ ਹੁੰਦੇ ਸਨ। ਸਿਰ ਕੱਜਣ ਦਾ ਰਿਵਾਜ, ਜਿਵੇਂ ਕਿ ਅਸੀ ਅੱਗੇ ਚੱਲ ਕੇ ਦੱਸਾਂਗੇ, ਬਾਅਦ ਵਿਚ ਪਿਆ। ਜੇ ਤੁਸੀ ਇਨ੍ਹਾਂ ਬ੍ਰਾਹਮੀ ਅੱਖਰਾਂ ਦੇ ਸਿਰ ਰੇਖਾਵਾਂ ਨਾਲ ਕੱਜ ਦਿਓ ਤਾਂ ਤੁਹਾਡੇ ਲਈ ਇਨ੍ਹਾਂ ਦੀ ਗੁਰਮੁੱਖੀ ਅੱਖਰਾਂ ਨਾਲ ਸਾਂਝ ਲੱਭਣੀ ਹੋਰ ਵੀ ਸੋਖੀ ਹੋ ਜਾਵੇਗੀ।

5.5 ਗੁਰਮੁੱਖੀ ਅੱਖਰ ਕਿਸੇ ਵਿਅਕਤੀ ਦੇ ਬਣਾਏ ਹੋਏ ਨਹੀਂ ਹਨ

ਬ੍ਰਾਹਮੀ ਤੇ ਗੁਰਮੁੱਖੀ ਲਿਪੀਆਂ ਦੀ ਸਾਂਝ ਦੇ ਕੁੱਝ ਸਬੂਤ ਤੁਹਾਨੂੰ ਇਸ ਪਾਠ ਦੇ ਸ਼ੁਰੂ ਵਿਚ ਹੀ ਇਸ ਲਈ ਦੱਸ ਦਿੱਤੇ ਹਨ ਤਾਂ ਜੋ ਤੁਸੀਂ ਗੁਰਮੁੱਖੀ ਦੇ ਜਨਮ ਬਾਰੇ ਆਮ ਕਿਤਾਬਾਂ ਵਿਚ ਦਿੱਤੇ ਗ਼ਲਤ ਬਿਆਨਾਂ ਤੋਂ ਸੁਚੇਤ ਹੋ ਜਾਓ। ਜੇ ਤੁਹਾਨੂੰ ਲਿਖਿਆ ਮਿਲੇ ਕਿ ਗੁਰਮੁਖੀ ਅੱਖਰ ਗੁਰੂ ਨਾਨਕ ਸਾਹਿਬ ਨੇ ਜਾਂ ਗੁਰੂ ਅੰਗਦ ਸਾਹਿਬ ਨੇ ਜਾਂ ਕਿਸੇ ਹੋਰ ਨੇ ਬਣਾਏ ਸਨ ਤਾਂ ਤੁਸੀਂ ਉੱਪਰ ਦਿੱਤੀ ਗਈ ਸੂਚਨਾ ਤੇ ਅੱਗੋਂ ਦਿੱਤੀ ਜਾਣ ਵਾਲੀ ਸੂਚਨਾ ਨੂੰ ਮੁੱਖ ਰੱਖ ਕੇ ਕਹਿ ਸਕੋਗੇ ਕਿ ਗੁਰਮੁੱਖੀ ਅੱਖਰ ਤਾਂ ਵਿਕਾਸ ਨਾਲ ਬ੍ਰਾਹਮੀ ਤੋਂ ਉਪਜੇ ਹਨ, ਕਿਸੇ ਇਕ ਵਿਅਕਤੀ ਦੇ ਬਣਾਏ ਹੋਏ ਨਹੀਂ ਹਨ।

5.6 ਸ਼ੁੰਗ, ਕੁਸ਼ਣ ਤੇ ਗੁਪਤ ਕਾਲ ਦੀਆਂ ਲਿਪੀਆਂ

ਅਸ਼ੋਕ ਨੂੰ ਅੱਖਾਂ ਮੀਟਿਆਂ ਅਜੇ ਮਸਾਂ ਪੰਜਾਹ ਵਰ੍ਹੇ ਹੀ ਹੋਏ ਸਨ ਕਿ ਉਸ ਦੀ ਬੰਸ ਦੇ ਰਾਜੇ, 'ਬ੍ਰਿਹਦ ਰਥ' ਨੂੰ ਉਸ ਦੇ ਆਪਣੇ ਸੈਨਾਪਤੀ 'ਪ੍ਰਸ਼ਯ ਮਿਤ੍ਰ' ਨੇ ਕਤਲ ਕਰਕੇ ਮਗਧ ਦੇ ਰਾਜੇ ਦੀ ਵਾਗ-ਡੋਰ ਆਪ ਸਾਂਭ ਲਈ। 'ਪ੍ਰਸ਼ਯ ਮਿਤ੍ਰ' ਸ਼ੁੰਗ ਬੰਸ ਦਾ ਬ੍ਰਾਹਮਣ ਸੀ। ਇਸ ਲਈ ਉਸ ਦੀ ਬੰਸ 'ਸ਼ੁੰਗ' ਨਾਂ ਨਾਲ ਜਾਣੀ ਜਾਂਦੀ ਹੈ। ਮੋਰੀਆ ਪਰਿਵਾਰ ਦੇ

ਰਾਜ ਦਾ ਅੰਤ ਸੰਨ 184 ਪੂਰਬ ਈਸਾ ਵਿਚ ਹੋਇਆ ਮੰਨਿਆ ਜਾਂਦਾ ਹੈ, ਸ਼ੁੰਗ ਖਾਨਦਾਨ ਦੇ ਸਮੇਂ ਤੋਂ ਲੈ ਕੇ ਚੌਥੀ ਸਦੀ ਈਸਵੀ ਦੇ ਆਰੰਭ ਤਕ, ਜਦੋਂ ਮਹਾਨ ਗੁਪਤ ਰਾਜ ਸਥਾਪਿਤ ਹੋਇਆ, ਸਾਡੇ ਦੇਸ ਵਿਚ ਕਈ ਰਾਜ ਬਣੇ ਤੇ ਕਈ ਫੁੱਟੇ, ਪਰ ਇਨ੍ਹਾਂ ਵਿਚੋਂ ਉੱਤਰੀ ਭਾਰਤ ਲਈ ਸਭ ਤੋਂ ਅਹਿਮ ਰਾਜ ਕੁਸ਼ਣ ਜਾਤੀ ਦੇ ਲੋਕਾਂ ਦਾ ਸੀ। ਇਹ ਬਦੇਸੀ ਸਨ, ਪਰ ਇਨ੍ਹਾਂ ਦੇ ਸਿਲਾਲੇਖ ਉਸ ਵੇਲੇ ਦੀਆਂ ਲਿਪੀਆਂ ਵਿਚ ਪ੍ਰਾਪਤ ਹਨ। ਇਨ੍ਹਾਂ ਦਿਆਂ ਤੇ ਹੋਰਨਾਂ ਦਿਆਂ ਲੇਖਾਂ ਤੋਂ ਸਾਨੂੰ ਬ੍ਰਾਹਮੀ ਤੋਂ ਪਿਛੋ ਦੇ ਅੱਖਰਾਂ ਵਿਚ ਆਈਆਂ ਤਬਦੀਲੀਆਂ ਦਾ ਪਤਾ ਲਗ ਜਾਂਦਾ ਹੈ। ਇਹੀ ਗੱਲ ਮਹਾਨ ਗੁਪਤ ਰਾਜਿਆਂ ਦਿਆਂ ਸਿਲਾ-ਲੇਖਾਂ ਉਤੇ ਵੀ ਲਾਗੂ ਹੈ। ਮਹਾਨ ਗੁਪਤ ਰਾਜਿਆਂ ਦੇ ਸਿਲਾਲੇਖ ਬਹੁਤ ਮਿਲੇ ਹਨ। ਇਨ੍ਹਾਂ ਲੇਖਾਂ ਤੋ ਸਾਨੂੰ ਗੁਪਤ ਕਾਲ ਦੇ ਅੱਖਰਾਂ ਦੀਆਂ ਸ਼ਕਲਾਂ ਦਾ ਗਿਆਨ ਹੋ ਜਾਂਦਾ ਹੈ।

ਬ੍ਰਾਹਮੀ ਤੋਂ ਪਿਛੋਂ ਅੱਖਰਾਂ ਦੀਆਂ ਸ਼ਕਲਾਂ ਵਿਚ ਵਾਪਰੀਆਂ ਕੁੱਝ ਤਬਦੀਲੀਆਂ ਜਿਨ੍ਹਾਂ ਦਾ ਪਤਾ ਸਿਲਾ-ਲੇਖਾਂ ਤੋ ਲੱਗਦਾ ਹੈ, ਇਸ ਤਰ੍ਹਾਂ ਦੀਆਂ ਸਨ :

ੳ) ਸਭ ਤੋਂ ਪਹਿਲੀ ਗੱਲ ਜਿਸ ਵੱਲ ਧਿਆਨ ਜਾਂਦਾ ਹੈ, ਉਹ ਹੈ ਅੱਖਰਾਂ ਦੇ ਸਿਰ ਕੱਜਣ ਦਾ ਜਤਨ। ਇਨ੍ਹਾਂ ਜਤਨਾਂ ਨੇ ਜਿਹੜੇ ਰੂਪ ਧਾਰੇ ਹਨ, ਉਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਸਿਰੋ-ਰੇਖਾ ਦਾ ਰਿਵਾਜ, ਅਸਲ ਵਿਚ, ਫੈਸ਼ਨ ਜਾਂ ਨਵੀਨਤਾ ਪੈਦਾ ਕਰਨ ਦੀ ਰੁਚੀ ਵਿਚੋਂ ਪੈਦਾ ਹੋਇਆ ਹੋਵੇਗਾ ਕਿਉਂਕਿ ਕਿਤੇ ਇਹ ਕਿੱਲ ਦੇ ਸਿਰ ਵਰਗੀ ਸ਼ਕਲ ਵਿਚ ਪਈ ਲਗਦੀ ਹੈ। ਕਿਤੇ ਗੋਲ ਥੋਬੇ ਦੀ ਸ਼ਕਲ ਧਾਰ ਗਈ ਹੈ। ਕਿਤੇ ਚੌਰਸ ਬਕਸੇ ਵਾਂਗ ਬਣੀ ਹੋਈ ਦਿੱਸਦੀ ਹੈ ਤੇ ਕਿਤੇ ਸਿੱਧੀ ਲੇਟਵੀ ਠੀਕ ਬਣ ਗਈ ਹੈ, ਜੋ ਪਹਿਲਾਂ ਛੋਟੀ ਹੁੰਦੀ ਸੀ, ਪਰ ਸਮਾਂ ਗੁਜ਼ਰਨ ਨਾਲ, ਹੋਲੀ-ਹੋਲੀ, ਵੱਡੀ ਹੁੰਦੀ ਗਈ ਹੈ। ਮਿਸਾਲ ਵਜੋਂ ਵੇਖੋ ਬ੍ਰਾਹਮੀ ਦੇ 'ਕੱਕੇ' ਤੇ 'ਨੱਨੇ' ਦੇ ਵਿਕਾਸ ਦੇ ਵੱਖ ਵੱਖ ਰੂਪ :

ਕ= '+' ; ; ;

ਨ= '' ; ; ;

ਗੁਰਮੁੱਖੀ ਦਾ ਸੰਬੰਧ ਸਿੱਧੀ ਲੇਟਵੀਂ ਲੀਕ ਵਾਲੀ ਰਵਾਇਤ ਨਾਲ ਹੈ।

ਅ) ਦੂਜੀ ਰੁਚੀ ਇਹ ਦਿੱਸਦੀ ਹੈ ਕਿ ਜਿਨ੍ਹਾਂ ਅੱਖਰਾਂ ਦੀਆਂ ਬਾਹੀਆਂ ਉਪਰ ਵੱਲ ਉੱਠਦੀਆਂ ਸਨ, ਉਨ੍ਹਾਂ ਨੂੰ ਬਰਾਬਰ ਕਰ ਦਿੱਤਾ ਗਿਆ, ਜਿਵੇਂ,

ਘ= ' ; ;

ੲ) ਕਈ ਅੱਖਰਾਂ ਵਿਚ ਇਕ ਹੋਰ ਰੁਚੀ ਵੀ ਉੱਘੜਦੀ ਦਿੱਸਦੀ ਹੈ। ਉਹ ਹੈ ਥੱਲੇ ਜਾਂਦੀ ਲੱਤ ਨੂੰ ਮਰੋੜੀ ਜਾਂ ਘੁੰਡੀ ਦੇਣ ਦੀ। ਇਹ ਵੀ ਇਕ ਤਰ੍ਹਾਂ ਦਾ ਫੈਸ਼ਨ ਹੀ ਸੀ, ਜਿਸ ਨੇ ਕਈ ਅੱਖਰਾਂ ਦੀਆਂ ਆਉਣ ਵਾਲੀਆਂ ਸ਼ਕਲਾਂ ਨਿਸ਼ਚਿਤ ਕਰ ਦਿੱਤੀਆਂ। ਇਸ ਮਰੋੜੀ ਦਾ ਰਿਵਾਜ ਕੁੱਝ ਅੱਗੇ ਚਲ ਕੇ ਬਹੁਤ ਵਧਿਆ ਦਿੱਸਦਾ ਹੈ :

ਕ= + ਨੂੰ ਮਰੋੜੀ ਦੇ ਕੇ ਬਣਾਇਆ

ਨ= ∧ ਨੂੰ ਮਰੋੜੀ ਦੇ ਕੇ ਬਣਾਇਆ ∧

ਰ= } ਨੂੰ ਮਰੋੜੀ ਦੇ ਕੇ ਬਣਾਇਆ J

ਅੱਖਰਾਂ ਵਿਚ ਵਾਪਰੇ ਵਿਕਾਸ ਦੇ ਜਿਹੜੇ ਨਮੂਨੇ ਅਸੀ ਉਪਰ ਦੇ ਆਏ ਹਾਂ, ਕੀ ਉਨ੍ਹਾਂ ਨੂੰ ਵੇਖ ਕੇ ਤੁਹਾਡੇ ਦਿਮਾਗ ਵਿਚ ਗੁਰਮੁੱਖੀ ਦੀ ਨੁਹਾਰ ਦਾ ਕੋਈ ਲਿਸ.ਕਾਰਾ ਵੱਜਦਾ ਹੈ ਕਿ ਨਹੀ?

ਦੂਜਾ ਅਭਿਆਸ

ਨੋਟ : ਹੇਠ ਦਿੱਤੇ ਸਵਾਲ ਦਾ ਸੰਖੇਪ ਉੱਤਰ ਦਿਓ। ਜਵਾਬ ਖ਼ਾਲੀ ਛੱਡੀਆਂ ਥਾਵਾਂ ਉਤੇ ਦੇਣੇ ਹਨ। ਜਵਾਬ ਅਖੀਰ ਵਿਚ ਦਿੱਤੇ ਹੋਏ ਹਨ ਪਰ ਤੁਸੀ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਬ੍ਰਾਹਮੀ ਲਿਪੀ ਦੇ ਅੱਖਰਾਂ ਵਿਚ ਗੁਪਤ ਕਾਲ ਤੱਕ ਪਹੁੰਚਦਿਆਂ ਕਿਸ ਤਰ੍ਹਾਂ ਦੀਆਂ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ ਸਨ?

5.7 ਕੁਟਿਲ ਲਿਪੀ

ਗੁਪਤਿਆਂ ਦੇ ਸੁਨਹਿਰੀ ਕਾਲ ਦੇ ਅੰਤ ਤੋਂ ਲੈ ਕੇ ਭਾਰਤ ਦੇ ਪੱਛਮ-ਉੱਤਰ ਵਿਚ ਇਸਲਾਮ ਦੇ ਪ੍ਰਵੇਸ਼ ਤਕ ਜਿਸ ਤਰ੍ਹਾਂ ਦੇ ਅੱਖਰ ਚਾਲੂ ਰਹੇ, ਉਨ੍ਹਾਂ ਦਾ ਨਾਂ ਇਕ ਬਦੇਸ਼ੀ ਵਿਦਵਾਨ 'ਪ੍ਰਿਨਸੈਪ' ਨੇ 'ਕੁਟਿਲ' ਰੱਖਿਆ ਹੈ। 'ਕੁਟਿਲ' ਦਾ ਮਤਲਬ ਹੈ 'ਟੇਢਾ' ਜਾਂ'ਵਿੰਗਾ'। 'ਕੁਟਿਲ ਲਿਪੀ' ਤੋਂ ਉਸ ਦਾ ਭਾਵ ਸੀ 'ਉਹ ਲਿਪੀ ਜਿਸ ਦੇ ਅੱਖਰਾਂ ਵਿਚ ਸਿੱਧੀਆਂ ਤੇ ਸਰਲ ਲੀਕਾਂ ਵਾਲੀ ਬ੍ਰਾਹਮੀ ਲਿਪੀ ਦੇ ਮੁਕਾਬਲੇ ਵਿਚ ਕਾਫ਼ੀ ਟੇਢ-ਮੇਢ ਆ ਚੁੱਕਾ ਸੀ।' ਕੁੱਝ ਵਿਦਵਾਨ ਇਸੇ ਲਿਪੀ ਦਾ ਇਕ ਪੁਰਾਣਾ ਨਾਂ 'ਸਿੱਧ-ਮਾਤ੍ਰਿਕਾ' ਵੀ ਦੱਸਦੇ ਹਨ। ਗੁਪਤ ਕਾਲ ਦੀ ਲਿਪੀ ਵਿਚ ਅਸੀਂ ਇਕ ਰੁਚੀ ਵੇਖੀ ਸੀ ਕਿ ਅੱਖਰ ਦੀ ਥੱਲੇ ਵਲ ਜਾਂਦੀ ਲੱਤ ਨੂੰ ਕਿਤੇ ਕਿਤੇ ਮਰੋੜੀ ਦਿੱਤੀ ਜਾਣ ਲਗ ਪਈ ਸੀ। ਕੁਟਿਲ ਦੇ ਸਮੇਂ ਤਕ ਪਹੁੰਚਦਿਆਂ ਇਹ ਰੁਚੀ ਆਮ ਹੋ ਗਈ ਸੀ। 'ਗੁਰਮੁੱਖੀ' ਦੀ ਖੋਜ ਕਰਨ ਵਾਲਿਆਂ ਨੂੰ ਕੁਟਿਲ ਅੱਖਰਾਂ ਦੀਆਂ ਸ਼ਕਲਾਂ ਵੇਖ ਕੇ ਬੜਾ ਕੁਝ ਜਾਣਿਆ-ਪਛਾਣਿਆ ਦਿੱਸਣ ਲਗ ਪੈਂਦਾ ਹੈ ਤੇ ਕੁੱਝ ਗੱਲਾਂ ਹੋਰ ਵਧੇਰੇ ਸਪਸ਼ਟ ਹੋਣ ਲਗ ਪੈਂਦੀਆਂ ਹਨ। ਮਸਲਨ :

ੳ) ਵੈਸੇ ਤਾਂ ਬ੍ਰਾਹਮੀ ਲਿਪੀ ਦੀ ਅੱਖਰ-ਮਾਲਾ ਵੇਖ ਕੇ ਹੀ ਅਨੁਮਾਨ ਲਾਇਆ ਜਾ ਸਕਦਾ ਸੀ ਕਿ ਗੁਰਮੁੱਖੀ ਲਿਪੀ ਵਿਚ /ੲ/ ਧੁਨੀ ਵਾਲਾ ਅੱਖਰ, ਬ੍ਰਾਹਮੀ ਦੇ /ੲ/ ਧੁਨੀ ਵਾਲੇ ਅੱਖਰ ਤੋਂ ਵਿਗਸਿਤ ਨਹੀਂ ਹੋਇਆ

ਹੋਣਾ, ਪਰ ਕੁਟਿਲ ਦੇ ਨਮੂਨੇ ਤਾਂ ਆਪਣੇ ਮੂੰਹੋਂ ਬੋਲਣ ਲਗ ਪਏ ਕਿ ਜਿਸ ਪੁਰਾਤਨ ਬ੍ਰਾਹਮੀ ਅੱਖਰ '∴' ਜਾਂ '∵' ਤੋਂ ਦੇਵ ਨਾਗਰੀ ਦਾ 'ई' ਚਿੰਨ੍ਹ ਬਣਿਆ ਹੈ, ਉਸ ਤੋਂ ਗੁਰਮੁੱਖੀ 'ਏ' ਦਾ ਵਿਕਾਸ ਬਿਲਕੁਲ ਨਹੀਂ ਹੋਇਆ। ਇਸ ਅੱਖਰ ਨੂੰ ਛੱਡ ਕੇ ਗੁਰਮੁੱਖੀ ਨੇ 'ए' (ਏ) ਦੇ ਪੁਰਾਣੇ ਚਿੰਨ੍ਹ '⅄' ਨੂੰ /ਏ/ ਲਈ ਵਰਤ ਕੇ ਕੰਮ ਸਾਰ ਲਿਆ। ਜਿਸ ਅੱਖਰ ਤੋਂ ਗੁਰਮੁੱਖੀ 'ਏ' ਦਾ ਕੰਮ ਲਿਆ ਗਿਆ, ਉਸ ਦਾ ਰੂਪ ਕੁਟਿਲ ਵਿਚ 'ᗡ', 'ᗡ' ਬਣ ਚੁੱਕਾ ਸੀ।

ਅ) ਦੇਵਨਾਗਰੀ ਦੀ 'ऽ' ਤੇ ਗੁਰਮੁੱਖੀ ਦੀ 'ਏ' ਵਾਂਗ, ਦੇਵਨਾਗਰੀ ਦਾ 'स' ਤੇ ਗੁਰਮੁੱਖੀ ਦਾ 'ਸ' ਵੀ ਇਕੋ ਸਾਝੇ ਸੋਮੇ ਤੋਂ ਨਹੀਂ ਵਿਗਸੇ। ਜਿਸ ਪੁਰਾਣੇ ਚਿੰਨ੍ਹ ਤੋਂ 'स' ਬਣਿਆ ਹੈ, ਉਸ ਨੂੰ ਗਰੁਮੁੱਖੀ ਨੇ ਪਰਵਾਨ ਨਹੀਂ ਕੀਤਾ, ਪਰ ਇਸ ਦੀ ਥਾਂ 'श' (ਸ਼)' ਵਾਲੇ ਪੁਰਾਣੇ ਚਿੰਨ੍ਹ ਤੋਂ ਹੀ /'स (ਸ)'/ ਦੀ ਧੁਨੀ ਵਾਲਾ ਕੰਮ ਲੈਣਾ ਸ਼ੁਰੂ ਕਰ ਦਿੱਤਾ। ਕੁਟਿਲ ਵਿਚ 'श (ਸ਼) ਲਈ ਜਿਹੜਾ ਚਿੰਨ੍ਹ ਮਿਲਦਾ ਹੈ, ਉਸ ਦਾ ਰੂਪ ਗੁਰਮੁੱਖੀ ਵਾਲੇ 'ਸ' ਨਾਲ ਮਿਲਦਾ ਜੁਲਦਾ ਹੈ। ਇਹ ਹੈ 'ਸ'।

ੲ) ਗੁਰਮੁੱਖੀ 'ਖ' ਦੀ ਕਹਾਣੀ ਵੀ ਕੁੱਝ ਇਸੇ ਤਰ੍ਹਾਂ ਦੀ ਹੀ ਹੈ। ਦੇਵ ਨਾਗਰੀ 'ष' ਦਾ ਉਚਾਰਨ ਕਿਸੇ ਰਾਜ ਵਿਚ /ਸ਼/ ਵਾਂਗ ਹੁੰਦਾ ਹੈ ਤੇ ਕਿਸੇ ਰਾਜ ਵਿਚ /ਖ/ ਵਾਂਗ ਹੁੰਦਾ ਹੈ। ਪ੍ਰਤੀਤ ਹੁੰਦਾ ਹੈ ਕਿ ਪੰਜਾਬੀ ਵਿਦਵਾਨ ਇਸ ਚਿੰਨ੍ਹ ਦਾ ਉਚਾਰਨ /ਖ/ ਵਾਂਗ ਕਰਦੇ ਹੋਣਗੇ। ਇਸੇ ਲਈ ਗੁਰਮੁੱਖੀ ਵਿਚ 'ष' ਦੇ ਪੁਰਾਣੇ ਚਿੰਨ੍ਹ ਨੂੰ /ਖ/ ਦੀ ਧੁਨੀ ਲਈ ਰੱਖ ਲਿਆ ਤੇ /ਖ/ ਦੀ ਧੁਨੀ ਵਾਲਾ ਚਿੰਨ੍ਹ ਆਪਣੀ ਲਿਪੀ ਲਈ ਪਰਵਾਨ ਨਾ ਕੀਤਾ। ਇਹੀ ਨਹੀਂ, 'ष' ਦੀ ਮੂਲ ਧੁਨੀ ਲਈ ਗੁਰਮੁੱਖੀ ਵਿਚ ਕਿਸੇ ਚਿੰਨ੍ਹ ਦੀ ਲੋੜ ਹੀ ਨਹੀਂ ਸਮਝੀ ਗਈ। ਕੁਟਿਲ ਵਿਚ 'ष' ਧੁਨੀ ਵਾਲੇ ਅੱਖਰ ਦਾ ਰੂਪ ਸੀ 'ਖ' ਜੋ ਤੁਸੀ ਵੇਖ ਵੀ ਸਕਦੇ ਹੋ ਕਿ ਗੁਰਮੁੱਖੀ ਦੇ ਹੁਣ ਦੇ /ਖ/ ਵਰਗਾ ਹੀ ਹੈ।

5.8 ਰੂਪਕ ਤਬਦੀਲੀਆਂ ਦੇ ਕਾਰਨ

ਇਥੇ ਇਕ ਦੋ ਗੱਲਾਂ ਹੋਰ ਸਪਸ਼ਟ ਕਰ ਦਿੱਤੀਆਂ ਜਾਣ ਤਾਂ ਚੰਗਾ ਰਹੇਗਾ :
ਅਸੀ ਦੱਸ ਆਏ ਹਾਂ ਕਿ ਪਿਛਲਿਆਂ ਸਮਿਆਂ ਵਿਚ ਅੱਖਰਾਂ ਦੀ ਬਨਾਵਟ ਵਿਚ ਨਵਾਂਪਨ ਲਿਆਉਣ ਦੀ ਰੁਚੀ ਅੱਖਰਾਂ ਦੀਆਂ ਸ਼ਕਲਾਂ ਵਿਚ ਤਬਦੀਲੀ ਲਿਆਉਣ ਦਾ ਇਕ ਕਾਰਨ ਬਣਦੀ ਰਹੀ। ਇਕ ਹੋਰ ਕਾਰਨ ਇਹ ਸੀ ਕਿ ਜਿਉਂ-ਜਿਉਂ ਲਿਖਣ ਦੀ ਸਮੱਗਰੀ ਨਵੀਂ ਤਰ੍ਹਾਂ ਦੀ ਹੁੰਦੀ ਗਈ, ਅੱਖਰਾਂ ਦੀਆਂ ਸ਼ਕਲਾਂ ਵਿਚ ਵੀ ਕੁੱਝ ਨਾ ਕੁੱਝ ਫ਼ਰਕ ਪੈਂਦਾ ਗਿਆ। ਮਸਲਨ, ਜਦੋਂ ਪੱਥਰ ਉਤੇ ਲੋਹੇ ਦੀ ਬਰੀਕ ਛੈਣੀ ਤੇ ਹਥੌੜੇ ਨਾਲ ਅੱਖਰ ਉੱਕਰਨੇ ਪੈਂਦੇ ਸਨ, ਤਾਂ ਕਾਰੀਗਰ ਆਪਣੀ ਛੈਣੀ ਨੂੰ ਹਥੌੜੇ ਦੀ ਹਰ ਸੱਟ ਪਿੱਛੇ ਚੁੱਕ ਕੇ ਬੜੇ ਅਰਾਮ ਨਾਲ ਅੱਗੇ-ਪਿੱਛੇ ਜਾਂ ਹੇਠਾਂ ਉਤੇ ਕਰ ਸਕਦਾ ਸੀ, ਪਰ ਜਦੋਂ ਰੇਸ਼ੇਦਾਰ ਪੱਤਿਆਂ ਜਾਂ ਰੁੱਖਾਂ ਦੀਆਂ ਛਿੱਲਾਂ ਉੱਤੇ ਲੋਹੇ ਦੀ ਕਲਮ ਨਾਲ ਲਿਖਣਾ ਸ਼ੁਰੂ ਕੀਤਾ ਗਿਆ ਤਾਂ ਅੱਖਰਾਂ ਦੀਆਂ ਸਿੱਧੀਆਂ ਲੀਕਾਂ ਗੋਲ ਹੋਣੀਆਂ ਸ਼ੁਰੂ ਹੋ ਗਈਆਂ, ਕਿਉਂਕਿ ਸਿੱਧੀ ਖਿੱਚ ਨਾਲ ਪੱਤੇ ਜਾਂ ਛਿੱਲ ਦੇ ਰੇਸ਼ੇ ਲੋਹੇ ਦੀ ਕਲਮ ਨਾਲ ਅੜ ਕੇ ਪਾਟ ਜਾਂਦੇ ਸਨ। ਬੰਗਾਲ, ਉੜੀਸਾ, ਦੱਖਣੀ ਭਾਰਤ ਦੀਆਂ ਲਿਪੀਆਂ ਅਤੇ ਸ਼੍ਰੀ ਲੰਕਾ, ਬਰਮਾ ਥਾਈਲੈਂਡ, ਆਦਿ ਦੀਆਂ ਲਿਪੀਆਂ ਦੇ ਅੱਖਰਾਂ ਦੀ ਗੋਲ ਬਨਾਵਟ ਦਾ ਕਾਰਨ ਬਹੁਤ ਕਰਕੇ ਲਿਖਣ-ਸਮਗਰੀ ਵਿਚ ਫ਼ਰਕ ਪੈ ਜਾਣਾ ਹੀ ਸੀ। ਜਦੋਂ ਕਾਗਜ਼ ਉਤੇ ਕਲਮ ਨਾਲ ਲਿਖਣ ਦੀ ਕਾਢ ਨਿਕਲ ਆਈ ਤਾਂ ਅੱਖਰਾਂ ਦੀਆਂ ਸ਼ਕਲਾਂ ਵਿਚ ਹੋਰ ਫਰਕ ਪੈਣਾ ਲਾਜ਼ਮੀ ਸੀ। ਕਲਮ ਨਾਲ ਲਿਖਣ ਵੇਲੇ, ਖਾਸ ਕਰ ਕੇ ਛੇਤੀ ਲਿਖਣ ਵੇਲੇ, ਕੋਸ਼ਿਸ਼ ਇਹ ਹੁੰਦੀ ਹੈ ਕਿ ਕਲਮ ਘੱਟ-ਤੋਂ-ਘੱਟ ਚੁੱਕਣੀ ਪਵੇ, ਇਸ ਲਈ ਪਹਿਲੇ ਅੱਖਰ ਦਾ ਅਖੀਰਲਾ ਸਿਰਾ ਅਗਲੇ ਅੱਖਰ ਦੇ ਮੁੱਢਲੇ ਸਿਰੇ ਨਾਲ ਘੜੀਸ ਕੇ ਜੋੜਨ ਦੀ ਰੁਚੀ ਆਮ ਹੁੰਦੀ ਹੈ।

ਅਸਲ ਵਿਚ ਜਿਹੜੀ ਗੱਲ ਅਸੀਂ ਕਹੀ ਹੈ, ਇਸ ਦੇ ਪਿੱਛੇ ਜਿਹੜੀ ਭਾਵਨਾ ਕੰਮ ਕਰ ਰਹੀ ਦਿੱਸਦੀ ਹੈ, ਉਹ ਹੈ ਖੇਚਲ ਜਾਂ ਮਿਹਨਤ ਤੋਂ ਬੱਚਣ ਦੀ। ਜਿਵੇਂ ਮਨੁੱਖ ਦੀਆਂ ਹੋਰ ਬਹੁਤ ਸਾਰੀਆਂ ਕਾਢਾਂ ਨੇ ਸਰੀਰਕ ਮਿਹਨਤ ਨੂੰ ਘਟਾਉਣ ਦੀ ਇੱਛਾ ਵਿਚੋਂ ਜਨਮ ਲਿਆ ਹੈ, ਤਿਵੇਂ ਹੀ ਅੱਖਰਾਂ ਦੀਆਂ ਸ਼ਕਲਾਂ ਵਿਚ ਵੀ ਕਈ ਤਬਦੀਲੀਆਂ ਨਿਰੋਲ ਇਸੇ ਮਿਹਨਤ ਦੀ ਬਚਤ ਦੀ ਰੁਚੀ ਅਧੀਨ ਹੋਈਆਂ ਦਿੱਸਦੀਆਂ ਹਨ। ਤੁਹਾਨੂੰ ਚੇਤੇ ਹੋਵੇਗਾ ਕਿ 'क' ਦਾ ਬ੍ਰਾਹਮੀ ਚਿੰਨ '+' ਸੀ। ਵਿਕਾਸ ਨਾਲ ਗੁਪਤ ਕਾਲ ਤਕ ਇਸ ਦਾ ਰੂਪ 'क' ਹੋ ਚੁੱਕਾ ਸੀ। 'ਕੁਟਿਲ' ਤਕ ਪਹੁੰਚਦਿਆਂ, ਲਿਖਾਰੀਆਂ ਨੂੰ ਇਸ ਅੱਖਰ ਦੀ ਹੇਠਲੀ ਕੁੰਡੀ ਤੋਂ ਛੈਣੀ ਜਾਂ ਕਲਮ ਚੁੱਕ ਕੇ ਉੱਪਰਲੀ ਕਾਟਵੀਂ ਲੀਕ ਪਾਉਣ ਨਾਲੋਂ ਛੈਣੀ ਜਾਂ ਕਲਮ ਚੁੱਕੇ ਬਿਨਾਂ ਹੀ ਕਾਟਵੀ ਲੀਕ ਦੇ ਖੱਬੇ ਸਿਰੇ ਤਕ ਪਹੁੰਚਣਾ ਸੌਖਾ ਲੱਗਣ ਲਗ ਪਿਆ। ਇਸ ਦਾ ਨਤੀਜਾ ਇਹ ਹੋਇਆ ਕਿ 'क' ਦਾ ਹੁਣ ਵਾਲਾ ਰੂਪ ਉੱਘੜ ਆਇਆ।

ਇਹ ਵੀ ਚੇਤੇ ਰੱਖਣ ਵਾਲੀ ਗੱਲ ਹੈ ਕਿ ਕੁਟਿਲ ਲਿਪੀ ਤਕ ਪਹੁੰਚਦਿਆਂ ਬਹੁਤ ਸਾਰੀਆਂ ਵੱਖ-ਵੱਖ ਲਿਪੀਆਂ ਹੋਂਦ ਵਿਚ ਆ ਚੁੱਕੀਆਂ ਸਨ। ਕੁੱਝ ਦਾ ਸੰਬੰਧ ਵੱਖ-ਵੱਖ ਰਾਜਾਂ ਪ੍ਰਦੇਸ਼ਾਂ ਜਾਂ ਥੋੜੀ ਗਿਣਤੀ ਵਾਲੇ ਲੋਕਾਂ ਦੇ ਸਭਿਆਚਾਰਾਂ ਨਾਲ ਸੀ, ਕੁੱਝ ਦਾ ਵੱਖ-ਵੱਖ ਪੇਸ਼ਿਆਂ ਨਾਲ ਤੇ ਕੁੱਝ ਦਾ ਖਾਸ ਖਾਸ ਕੰਮਾਂ ਨਾਲ, ਜਿਵੇਂ ਲੁਕਾ ਵਰਤਣ ਲਈ ਕਿਸੇ ਗੁੱਝੀ ਲਿਪੀ ਦੀ ਵਰਤੋਂ। ਜੈਨੀਆਂ ਤੇ ਬੋਧੀਆਂ ਦੇ ਕਈ ਪੁਰਾਣੇ ਗ੍ਰੰਥਾਂ ਵਿਚ, ਖਾਸ ਕਰ ਕੇ ਬੋਧੀ ਗ੍ਰੰਥ 'ਲਲਿਤ ਵਿਸਤਰ' ਵਿਚ, ਬਹੁਤ ਸਾਰੀਆਂ ਲਿਪੀਆਂ ਦੇ ਨਾਂ ਮਿਲਦੇ ਹਨ। ਪਰ ਵੱਡੀ ਮੁਸ਼ਕਲ ਇਹ ਹੈ ਕਿ, ਜਿਵੇਂ ਅਸੀਂ ਅੱਗੇ ਕਹਿ ਵੀ ਆਏ ਹਾਂ, ਇਨ੍ਹਾਂ ਸਾਰੀਆਂ ਵੱਖ-ਵੱਖ ਲਿਪੀਆਂ ਦੇ ਹੋਰਨਾਂ ਲਿਪੀਆਂ ਤੋਂ ਵਖਰੇਵੇਂ ਦਾ ਪੂਰਾ ਪੂਰਾ ਵੇਰਵਾ ਕਿਤੇ ਵੀ ਨਹੀਂ ਮਿਲਦਾ। ਇਸੇ ਲਈ ਸਾਨੂੰ ਗੁਰਮੁੱਖੀ ਅੱਖਰਾਂ ਦਾ ਵਿਕਾਸ ਦੱਸਣ ਲਈ ਕੋਈ ਅੱਖਰ ਕਿਸੇ ਸਿਲਾ-ਲੇਖ ਤੋਂ ਤੇ ਕੋਈ ਕਿਸੇ ਹੋਰ ਤੋਂ ਲੈ ਕੇ ਹੀ ਅੱਖਰ-ਮਾਲਾ ਤਿਆਰ ਕਰਨੀ ਪੈਂਦੀ ਹੈ।

5.9 ਕੁਟਿਲ ਤੇ ਗੁਰਮੁੱਖੀ

ਕੁਟਿਲ ਅੱਖਰਾਂ ਤਕ ਪਹੁੰਚਦਿਆਂ ਗੁਰਮੁੱਖੀ ਦੇ ਘਟੋ-ਘਟ ਅੱਗੇ ਦਿੱਤੇ ਅੱਖਰਾਂ ਦੀਆਂ ਸ਼ਕਲਾਂ ਤਾਂ ਚੰਗੀ ਤਰ੍ਹਾਂ ਉੱਘੜ ਚੁੱਕੀਆਂ ਸਨ। ਇਹ ਸਨ :

ਕੁਟਿਲ	ਗੁਰਮੁੱਖੀ	ਕੁਟਿਲ	ਗੁਰਮੁੱਖੀ
	ਸ		ਠ
	ਕ		ਢ
	ਖ		ਥ
	ਗ		ਦ
	ਘ		ਨ
	ਙ		ਪ
	ਛ		ਫ
	ਟ		ਮ

ਇਨ੍ਹਾਂ ਤੋਂ ਛੁੱਟ ਹੋਰ ਕਾਫੀ ਸਾਰੇ ਅੱਖਰ ਅਜਿਹੀਆਂ ਸ਼ਕਲਾਂ ਨਾਲ ਦਿੱਸਦੇ ਹਨ ਕਿ ਗੁਰਮੁੱਖੀ ਅੱਖਰਾਂ ਵਾਲੇ ਪਾਸੇ ਦਾ ਵਿਕਾਸ ਇਕ ਦਮ ਸੰਭਵ ਲੱਗਣ ਲਗ ਪੈਂਦਾ ਹੈ। ਉੱਪਰਲੀ ਸੂਚੀ ਤਾਂ ਕੇਵਲ ਨਮੂਨੇ ਮਾਤਰ ਸਮਝਣੀ ਚਾਹੀਦੀ ਹੈ। ਥਾਂ ਦੀ ਥੁੜ ਨਾ ਹੁੰਦੀ ਤਾਂ ਅਸੀਂ ਸਾਰੀ ਸੂਚੀ ਦੇ ਦੇਂਦੇ।

5.10 ਸ਼ਾਰਦਾ

ਕੁਟਿਲ ਤੋਂ ਪਿਛੋਂ ਸ਼ਾਰਦਾ ਲਿਪੀ ਦੀ ਵਾਰੀ ਆਉਂਦੀ ਹੈ। ਸ਼ਾਰਦਾ ਦਾ ਰਿਵਾਜ, ਹੁਣ ਦੇ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਤੇ ਇਸ ਦੇ ਨਾਲ ਲਗਦੇ ਪੰਜਾਬੀ ਇਲਾਕੇ ਵਿਚ ਵਧੇਰੇ ਸੀ। ਉੱਥ ਇਸ ਦੇ ਨਮੂਨੇ ਕਾਬਲ ਤੋਂ ਲੈ ਕੇ ਦਿੱਲੀ ਤਕ ਦੇ ਸਿਲਾ-ਲੇਖਾਂ ਵਿਚ ਮਿਲੇ ਹਨ। ਸ਼ਾਰਦਾ, ਸਰਸਵਤੀ ਦੇਵੀ ਦਾ ਹੀ ਇਕ ਹੋਰ ਨਾਂ ਹੈ ਤੇ ਕਸ਼ਮੀਰ ਨੂੰ ਇਸੇ ਦੇਵੀ ਦੇ ਸੰਬੰਧ ਕਰਕੇ ਹੀ 'ਸ਼ਾਰਦਾ ਦੇਸ' ਜਾਂ 'ਸ਼ਾਰਦਾ ਮੰਡਲ' ਕਿਹਾ ਜਾਂਦਾ ਸੀ। ਸੋ ਜੰਮੂ-ਕਸ਼ਮੀਰ ਵਿਚ ਪ੍ਰਚਲਿਤ ਲਿਪੀ ਦਾ ਨਾਂ ਸ਼ਾਰਦਾ' ਹੋਵੇ ਤਾਂ ਇਸ ਦੇ ਕਾਰਨ ਦੀ ਸਮਝ ਆ ਜਾਣੀ ਚਾਹੀਦੀ ਹੈ। ਜਿਸ ਤਰ੍ਹਾਂ ਤੁਸੀਂ ਆਪ ਹੀ ਅੱਗੇ ਦਿੱਤੀਆਂ ਜਾ ਚੁੱਕੀਆਂ ਅੱਖਰ-ਸੂਚੀਆਂ ਵਿਚੋਂ ਪੁਰਾਣੇ ਅੱਖਰਾਂ ਦੀਆਂ ਸ਼ਕਲਾਂ ਵੇਖ ਵੇਖ ਕੇ ਇਹ ਅਨੁਮਾਨ ਲਾ ਲਿਆ ਹੋਵੇਗਾ ਕਿ ਵਿਕਾਸ ਦੇ ਨਾਲ ਨਾਲ ਇਨ੍ਹਾਂ ਵਿਚ ਆਪਣੇ ਤੋਂ ਪਹਿਲਾ ਦੀਆਂ ਸ਼ਕਲਾਂ ਦੇ ਨੇੜੇ ਰਹਿਣ ਦਾ ਵੀ ਬੜਾ ਤਕੜਾ ਜਤਨ ਸੀ, ਉਸੇ ਤਰ੍ਹਾਂ ਲਿਪੀ ਦੇ ਵਿਕਾਸ ਦੇ ਬਹੁਤ ਹੋਰ ਵਿਸ਼ੇਸ਼ੱਗਾਂ ਨੂੰ ਵੀ ਕੁਟਿਲ ਤੇ ਸ਼ਾਰਦਾ ਦੇ ਅੱਖਰਾਂ ਦੀਆਂ ਸ਼ਕਲਾਂ ਦਾ ਪੁਰਾਣੇ ਅੱਖਰਾਂ ਦੀਆਂ ਸ਼ਕਲਾਂ ਨਾਲ ਮੇਲ ਕਾਫ਼ੀ ਖੁੜਕਦਾ ਹੈ। ਮਿਸਾਲ ਵਜੋਂ, ਦੇਵ ਨਾਗਰੀ ਦੇ ਜਿਹੜੇ ਅੱਖਰ ਸਮੇਂ ਦੇ ਗੇੜ ਨਾਲ ਬਹੁਤ ਬਦਲ ਗਏ, ਉਹ ਬ੍ਰਾਹਮੀ-ਗੁਪਤ ਕੁਟਿਲ ਸ਼ਾਰਦਾ-ਗੁਰਮੁੱਖੀ ਪਰੰਪਰਾ ਵਿਚ ਬਹੁਤ ਘੱਟ ਬਦਲੇ ਹਨ! ਇਹ ਪਰੰਪਰਾ, ਵਿਕਾਸ ਦੇ ਬਾਵਜੂਦ, ਆਪਣੇ ਸੋਮੇ ਦੇ ਉਸੇ ਤਰ੍ਹਾਂ ਨੇੜੇ ਰਹੀ, ਜਿਸ ਤਰ੍ਹਾਂ ਇਸ ਇਲਾਕੇ ਦੀ ਪੰਜਾਬੀ ਬੋਲੀ ਹਿੰਦੀ ਨਾਲੋਂ ਪ੍ਰਾਕ੍ਰਿਤ ਤੇ ਸੰਸਕ੍ਰਿਤ, ਬਲਕਿ ਪੁਰਾਣੇ ਰਿਗ ਵੈਦਿਕ ਸੋਮਿਆਂ ਦੇ ਨੇੜੇ ਰਹੀ ਹੈ। ਸ਼ਾਰਦਾ ਦੇ ਅੱਖਰਾਂ ਦੀਆਂ ਸ਼ਕਲਾਂ ਗੁਰਮੁੱਖੀ ਦੇ ਬਹੁਤ ਸਾਰੇ ਅੱਖਰਾਂ ਨਾਲ ਏਨੀਆਂ ਮਿਲਦੀਆਂ ਹਨ ਕਿ ਇਨ੍ਹਾਂ ਦੇ ਨੇੜੇ ਦੀ ਆਪਸੀ ਸਾਂਝ ਨੂੰ ਕਿਸੇ ਤਰ੍ਹਾਂ ਵੀ ਨਕਾਰਿਆ ਨਹੀ ਜਾ ਸਕਦਾ। ਸ਼ਾਰਦਾ ਦੇ ਅੱਖਰਾਂ ਦੇ ਰੂਪ ਵੇਖ ਕੇ ਤੁਸੀ ਆਪ ਹੀ ਫੈਸਲਾ ਕਰ ਲਵੋਗੇ ਕਿ ਜੋ ਦਾਅਵਾ ਅਸੀਂ ਉਪਰ ਕਰ ਆਏ ਹਾਂ, ਉਹ ਠੀਕ ਹੈ ਜਾਂ ਗਲਤ :

ਗੁਰਮੁੱਖੀ	ਸ਼ਾਰਦਾ	ਗੁਰਮੁੱਖੀ	ਸ਼ਾਰਦਾ	ਗੁਰਮੁੱਖੀ	ਸ਼ਾਰਦਾ	ਗੁਰਮੁੱਖੀ	ਸ਼ਾਰਦਾ	ਗੁਰਮੁੱਖੀ	ਸ਼ਾਰਦਾ
ੳ		ਗ		ਵ		ਥ		ਭ	
ਅ		ਘ		ਟ		ਦ		ਮ	
ੲ		ਙ		ਠ		ਧ		ਯ	
ਸ		ਚ		ਡ		ਨ		ਰ	
ਹ		ਛ		ਢ		ਪ		ਲ	
ਕ		ਜ		ਣ		ਫ		ਵ	
ਖ		ਝ		ਤ		ਬ		ੜ	ਇਹ ਅੱਖਰ ਨਹੀਂ ਮਿਲਦਾ

ਸ਼ਾਰਦਾ ਦੇ ਉਪਰੋਕਤ ਨਮੂਨੇ ਅਸੀਂ ਸ੍ਰੀ ਦਇਆ ਰਾਮ ਸਾਹਨੀ, ਡਾ. ਬਿਊਹਲਰ ਤੇ ਡਾ. ਫ਼ੋਗਲ ਦੀਆਂ ਪਲੇਟਾਂ ਤੋਂ ਲਏ ਹਨ। ਸਿਲਾ-ਲੇਖਾਂ ਵਿਚ ਸ਼ਾਰਦਾ ਲਿਪੀ 13ਵੀਂ ਸਦੀ ਤਕ ਵਰਤੀ ਜਾਂਦੀ ਰਹੀ। ਇਸ ਤੋਂ ਪਿੱਛੋਂ ਦੇ ਸ਼ਾਰਦਾ ਲਿਪੀ ਵਿਚ ਗ੍ਰੰਥ ਭਾਰਤ ਦੇ ਬਦੇਸ਼ਾਂ ਦੀਆਂ ਲਾਇਬ੍ਰੇਰੀਆਂ ਵਿਚ ਬਥੇਰੇ ਮਿਲ ਜਾਂਦੇ ਹਨ, ਪਰ ਸਿਲਾ-ਲੇਖ ਟਾਂਵੇਂ-ਟਾਵੇਂ ਹੀ ਮਿਲਦੇ ਹਨ।

ਤੀਜਾ ਅਭਿਆਸ

ਨੋਟ : ਹੇਠ-ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਜਵਾਬ ਖ਼ਾਲੀ ਛੱਡੀਆਂ ਥਾਵਾਂ ਉਤੇ ਦੇਣੇ ਹਨ। ਜਵਾਬ ਅਖ਼ੀਰ ਵਿਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਗੁਰਮੁੱਖੀ ਦੇ ਹੇਠਲੇ ਅੱਖਰ ਕਿਹੜੇ ਮੂਲ ਅੱਖਰਾਂ ਤੋਂ ਵਿਗਸਿਤ ਹੋਏ ਹਨ ?
'ਏ', 'ਸ', 'ਖ'

---

2 ਭਾਰਤੀ ਲਿਪੀਆਂ ਵਿੱਚ ਤਬਦੀਲੀਆਂ ਕਿਨ੍ਹਾਂ ਕਾਰਨਾਂ ਕਰਕੇ ਆਉਂਦੀਆਂ ਹਨ ?

---

3 ਸ਼ਾਰਦਾ ਲਿਪੀ ਦੇ ਕੋਈ ਪੰਜ ਅੱਖਰ ਗੁਰਮੁੱਖੀ ਅੱਖਰਾਂ ਨਾਲ ਮੇਲ ਕੇ ਦੱਸੋ।

5.11 ਗੁਰਮੁੱਖੀ ਲਿਪੀ ਕਿਵੇਂ ਬਣੀ ?

ਹੁਣ ਤਕ ਅਸੀਂ ਬ੍ਰਾਹਮੀ ਅੱਖਰਾਂ ਦੇ ਗੁਰਮੁੱਖੀ ਅੱਖਰਾਂ ਤਕ ਦੀ ਯਾਤਰਾ ਬਾਰੇ ਜੋ ਕੁੱਝ ਦੱਸਿਆ ਹੈ, ਉਸ ਦਾ ਇਹ ਮਤਲਬ ਨਹੀਂ ਲੈਣਾ ਚਾਹੀਦਾ ਹੈ ਕਿ ਗੁਰਮੁੱਖੀ ਲਿਪੀ ਅਸ਼ੋਕ ਦੇ ਵੇਲੇ ਜਾਂ ਗੁਪਤ ਕਾਲ ਵਿਚ ਵੀ ਮੌਜੂਦ ਸੀ। ਅਸੀਂ ਅੱਗੇ ਹੀ ਸਪਸ਼ਟ ਕਰ ਆਏ ਹਾਂ ਕਿ ਗੁਰਮੁੱਖੀ ਜਾਂ ਦੇਵ ਨਾਗਰੀ ਲਿਪੀਆਂ ਨੂੰ ਹੀ ਨਹੀਂ, ਬਰਮਾ, ਥਾਈਲੈਂਡ ਤੇ ਸ਼੍ਰੀਲੰਕਾ, ਬਲਕਿ ਕੋਰੀਆ ਤਕ ਦੀਆਂ ਲਿਪੀਆਂ ਦੇ ਅੱਖਰ, ਬ੍ਰਾਹਮੀ ਵਾਲੇ ਸੋਮੇ ਤੋਂ ਹੀ ਆਏ ਹੋਏ ਹਨ। ਅੱਗੋਂ ਇਨ੍ਹਾਂ ਅੱਖਰਾਂ ਦੀ ਤਰਤੀਬ, ਗਿਣਤੀ ਜਾਂ ਰੂਪ ਆਦਿ ਵਿਚ ਮਾੜੇ-ਮੋਟੇ ਫਰਕਾਂ, ਘਾਟਿਆਂ ਜਾਂ ਵਾਧਿਆਂ ਨਾਲ, ਸਮੇਂ ਸਮੇਂ ਵੱਖ-ਵੱਖ ਲਿਪੀਆਂ ਬਣਦੀਆਂ ਰਹੀਆਂ। ਗੁਰਮੁੱਖੀ ਵੀ ਇਹੋ ਜਿਹੀਆਂ ਲਿਪੀਆਂ ਵਿਚੋਂ ਹੀ ਇਕ ਹੈ। ਚੌਦਵੀਂ ਸਦੀ ਵਿਚ ਇਸ ਦੀ ਹੋਂਦ ਦਾ ਪਤਾ ਹਠੂਰ, ਜ਼ਿਲਾ ਲੁਧਿਆਣੇ ਦੇ ਰਾਏ ਫੀਰੋਜ਼ ਦੇ ਮਕਬਰੇ ਦੀਆਂ ਕੰਧਾਂ ਉਤੇ ਲਿਖੀਆਂ ਅਨੇਕਾਂ ਯਾਦਾਸ਼ਤਾਂ ਤੋਂ ਲਗ ਜਾਂਦਾ ਸੀ। ਬਦਕਿਸਮਤੀ ਨਾਲ ਹੁਣ, ਇਸ ਮਕਬਰੇ ਦੀ ਸੋਭਾ ਨਾ ਹੋਣ ਕਾਰਨ, ਇਹ ਲਿਖਤਾਂ ਤਕਰੀਬਨ ਨਸ਼ਟ ਹੋ ਚੁੱਕੀਆਂ ਹਨ। ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਗੁਰਮੁੱਖੀ ਦੇ ਜਿਹੜੇ ਅੰਗੂਰ ਚੌਦਵੀਂ ਸਦੀ ਈਸਵੀ ਵਿਚ ਪੱਲਰ ਕੇ ਸਾਹਮਣੇ ਆ ਚੁੱਕੇ ਸਨ, ਉਨ੍ਹਾਂ ਦਾ ਫੁਟਾਰਾ ਤੇਰ੍ਹਵੀ ਸਦੀ ਈਸਵੀ ਵਿਚ ਸ਼ੁਰੂ ਹੋ ਚੁੱਕਾ ਹੋਵੇਗਾ।

5.11.1 ਗੁਰੂ ਨਾਨਕ ਸਾਹਿਬ ਤੇ ਗੁਰਮੁੱਖੀ

ਸਾਹਿਤ-ਰਚਨਾ ਲਈ ਗੁਰਮੁੱਖੀ ਅੱਖਰਾਂ ਦੀ ਭਰਵੀਂ ਵਰਤੋਂ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਸ਼ੁਰੂ ਹੋਈ ਪ੍ਰਤੀਤ ਹੁੰਦੀ ਹੈ। ਉਨ੍ਹਾਂ ਦੀ ਇਕ ਬਾਣੀ ਦਾ ਨਾਂ 'ਪੱਟੀ' ਹੈ। ਇਸ ਬਾਣੀ ਵਿਚ, 'ੜ' ਸਮੇਤ, ਜੋ ਗੁਰਮੁੱਖੀ ਲਿਪੀ ਦੀ ਪਛਾਣ ਵਾਲਾ ਵਿਸ਼ੇਸ਼ ਅੱਖਰ ਹੈ, ਗੁਰਮੁੱਖੀ ਦੇ ਵੱਖ-ਵੱਖ ਅੱਖਰਾਂ ਨਾਲ ਸ਼ੁਰੂ ਹੋਣ ਵਾਲੇ ਸ਼ਬਦਾਂ ਨਾਲ ਵੱਖ-ਵੱਖ ਬੰਦ ਅੰਕਿਤ ਕੀਤੇ ਮਿਲਦੇ ਹਨ। ਤੁਹਾਨੂੰ ਇਹ ਪਤਾ ਹੀ ਹੈ ਕਿ ਗੁਰਮੁੱਖੀ ਦੀ ਅੱਖਰ-ਮਾਲਾ ਨੂੰ, ਅਜੇ ਵੀ, ਅੱਖਰਾਂ ਦੀ ਗਿਣਤੀ ਕਰਕੇ, 'ਪੈਂਤੀ' ਕਹਿ ਲਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਜਦੋਂ ਰਾਵੀ ਦਰਿਆ ਦੇ ਕੰਢੇ ਕਰਤਾਰਪੁਰ ਵਿਚ ਆਪਣੀ ਪੱਕੀ ਰਿਹਾਇਸ਼ ਬਣਾ ਲਈ ਤਾਂ ਕਰਤਾਰਪੁਰ ਦੇਸੀ ਸਾਹਿਤ ਤੇ ਸਭਿਆਚਾਰ ਦਾ ਇਕ ਮਘਦਾ ਕੇਂਦਰ ਬਣ ਗਿਆ ਹੋਵੇਗਾ। ਏਥੇ ਗੁਰੂ ਸਾਹਿਬ ਦੀ ਆਪਣੀ ਰਚਨਾ ਤੇ ਹੋਰ ਭਾਰਤੀ ਬਾਣੀਕਾਰਾਂ ਦੀ ਰਚਨਾ ਦੇ ਅਨੇਕ ਗੁਟਕੇ ਤੇ ਗ੍ਰੰਥ ਲਿਖੇ ਜਾਂਦੇ ਹੋਣਗੇ। ਗੁਰੂ ਨਾਨਕ ਸਾਹਿਬ ਦੇ ਚਾਰ ਉੱਤਰ-ਅਧਿਕਾਰੀ—ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਸਾਹਿਬ ਤੇ ਗੁਰੂ ਅਰਜਨ ਸਾਹਿਬ—ਕਵੀ ਸਨ ਤੇ ਇਨ੍ਹਾਂ ਸਾਰਿਆਂ ਦੀ ਬਾਣੀ ਸਾਡੇ ਤਕ ਪਹੁੰਚੀ ਹੈ। ਕਰਤਾਰਪੁਰ ਤੋਂ ਪਿੱਛੋਂ, ਗੁਰੂ ਅਮਰਦਾਸ ਜੀ ਦੇ ਵੇਲੇ, ਗੋਇੰਦਵਾਲ ਗੁਰਮੁੱਖੀ ਵਿਦਿਆ ਦਾ ਕੇਂਦਰ ਬਣਿਆ। ਏਥੇ ਹੀ ਉਹ ਪੋਥੀਆਂ ਤਿਆਰ ਹੋਈਆਂ ਜਿਨ੍ਹਾਂ ਨੂੰ 'ਬਾਬਾ ਮੋਹਨ ਦੀਆਂ ਪੋਥੀਆਂ' ਕਿਹਾ ਜਾਂਦਾ ਹੈ। ਫੇਰ ਚੱਕ ਰਾਮ ਦਾਸ (ਮਗਰੋਂ 'ਅੰਮ੍ਰਿਤਸਰ'), ਸਾਹਿਤ-ਰਚਨਾ ਦੀ ਧੁੰਨੀ ਬਣਿਆ। ਇਸੇ ਨਗਰ ਵਿਚ ਸੰਨ 1604 ਵਿਚ, ਗੁਰੂ ਅਰਜਨ ਸਾਹਿਬ ਨੇ ਆਪਣੀ ਪ੍ਰਸਿੱਧ 'ਪੋਥੀ' ਸੰਪਾਦਿਤ ਕੀਤੀ, ਜੋ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ ਵਾਧੇ ਪਿੱਛੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਅਖਵਾਈ। ਕਰਤਾਰਪੁਰ, ਗੋਇੰਦਵਾਲ ਤੇ ਅੰਮ੍ਰਿਤਸਰ ਦੀ ਸਾਰੀ ਸਾਹਿਤਿਕ ਸਰਗਰਮੀ ਗੁਰਮੁੱਖੀ ਅੱਖਰਾਂ ਵਿਚ ਹੁੰਦੀ ਸੀ। ਅਫ਼ਸੋਸ ਹੈ, ਸਮੇਂ ਦੇ ਗੇੜ ਨੇ ਸਾਡੇ ਪਾਸ ਗੁਰੂ ਨਾਨਕ ਸਾਹਿਬ ਦੀ ਆਪਣੀ ਲਿਖਤ ਰਹਿਣ ਨਹੀਂ ਦਿੱਤੀ, ਪਰ ਸਾਡੇ ਪਾਸ ਬਾਬਾ ਮੋਹਨ ਵਾਲੀਆਂ ਪੋਥੀਆਂ ਵਿਚੋਂ ਦੋ ਅਜੇ ਵੀ ਮੌਜੂਦ ਹਨ। ਇਨ੍ਹਾਂ ਤੋਂ ਅਤੇ ਹੋਰ ਲਿਖਤਾਂ ਤੋਂ ਪੁਰਾਣੀ ਗੁਰਮੁੱਖੀ ਦੇ ਜਿਨ੍ਹਾਂ ਲੱਛਣਾਂ, ਦਾ ਪਤਾ ਲਗਦਾ ਹੈ, ਉਹ ਅੱਗੇ ਦਿੱਤੇ ਗਏ ਹਨ :

5.11.2 ਪੁਰਾਣੀ ਗੁਰਮੁੱਖੀ ਦੇ ਵਿਸ਼ੇਸ਼ ਲੱਛਣ

ੳ) ਪਹਿਲਾ ਲੱਛਣ ਹੈ 'ਓ' ਦਾ ਅੱਖਰ-ਮਾਲਾ ਦੇ ਆਰੰਭ ਵਿਚ ਹੋਣਾ। ਹੋਰ ਭਾਰਤੀ ਲਿਪੀਆਂ, ਟਾਕਰਿਆਂ ਜਾਂ

ਲੰਢਿਆਂ ਨੂੰ ਛੱਡ ਕੇ, ਜੋ ਵਪਾਰੀ ਲੋਕ ਆਪਣੇ ਵਹੀ-ਖਾਤਿਆਂ ਵਿਚ ਵਰਤਦੇ ਹਨ, 'ਅ' ਨਾਲ ਸ਼ੁਰੂ ਹੁੰਦੀਆਂ ਹਨ। ਇਨ੍ਹਾਂ ਦੇ ਸੁਰਾਂ ਦੀ ਤਰਤੀਬ ਹੈ 'ਅ', 'ੲ', 'ਓ'। ਇਨ੍ਹਾਂ ਤੋਂ ਵਿਲੱਖਣ ਹੈ ਗੁਰਮੁਖੀ ਵਿਚ ਸੁਰਾਂ ਦੀ ਤਰਤੀਬ, ਕਿਉਂਕਿ ਇਸ ਵਿਚ 'ਓ' ਪਹਿਲਾਂ ਟਿਕਿਆ ਹੋਇਆ ਹੈ—'ਓ', 'ਅ', 'ੲ', । 'ਓ' ਇਸ ਲਿਪੀ ਦੇ ਸਿਰ ਉਤੇ ਕਿਉਂ ਰੱਖਿਆ ਗਿਆ? ਜਵਾਬ ਹੈ : ਇਸ ਦੀ ਧਾਰਮਿਕ ਅਹਿਮੀਅਤ ਦੇ ਕਾਰਨ। 'ਓਦੋਂ', 'ਓਮ', 'ਓਅੰ' ਜਾਂ ਓਂਕਾਰ' ਪੂਰਾ ਲਿਖਣ ਦੀ ਥਾਂ, ਇਨ੍ਹਾਂ ਦਾ ਜਿਹੜਾ ਚਿੰਨ੍ਹ ਹਰ ਲਿਖਤ ਦੇ ਆਰੰਭ ਵਿਚ ਲਿਖਿਆ ਜਾਂਦਾ ਸੀ, ਉਸ ਦੀ ਸ਼ਕਲ ਉਸ ਵੇਲੇ ਦੇ 'ੳ' ਨਾਲ ਮਿਲਦੀ ਸੀ— ੴ । ਸੋ ਆਸਤਕ ਲੋਕਾਂ ਨੇ ਓਂਅੰਕਾਰ ਜਾਂ ਪ੍ਰਮਾਤਮਾ ਨੂੰ ਰੀਝਾਉਣ ਲਈ, 'ਓ' ਨੂੰ ਚੁੱਕ ਕੇ ਆਪਣੀ ਲਿਪੀ ਦੇ ਮੁੱਢ ਵਿਚ ਲਿਆ ਬਿਠਾਇਆ; ਪਰ ਇਉਂ ਕਰਕੇ ਉਹ ਆਪਣੀ ਮੁਹਾਰਨੀ ਵਿਚ ਕੋਈ ਤਬਦੀਲੀ ਨਾ ਲਿਆ ਸਕੇ। ਇਹ, ਉਸੇ ਤਰ੍ਹਾਂ, ਬਾਕੀ ਭਾਰਤੀ ਲਿਪੀਆਂ ਵਾਲੀ ਹੀ ਰਹੀ —ਅ, ਆ, ਇ, ਈ, ਉ, ਊ, ਏ, ਐ, ਓ, ਔ, ਅੰ। ਤੁਸੀਂ ਨੋਟ ਕਰ ਲਿਆ ਹੈ ਨਾ, ਕਿ ਮੁਹਾਰਨੀ ਵਿਚ 'ਅੰ' ਪਹਿਲਾਂ ਆ ਗਿਆ ਹੈ ਤੇ ਊੜਾ ਚੁੱਪ ਕਰ ਕੇ ਆਪਣੀ ਤੀਜੀ ਥਾਂ ਉਤੇ ਜਾ ਟਿਕਿਆ ਹੈ।

ਅ) ਦੂਜਾ ਲੱਛਣ 'ੳ' ਦਾ ਬੇਆਵਾਜ਼ ਹੋਣਾ ਹੈ। 'ੳ' ਦੀ ਆਪਣੀ ਅਵਾਜ਼ ਕੋਈ ਨਹੀਂ, ਇਸ ਵਿਚ ਅਵਾਜ਼ ਪੈਦਾ ਹੋ ਜਾਂਦੀ ਹੈ ਜਦੋਂ ਇਸ ਨਾਲ ਔਕੜ, ਦੁਲੈਂਕੜ ਜਾਂ ਹੋੜੇ ਦੀਆਂ ਲਗਾਂ ਵਿਚੋਂ ਕੋਈ ਇਸ ਨਾਲ ਆ ਲਗਦੀ ਹੈ—/ੳ/, /ੁ/, /ੋ/। ਇਨ੍ਹਾਂ ਤਿੰਨਾਂ ਹਾਲਤਾਂ ਵਿਚ 'ੳ' ਧੁਨੀ ਵਾਲਾ ਬਣ ਜਾਂਦਾ ਹੈ।

ੲ) ਤੀਜਾ ਲੱਛਣ 'ੳ' ਵਾਂਗ, 'ੲ' ਦਾ ਬੇਅਵਾਜ਼ ਹੋਣਾ ਹੈ। 'ੲ' ਨਾਲ 'ਸਹਾਰੀ' (ਿ), 'ਬਿਹਾਰੀ' (ੀ) ਜਾਂ ਲਾਂ (ੇ) ਲਾਵਾਂਗੇ ਤਾਂ ਹੀ ਉਸ ਵਿਚ ਧੁਨੀ ਪੈਦਾ ਹੋਵੇਗੀ, ਵਰਨਾ ਉਹ ਗੁੰਮ-ਸੁੰਮ ਰਹਿੰਦੀ ਹੈ।

ਸ) ਗੁਰਮੁੱਖੀ ਲਿਪੀ ਦਾ ਚੌਥਾ ਲੱਛਣ ਉਸ ਦਾ ਸੰਯੁਕਤ ਅੱਖਰਾਂ ਤੋਂ ਘਬਰਾਉਣਾ ਹੈ। 'ਸੰਯੁਕਤ' ਦਾ ਅਰਥ ਹੈ, 'ਜੁੜਵੇਂ' ਜਾਂ ਜੋੜ ਕੇ ਲਿਖੇ ਜਾਣ ਵਾਲੇ। ਦੇਵ ਨਾਗਰੀ ਵਿਚ 'ਮਸਤ' ਲਿਖਣਾ ਹੋਵੇ ਤਾਂ 'ਮ' ਤੋਂ ਬਾਅਦ 'ਸ' ਤੇ 'ਸ' ਤੇ 'ਤ' ਅੱਡ-ਅੱਡ ਹੀ ਲਿਖੇ ਜਾਂਦੇ ਹਨ, ਜਿਵੇਂ 'ਮਸਤ', ਭਾਵੇਂ ਇਸ ਤਰ੍ਹਾਂ ਲਿਖੇ ਹੋਏ ਦਾ ਉਚਾਰਨ ਮ+ਸਤ ਨਹੀਂ ਮ+ਸ+ਤ ਬਣਦਾ ਹੈ। ਗੁਰਮੁੱਖੀ ਵਿਚ ਲਿਖਤ ਦਾ ਆਮ ਢੰਗ ਵੱਖਰੇ-ਵੱਖਰੇ ਲਿਖਣ ਦਾ ਹੈ, ਇਕ ਅੱਖਰ ਤੋੜ ਕੇ ਉਸ ਨੂੰ ਕਿਸੇ ਹੋਰ ਅੱਖਰ ਨਾਲ ਜੋੜਨ ਵਾਲਾ ਨਹੀ ਹੈ, ਪਰ ਚਾਰ ਅੱਖਰ ਹਨ, ਜੋ ਹੋਰਨਾਂ ਅੱਖਰਾਂ ਨਾਲ ਟੁੱਟਵੇਂ ਰੂਪ ਵਿਚ ਜੋੜ ਕੇ ਜੁੜਵੇਂ ਅੱਖਰ ਬਣਾ ਲਈਦੇ ਹਨ। ਇਹ ਹਨ 'ਹ', 'ਯ', 'ਰ', ਤੇ 'ਵ'। ਇਨ੍ਹਾਂ ਦੀਆਂ ਮਿਸਾਲਾਂ ਤੁਸੀਂ ਜਾਣਦੇ ਹੀ ਹੋ, ਫੇਰ ਵੀ ਅਸੀਂ ਕ੍ਰਮਵਾਰ ਇਕ-ਇਕ ਸ਼ਬਦ ਏਥੇ ਦੇਣ ਲੱਗੇ ਹਾਂ :
'ਨ' ਤੇ 'ਹ' ਦਾ ਸੰਯੁਕਤ = ਇਨ੍ਹਾਂ
'ਭ' ਤੇ 'ਯ' ਦਾ ਸੰਯੁਕਤ = ਸਭਯ
'ਪ' ਤੇ 'ਰ' ਦਾ ਸੰਯੁਕਤ = ਪ੍ਰੀਤ
'ਸ' ਤੇ 'ਵ' ਦਾ ਸੰਯੁਕਤ = ਸ੍ਰਵ

ਇਨ੍ਹਾਂ ਚਾਰ ਅੱਖਰਾਂ ਨੂੰ ਛੱਡ ਕੇ, ਅਜ ਦੀ ਗੁਰਮੁੱਖੀ ਲਿਪੀ ਦੇ ਬਾਕੀ ਅੱਖਰ ਸੰਯੁਕਤ ਰੂਪ ਵਿਚ ਵਰਤੇ ਜਾਣਾ ਪਸੰਦ ਨਹੀਂ ਕਰਦੇ। ਪੁਰਾਣੀ ਗੁਰਮੁੱਖੀ ਵਿਚ ਕਿਤੇ-ਕਿਤੇ ਹੋਰ ਅੱਖਰਾਂ ਨਾਲ ਵੀ ਜੁੜਵੇਂ ਅੱਖਰ ਬਣੇ ਦਿੱਸਦੇ ਹਨ, ਪਰ ਗੁਰਮੁੱਖੀ ਦਾ ਆਮ ਸੁਭਾ ਪੂਰੇ ਅੱਖਰ ਵੱਖ-ਵੱਖ ਪਾਉਣ ਵਾਲਾ ਓਥੇ ਵੀ ਸਪਸ਼ਟ ਹੀ ਦਿੱਸ ਪੈਂਦਾ ਹੈ।

ਹ) ਪੰਜਵਾਂ ਲੱਛਣ ਇਹ ਹੈ ਕਿ ਗੁਰਮੁੱਖੀ ਵਿਚ ਉਪਰੋਕਤ ਚਾਰ ਅੱਖਰਾਂ ਨੂੰ ਸੰਯੁਕਤ ਕਰਨ ਦਾ ਢੰਗ ਵੀ ਦੁਨੀਆਂ ਨਾਲੋਂ ਨਿਆਰਾ ਹੈ। ਇਸ ਢੰਗ ਨੂੰ ਚੰਗੀ ਤਰ੍ਹਾਂ ਸਮਝਣ ਲਈ ਪਹਿਲਾਂ ਇਕ ਹੋਰ ਨਿੱਕਾ ਜਿਹਾ ਨੁਕਤਾ ਸਮਝ ਲੈਣ ਦੀ ਲੋੜ ਹੈ। ਬ੍ਰਾਹਮੀ ਵਿਚ ਹਰ ਵਿਅੰਜਨ ਦੇ ਨਾਲ ਇਕ ਹ੍ਰਸਵ 'ਅ' ਦੀ ਸਵਰ ਲੱਗੀ ਹੋਈ ਫਰਜ਼ ਕੀਤੀ ਜਾਂਦੀ ਸੀ। ਦੇਵ ਨਾਗਰੀ ਨੇ ਆਪਣੇ ਵਿਅੰਜਨਾਂ ਵਿਚ ਇਹ ਲੁਕਵਾਂ ਹ੍ਰਸਵ ਸੁਰ ਬ੍ਰਾਹਮੀ ਪਾਸੋਂ ਜਿਉਂ ਦਾ ਤਿਉਂ ਵਿਰਸੇ ਵਿਚ ਲੈ ਲਿਆ ਹੈ ਸੋ :

/ਮ/ ਅਸਲ ਵਿਚ ਹੈ = ਮ + ਅ;
/ਸ/ ਅਸਲ ਵਿਚ ਹੈ = ਸ+ਅ;
/ਤ/ ਅਸਲ ਵਿਚ ਹੈ = ਤ+ਅ।

ਇਹੀ ਕਾਰਨ ਹੈ ਕਿ ਬਹੁਤ ਲੋਕ 'ਧ' ਦੀ ਧੁਨੀ ਨੂੰ 'ਧ+ਅ' ਉਚਾਰ ਕੇ ਰੋਮਨ ਲਿਪੀ ਵਿਚ 'ਬੁੱਧ' ਨੂੰ ਲਿਖਦੇ ਹਨ, Buddha, ਪਰ ਅਸੀ ਇਸ ਨੂੰ ਗਲਤੀ ਨਾਲ ਪੜ੍ਹਦੇ ਹਾਂ 'ਬੁੱਧਾ'।

ਸੋ ਜਦੋਂ ਅਸੀਂ ਕੋਈ ਸੰਯੁਕਤ ਧੁਨੀ ਉਚਾਰਦੇ ਹਾਂ, ਜਿਵੇਂ 'ਮਸਤ' ਵਿਚ /ਸ/ ਤੇ /ਤ/ ਦਾ ਸੰਯੁਕਤ, ਓਦੋਂ ਜੇ ਧਿਆਨ ਨਾਲ ਹੋਲੀ-ਹੋਲੀ ਬੋਲ ਕੇ ਦੇਖੋਗੇ ਤਾਂ ਪਤਾ ਲੱਗੇਗਾ ਕਿ 'ਮ' ਤਾਂ 'ਮ'+'ਅ' ਹੀ ਰਿਹਾ ਹੈ, ਪਰ 'ਸ' ਦਾ ਹ੍ਰਸਵ ਸੁਰ ਲੋਪ ਹੋ ਗਿਆ ਹੈ। ਇਸ ਲੁਕਵੀਂ ਸੁਰ ਦੇ ਲੋਪ ਨੂੰ ਪ੍ਰਗਟ ਕਰਨ ਲਈ ਅੱਖਰ ਦੇ ਥੱਲੇ ਇਕ ਟੇਢੀ ਪੱਚਰ ਲਾ ਦਿੱਤੀ ਜਾਂਦੀ ਸੀ ੍ । ਇਸ ਨੂੰ 'ਹਲ' ਜਾਂ 'ਹਲੰਤ' ਕਹਿੰਦੇ ਹਨ। ਦੇਵ ਨਾਗਰੀ ਵਿੱਚ ਲਿਖਣ ਵੇਲੇ ਮਸਤ ਵਿੱਚ /ਸ/ ਨੂੰ ਹਲੰਤ ਲਗਦਾ ਹੈ, ਸੋ ਉਸ ਦਾ ਸਾਬਤ ਰੂਪ ਤੋੜ ਕੇ ਅਗਲਾ ਪੂਰੇ ਦਾ ਪੂਰਾ ਅੱਖਰ ਉਸ ਨਾਲ ਆ ਜੁੜਦਾ ਹੈ। ਗੁਰਮੁੱਖੀ ਦਾ ਰਿਵਾਜ ਇਸ ਤੋਂ ਉਲਟ ਹੈ। ਏਥੇ ਹਲੰਤ ਵਾਲਾ ਅੱਖਰ ਜਿਉਂ ਦਾ ਤਿਉਂ ਕਾਇਮ ਰਹਿੰਦਾ ਹੈ, ਪਰ ਜੇ ਅਗਲਾ ਅੱਖਰ 'ਹ', 'ਸ', 'ਰ' ਜਾਂ 'ਵ' ਹੋਵੇ ਤਾਂ ਉਨ੍ਹਾਂ ਦੀ ਭੰਨ-ਤੋੜ ਕਰ ਲਈ ਜਾਂਦੀ ਹੈ, ਹਾਲਾਂਕਿ ਉਨ੍ਹਾਂ ਵਿਚ ਲੁੱਕਵਾਂ ਸੁਰ ਜਿਉਂ ਦਾ ਤਿਉਂ ਮੌਜੂਦ ਹੁੰਦਾ ਹੈ। 'ਕ੍ਰੋਧ' ਸ਼ਬਦ ਵਿਚ 'ਕ' ਨੂੰ ਹਲੰਤ ਲੱਗਾ ਹੈ 'ਰ' ਨੂੰ ਨਹੀ, ਪਰ ਆਪਣੀ ਸੁਤੰਤਰ ਪਦਵੀ ਛੱਡ ਕੇ 'ਰ' ਨੂੰ ਹਲੰਤੀ ਅੱਖਰ 'ਕ' ਦੇ ਪੈਰੀਂ ਪੈਣਾ ਪੈਂਦਾ ਹੈ।

ਇਹ ਕੁੱਝ ਲੱਛਣ ਹਨ ਜੋ ਕੇਵਲ ਗੁਰੰਮੁਖੀ ਵਿਚ ਮਿਲਦੇ ਹਨ, ਹੋਰ ਕਿਸੇ ਲਿਪੀ ਵਿਚ ਨਹੀਂ ਮਿਲਦੇ।

5.11.3 ਪੁਰਾਣੀ ਗੁਰਮੁੱਖੀ ਤੇ ਅਜੋਕੀ ਗੁਰਮੁੱਖੀ ਦੇ ਅੱਖਰਾਂ ਵਿਚ ਫਰਕ

ਮੁੱਢਲੀ ਗੁਰਮੁਖੀ ਦੇ ਜਿਹੜੇ ਕਈ ਅੱਖਰ ਅੱਜ ਦੀ ਗੁਰਮੁੱਖੀ ਤੋਂ ਕੁੱਝ ਵੱਖਰੇ ਸਨ, ਇਹ ਹਨ :

ਅਜੋਕੀ ਗੁਰਮੁੱਖੀ	ਪੁਰਾਣੀ ਗੁਰਮੁੱਖੀ
ਅ	
ਏ	
ਹ	
ਚ	
ਲ	

ਬਾਕੀ ਦੇ ਅੱਖਰ ਵਰਗੇ ਹੀ ਸਮਝ ਲਵੋ।

5.11.4 ਅੱਜ ਦੀ ਗੁਰਮੁੱਖੀ ਵਿਚ ਨਵੇਂ ਵਾਧੇ

ਜਿਹੜੇ ਲੱਛਣ ਅਸੀਂ ਪੁਰਾਣੀ ਲਿਪੀ ਦੇ ਦੱਸ ਆਏ ਹਾਂ, ਉਹ ਅੱਜ ਦੀ ਗੁਰਮੁੱਖੀ ਵਿਚ ਜਿਉਂ ਦੇ ਤਿਉਂ ਮੌਜੂਦ ਹਨ। ਜਿਹੜੇ ਫਰਕ ਪੈ ਚੁੱਕੇ ਹਨ, ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :

ੳ) ਪੁਰਾਣੀ ਗੁਰਮੁੱਖੀ ਦੇ ਜਿਹੜੇ ਛੇ ਅੱਖਰ ਉੱਪਰ ਦੱਸ ਆਏ ਹਾਂ, ਉਹ ਅੱਜ ਦੀ ਗੁਰਮੁੱਖੀ ਵਿੱਚ ਜਿਉਂ ਦੇ ਤਿਉਂ ਮੌਜੂਦ ਹਨ। ਜਿਹੜੇ ਫਰਕ ਪੈ ਚੁੱਕੇ ਹਨ, ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :

ਅ) ਪੁਰਾਣੀ ਗੁਰਮੁੱਖੀ ਵਿਚ, ਲਿਖਤ ਰਾਹੀਂ ਧੁਨੀ ਦੇ ਦੁੱਤ (ਦੋਹਰ) ਪ੍ਰਗਟ ਕਰਨ ਦਾ ਕੋਈ ਪ੍ਰਬੰਧ ਨਹੀਂ ਸੀ; ਮਸਲਨ, ਜਦੋਂ ਇਕੋ ਧੁਨੀ ਦਾ ਸੰਯੁਕਤ ਕਰਨਾ ਹੁੰਦਾ (ਦੁੱਤ ਇਸੇ ਨੂੰ ਕਹਿੰਦੇ ਹਨ) ਜਿਵੇਂ 'ਚੁੱਕੀ' ਵਿਚ /ਕ/ ਦੇ ਦੋ ਵਾਰੀ ਉਚਾਰੇ ਜਾਣ ਨੂੰ (ਚੱਕ-ਕੀ), ਲਿਖਤ ਵਿਚ ਪ੍ਰਗਟਾਉਣਾ ਹੁੰਦਾ, ਤਾਂ /ਚਕੀ/ ਲਿਖ ਕੇ ਬੁੱਤਾ ਸਾਰ ਲੈਂਦੇ ਸਨ, ਹਾਲਾਂ ਕਿ ਇਸ ਤਰ੍ਹਾਂ ਪਾਠ ਸ਼ੁਧ ਨਹੀਂ ਪੜ੍ਹਿਆ ਜਾਂਦਾ। ਇਸ ਘਾਟ ਨੂੰ ਦੂਰ ਕਰਨ ਲਈ ਬਾਅਦ ਦੇ ਲੇਖਕਾਂ ਨੇ 'ਅੱਧਕ' ਨਾਂ ਦੀ ਇਕ ਜੁਗਤ ਲੱਭ ਲਈ—//। ਇਸ ਜੁਗਤ ਨੂੰ ਆਵਾਜ਼ ਦਾ ਦੋਹਰ ਪ੍ਰਗਟਾਉਣ ਲਈ ਵਰਤ ਕੇ ਇਕ ਤਾਂ ਗੁਰਮੁੱਖੀ ਦੀ ਸੰਯੁਕਤ ਅੱਖਰਾਂ ਵਲ ਵਿਰੋਧੀ ਰੁੱਚੀ ਦਾ ਸਤਿਕਾਰ ਕਾਇਮ ਰੱਖਿਆ ਗਿਆ, ਦੂਜੇ, ਗੁਰਮੁੱਖੀ ਦੀ ਲਿਖਤ ਦੇ ਠੀਕ ਉਚਾਰੇ ਜਾਣ ਦੀ ਯੋਗਤਾ ਵਿਚ ਵਾਧਾ ਹੋ ਗਿਆ।

ੲ) ਉਰਦੂ-ਫ਼ਾਰਸੀ ਉਚਾਰਨ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਗੁਰਮੁੱਖੀ ਦੀ ਪੈਂਤੀ ਵਿਚ ਪੰਜ ਅੱਖਰ ਹੋਰ ਵਧਾਏ ਗਏ—'ਸ਼', 'ਖ', 'ਗ਼', 'ਜ਼', ਤੇ 'ਫ਼'। ਇਸ ਤਰ੍ਹਾਂ ਗੁਰਮੁਖੀ ਦੇ ਅੱਖਰਾਂ ਦੀ ਗਿਣਤੀ ਪੈਂਤੀ ਤੋਂ ਵੱਧ ਕੇ ਚਾਲੀ ਹੋ ਗਈ।

5.11.5 ਗੁਰਮੁੱਖੀ ਵਿਚ ਸੁਧਾਰ

ਜੇ ਕੋਈ ਸਾਨੂੰ ਪੁੱਛੇ ਕਿ ਗੁਰਮੁੱਖੀ ਵਿਚ ਤੁਸੀਂ ਕੋਈ ਵਾਧਾ-ਘਾਟਾ ਜਾਂ ਸੁਧਾਰ ਲਿਆਉਣਾ ਚਾਹੋਗੇ? ਤਾਂ ਸਾਡਾ ਜਵਾਬ ਹੋਵੇਗਾ ਕਿ ਦੁਨੀਆਂ ਦੀ ਕਿਹੜੀ ਲਿਪੀ ਹੈ, ਜਿਸ ਵਿਚ ਸੁਧਾਰ ਦੀ ਲੋੜ ਨਹੀਂ ਹੈ, ਪਰ ਸਾਨੂੰ ਕਿਸੇ ਖਲਜਗਣ ਵਿਚ ਪੈਣ ਦੀ ਲੋੜ ਨਹੀਂ ਕੇਵਲ ਇੱਕੋ ਸੁਧਾਰ ਹੀ ਕਾਫ਼ੀ ਹੈ, ਤੇ ਉਹ ਹੈ ਕਿਸੇ ਅਜਿਹੀ ਜੁਗਤ ਦੀ ਕਾਢ ਜਿਸ ਨਾਲ ਸੰਯੁਕਤ ਅੱਖਰਾਂ ਵਾਲਾ ਗੁੰਝਲਦਾਰ ਪ੍ਰਬੰਧ ਅਪਣਾਉਣ ਤੋਂ ਬਿਨਾਂ ਪਾਠਕ ਨੂੰ ਸੂਚਿਤ ਕੀਤਾ ਜਾ ਸਕੇ ਕਿ ਫ਼ਲਾਣਾ ਅੱਖਰ ਹਲੰਤਿਆ ਹੋਇਆ ਹੈ। ਇਕ ਕਿਸੇ ਨਿੱਕੀ ਜਿਹੀ ਜੁਗੁਤ ਨਾਲ ਗੁਰਮੁੱਖੀ, 'ਜਿਹਾ ਬੋਲੋ, ਤਿਹਾ ਲਿਖੋ' ਦੇ ਸੁਨਹਿਰੀ ਅਸੂਲ ਉਤੇ ਪੂਰੀ ਉਤਰਨ ਵਾਲੀ ਵਧੀਆ ਤੇ ਸੌਖੀ ਲਿਪੀ ਬਣ ਸਕਦੀ ਹੈ।

ਚੌਥਾ ਅਭਿਆਸ

ਨੋਟ : ਹੇਠ ਲਿਖੇ ਸਵਾਲਾਂ ਦੇ ਉੱਤਰ ਦੇਣੇ ਹਨ। ਪਹਿਲੇ ਸਵਾਲ ਵਿਚ ਕੇਵਲ ਠੀਕ ਸਵਾਲ ਉਤੇ (✓) ਦਾ ਨਿਸ਼ਾਨ ਲਾਉਣਾ ਹੈ। ਦੂਜੇ ਤੇ ਤੀਜੇ ਸਵਾਲ ਦਾ ਸੰਖੇਪ ਵਿਚ ਉੱਤਰ ਦੇਣਾ ਹੈ। ਉੱਤਰ ਖਾਲੀ ਛੱਡੀਆਂ ਥਾਵਾਂ ਉਤੇ ਦੇਣੇ ਹਨ। ਜਵਾਬ ਅਖ਼ੀਰ ਵਿਚ ਦਿੱਤੇ ਹੋਏ ਹਨ। ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਗੁਰਮੁੱਖੀ ਲਿਪੀ ਕਦੋਂ ਬਣੀ :
   (ੳ) ਅਸ਼ੋਕ ਵੇਲੇ (ਅ) ਬਾਰ੍ਹਵੀਂ ਸਦੀ ਵਿਚ
   (ੲ) ਸੋਲ੍ਹਵੀ ਸਦੀ ਵਿਚ ਜਾਂ ਕਿਸੇ ਹੋਰ ਸਦੀ ਵਿਚ?

2 ਪੁਰਾਣੀ ਗੁਰਮੁੱਖੀ ਦੇ ਵਿਸ਼ੇਸ਼ ਲੱਛਣਾਂ ਬਾਰੇ ਕੁੱਝ ਦੱਸੋ।

   ---

3 ਨਵੀਂ ਗੁਰਮੁੱਖੀ ਪੁਰਾਣੀ ਗੁਰਮੁੱਖੀ ਤੋਂ ਕਿਨ੍ਹਾਂ ਗੱਲਾਂ ਵਿਚ ਭਿੰਨ ਹੈ?

5.12 ਸਾਰ

ਗੁਰਮੁੱਖੀ ਦੇ ਅੱਖਰ ਤੇ ਗੁਰਮੁੱਖੀ ਦੀ ਲਿਪੀ ਇਕ ਨਿਰੰਤਰ ਵਿਕਾਸ ਦਾ ਨਤੀਜਾ ਹਨ। ਇਸ ਵਿਕਾਸ ਦਾ ਆਰੰਭ, ਜੇ ਪਹਿਲਾਂ ਨਹੀਂ ਤਾਂ ਅਸ਼ੋਕ ਦੇ ਵੇਲੇ ਤੋਂ ਜ਼ਰੂਰ ਸ਼ੁਰੂ ਹੋ ਚੁੱਕਾ ਸੀ, ਪਰ ਇਸ ਦੀ ਸੁਤੰਤਰ ਵਰਤੋਂ ਦੇ ਨਮੂਨੇ ਚੌਦਵੀਂ ਸਦੀ ਵਿਚ ਮਿਲਣ ਲਗ ਪੈਂਦੇ ਹਨ। ਗੁਰੂ ਨਾਨਕ (1469-1538) ਸਾਹਿਬ ਦੇ ਵੇਲੇ ਤੋਂ ਇਸ ਲਿਪੀ ਦੀ ਭਰਪੂਰ ਵਰਤੋਂ ਸ਼ੁਰੂ ਹੋ ਗਈ।

5.13 ਸਹਾਇਕ ਪੁਸਤਕ

ਜੀ.ਬੀ. ਸਿੰਘ : **ਗੁਰਮੁੱਖੀ ਲਿਪੀ ਦਾ ਜਨਮ ਤੇ ਵਿਕਾਸ**, ਪਬਲੀਕੇਸ਼ਨ ਵਿਭਾਗ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

5.14 ਅਭਿਆਸਾਂ ਦੇ ਉੱਤਰ

ਪਹਿਲਾ ਅਭਿਆਸ

1 ਬੋਲੀ ਆਵਾਜ਼ਾਂ ਦਾ ਸਮੂਹ ਹੁੰਦੀ ਹੈ। ਜਦ ਕਿ ਲਿਪੀ ਸਿੱਧੀਆਂ, ਟੇਢੀਆਂ ਜਾਂ ਗੋਲ ਲੀਕਾਂ ਨਾਲ ਬਣਦੀ ਹੈ। ਬੋਲੀ ਵਿਚ ਵੱਖ-ਵੱਖ ਅਵਾਜ਼ਾਂ ਨੂੰ ਜੋੜ ਕੇ ਅਰਥ ਦੇਣ ਵਾਲੀ ਬਣਾਇਆ ਜਾਂਦਾ ਹੈ, ਲਿਪੀ ਵਿਚ ਹਰ ਧੁਨੀ ਲਈ ਇਕ ਵੱਖਰੀ ਸ਼ਕਲ ਮਿਥੀ ਜਾਂਦੀ ਹੈ। ਬੋਲ ਨੂੰ ਬੋਲ ਦਿਓ ਤਾਂ ਉਹ ਮੁੱਕ ਜਾਂਦਾ ਹੈ ਪਰ ਲਿਪੀ ਵਿਚ ਲਿਖੀ ਲਿਖਤ ਲਿਖੇ ਜਾਣ ਦੇ ਪਿੱਛੋਂ ਵੀ ਜੀਉਂਦੀ ਰਹਿੰਦੀ ਹੈ। ਲਿਪੀ ਬੋਲੀ ਦੇ ਕਪੜਿਆਂ ਦੀ ਤਰ੍ਹਾਂ ਹੁੰਦੀ ਹੈ।

2 ਬ੍ਰਾਹਮੀ ਲਿਪੀ ਦੇ ਖ਼ਾਸ ਖ਼ਾਸ ਲੱਛਣ ਇਹ ਸਨ :
- ੳ) ਇਕ ਅਵਾਜ਼ ਲਈ ਇਕ ਅੱਖਰ ਨਿਸਚਿਤ ਸੀ।
- ਅ) ਇਕ ਅੱਖਰ ਦੀ ਇੱਕੋ ਅਵਾਜ਼ ਸੀ।
- ੲ) ਸੁਰਾਂ ਲਈ ਵੀ ਵੱਖ-ਵੱਖ ਚਿੰਨ੍ਹ ਤੇ ਅੱਖਰਾਂ ਨਾਲ ਜੋੜਨ ਲਈ ਸੁਰਾਂ ਦੇ ਸੰਖਿਪਤ ਰੂਪ ਬਣੇ ਹੋਏ ਸਨ। ਇਨ੍ਹਾਂ ਨੂੰ ਲਗਾਂ-ਮਾਤਰਾਵਾਂ ਕਿਹਾ ਜਾਂਦਾ ਹੈ।
- ਸ) ਅੱਖਰਾਂ ਦੀ ਤਰਤੀਬ ਧੁਨੀਆਂ ਦੇ ਉਪਜ-ਸਥਾਨਾਂ ਅਨੁਸਾਰ ਰੱਖੀ ਹੋਈ ਸੀ।

ਦੂਜਾ ਅਭਿਆਸ

ਬ੍ਰਾਹਮੀ ਅੱਖਰਾਂ ਦਿਆਂ ਸਿਰਾਂ ਉਤੇ ਕੋਈ ਰੇਖਾ ਨਹੀਂ ਸੀ ਹੁੰਦੀ। ਗੁਪਤ ਕਾਲ ਤਕ ਪਹੁੰਚਦਿਆਂ ਅੱਖਰਾਂ ਦਿਆਂ ਸਿਰਾਂ ਨੂੰ ਕੱਜਣ ਦੀ ਰੁਚੀ ਸਪਸ਼ਟ ਹੋ ਗਈ। ਉੱਪਰ ਵਲ ਉਠਦੀਆਂ ਬਾਹੀਆਂ ਨੂੰ ਬਰਾਬਰ ਕਰਨ ਦੀ ਰੁਚੀ ਵੀ ਸਪਸ਼ਟ ਦਿੱਸਣ ਲਗ ਪਈ। ਥੱਲੇ ਵਲ ਦੀ ਲੀਕ ਨੂੰ ਮਰੋੜੀ ਜਾਂ ਘੁੰਡੀ ਦੇਣ ਵਾਲੇ ਪਾਸੇ ਦੀ ਰੁਚੀ ਵੀ ਸਪਸ਼ਟ ਦਿੱਸਣ ਲਗ ਪਈ। ਇਨ੍ਹਾਂ ਸਾਰੀਆਂ ਰੁਚੀਆਂ ਦੀਆਂ ਮਿਸਾਲਾਂ ਵੀ ਦਿੱਤੀਆਂ ਜਾ ਸਕਦੀਆਂ ਹਨ।

ਤੀਜਾ ਅਭਿਆਸ

1 (ਏ) ਦੇ ਕੁਟਿਲ ਚਿੰਨ੍ਹ ' ' ਤੋਂ ਈੜੀ ਦਾ ਚਿੰਨ੍ਹ 'ੲ' ਬਣਿਆ ਹੈ।

(ਸ਼) ਦੇ ਕੁਟਿਲ ਚਿੰਨ੍ਹ 'ਸ' ਤੋਂ ਹੀ ਗੁਰਮੁਖੀ ਦਾ ਸੱਸਾ (ਸ) ਬਣਿਆ ਹੈ। (ਸ਼) ਦੇ ਕੁਟਿਲ ਚਿੰਨ੍ਹ 'ਖ' ਤੋਂ 'ਖ' ਦਾ ਵਿਕਾਸ ਹੋਇਆ ਹੈ।

2 ਅਖਰਾਂ ਦਿਆਂ ਰੂਪਾਂ ਵਿਚ ਅੱਗੇ ਦੱਸੇ ਕਾਰਨਾਂ ਕਰਕੇ ਤਬਦੀਲੀਆਂ ਆਉਂਦੀਆਂ ਰਹੀਆਂ ਹਨ :

3 ੳ) ਨਵਾਪਨ ਲਿਆਉਣ ਜਾਂ ਨਵਾਂ ਫੈਸ਼ਨ ਜਾਰੀ ਕਰਨ ਦੀ ਰੁਚੀ।
- ਅ) ਲਿਖਣ-ਸਾਮੱਗਰੀ ਵਿਚ ਫਰਕ ਪੈ ਜਾਣ ਨਾਲ।
- ੲ) ਖੇਚਲ ਤੋਂ ਬਚਣ ਜਾਂ ਸਮਾਂ ਬਚਾਉਣ ਦਾ ਜਤਨ।

3

ਸ਼ਾਰਦਾ	ਗੁਰਮੁੱਖੀ
	ਮ
	ਯ
	ਰ
	ਲ
	ਵ

ਚੌਥਾ ਅੱਭਿਆਸ

1 ਗੁਰਮੁੱਖੀ ਤੇਰ੍ਹਵੀਂ ਸਦੀ ਈਸਵੀ ਵਿਚ ਬਣਨੀ ਸ਼ੁਰੂ ਹੋ ਚੁੱਕੀ ਸੀ।

2 ੳ) ਪੁਰਾਣੀ ਗੁਰਮੁੱਖੀ ਦੀ ਵਰਨਮਾਲਾ 'ਓ' ਅੱਖਰ ਨਾਲ ਸ਼ੁਰੂ ਹੁੰਦੀ ਹੈ, 'ਅ' ਅੱਖਰ ਨਾਲ ਨਹੀਂ।

ਅ) 'ਓ' ਬੇਅਵਾਜ਼ ਹੋ ਗਿਆ। ਇਸ ਵਿਚ ਅਵਾਜ਼ ਪੈਦਾ ਕਰਨ ਲਈ ਇਸ ਨਾਲ ਔਂਕੜ, ਦੁਲੈਂਕੜ ਜਾਂ ਹੋੜੇ ਦੀ ਵਰਤੋਂ ਕੀਤੀ ਜਾਂਦੀ ਸੀ।

ੲ) 'ਏ' ਵੀ ਬੇਆਵਾਜ਼ ਹੋ ਗਈ। ਇਸ ਵਿਚ ਅਵਾਜ਼ ਪੈਦਾ ਕਰਨ ਲਈ ਸਿਹਾਰੀ, ਬਿਹਾਰੀ ਜਾਂ ਲਾਂ ਲਾਉਣੀ ਪੈਂਦੀ ਸੀ।

ਸ) ਕੇਵਲ ਹ, ਯ, ਰ ਤੇ ਵ ਹੀ ਸੰਯੁਕਤ ਰੂਪ ਵਿਚ ਵਰਤੇ ਜਾਂਦੇ ਸਨ। ਹੋਰ ਸੰਯੁਕਤਾਂ ਦੀ ਵਰਤੋਂ ਨਹੀਂ ਸੀ ਹੁੰਦੀ।

ਹ) ਸੰਯੁਕਤ ਧੁਨੀ ਨੂੰ ਦਰਸਾਉਣ ਲਈ ਗੁਰਮੁੱਖੀ ਵਿਚ ਸੁਰ-ਰਹਿਤ ਅੱਖਰ ਨੂੰ ਅੱਧਾ ਬਣਾਉਣ ਦੀ ਥਾਂ ਲਗਦੇ ਸਾਥਤ ਸਵਰ ਅੱਖਰ ਦੀ ਭੰਨ-ਤੋੜ ਕੀਤੀ ਜਾਂਦੀ ਹੈ।

3 ਪੁਰਾਣੀ ਗੁਰਮੁੱਖੀ ਦਾ ਨਵੀਂ ਗੁਰਮੁੱਖੀ ਨਾਲੋਂ ਇਕ ਫਰਕ ਇਹ ਹੈ ਕਿ 'ਅ', 'ੲ', 'ਹ', 'ਚ' ਤੇ 'ਲ' ਦੀਆਂ ਸ਼ਕਲਾਂ ਵਿਚ ਫਰਕ ਆ ਗਿਆ ਹੈ। ਦੂਜਾ ਫਰਕ ਅੱਧਕ ਨਾਲ ਦੁੱਤ ਪ੍ਰਗਟਾਉਣ ਦਾ ਹੈ। ਇਕ ਹੋਰ ਫਰਕ /ਸ/, /ਖ/, /ਗ/, /ਜ/, /ਫ/ ਦੇ ਥੱਲੇ ਬਿੰਦੀਆਂ ਲਾ ਕੇ /ਸ਼/, /ਖ਼/, /ਗ਼/, /ਜ਼/, /ਫ਼/ ਵਾਲੀਆਂ ਧੁਨੀਆਂ ਪ੍ਰਗਟਾਉਣ ਦੀ ਸਮੱਰਥਾ ਵਿਚ ਵਾਧਾ ਹੈ।